ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਸਤਿਜੁਗ

(ਸੂਬਾ ਸਾਹਿਬ ਸਿੰਘ ਸ਼ਤਾਬਦੀ ਅੰਕ)

ਜੇਠ ੨੦੩੬

ਜੂਨ ੧੯੭੯



ਅੰਗਰੇਜ਼ੀ ਰਾਜ ਦੀਆਂ ਸਖਤੀਆਂ ਸਹਾਰਦੇ ਹੋਏ ਆਪ ੨੮ ਜੇਠ ੧੯੩੬ (੧੦ ਜੂਨ ੧੮੭੯) ਨੂੰ ਹਜ਼ਾਰੀਬਾਗ ਜੇਲ ਵਿਚ ਸ਼ਹੀਦ ਹੋਏ । ਆਪ ਦੇ ਸ਼ਹੀਦੀ ਦਿਨ ਦੀ ਸੌ ਸਾਲਾ ਯਾਦ ਵਿਚ ਇਹ ਅੰਕ ਪਾਠਕਾਂ ਨੂੰ ਸਮਰਪਿਤ ਹੈ ।

ਸੰਪਾਦਕ—ਆਤਮਾ ਸਿੰਘ ਸਨਖਤ੍ਰਵੀ

ਪ੍ਰਕਾਸ਼ਕ—ਮੈਨੇਜਰ 'ਸਤਿਜੁਗ' ਸ੍ਰੀ ਜੀਵਨ ਨਗਰ (ਜ਼ਿਲਾ ਸਰਸਾ)

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਕਲਿਜੁਗ ਮੈ ਸਤਿਜੁਗ ਵਰਤਾਊਂ ॥
ਤਬ੍ਹੀ ਬਾਰੁਵਾਂ ਬਪ ਕਹਾਊਂ ॥

ਕਲਿਜੁਗ ਮੈ ਸਤਿਜੁਗ ਕਰ ਠਾਨੋ ॥
ਤਬ੍ਹੀ ਬਾਰਵਾਂ ਬਪ ਪਹਿਚਾਨੋ ॥

ਸਤਿਜੁਗ

ਦਾ

ਸੂਬਾ ਸਾਹਿਬ ਸਿੰਘ ਜੀ

ਸ਼ਤਾਬਦੀ-ਅੰਕ

ਸੰਪਾਦਿਕ-
ਆਤਮਾ ਸਿੰਘ ਸਨਖਤ੍ਰਵੀ

ਪ੍ਰਕਾਸ਼ਤ
ਮੈਨਜਰ ਸਤਿਜੁਗ

ਸ੍ਰੀ ਜੀਵਨ ਨਗਰ
(ਜਿਲਾ ਸਿਰਸਾ)

ਸ ਮ ਰ ਪ ਨ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਉਸ ਵਕਤ ਦੇ ਇਤਹਾਸਕਾਰ ਸ੍ਰੀ ਮਾਨ ਸੰਤ ਸੰਤੋਖ ਸਿੰਘ ਜੀ (ਜਿਨਾਂ ਸ੍ਰੀ ਭੈਣੀ ਸਾਹਿਬ ਗੋਹੇ ਕੂੜੇ ਦੀ ਸੇਵਾ ਕਰਦਿਆਂ ਅਠ ਸੌ ਪੰਨੇ ਦੇ ਕ਼ਰੀਬ ਵਾਰਤਿਕ ਸਤਿਗੁਰੂ ਬਿਲਾਸ ਲਿਖਕੇ ਨਾਮਧਾਰੀ ਪੰਥ ਨੂੰ ਉਹ ਦੇਣਦਿਤੀ, ਜਿਸ ਵਿਚੋਂ ਹਰ ਸਮੇ ਨਾਮਧਾਰੀ ਸਾਹਿਤ ਕਾਰਾਂ ਨੂੰ ਇਤਹਾਸਿਕ ਸਮਗ੍ਰੀ ਮਿਲਦੀ ਰਹੀ, ਤੇ ਹਮੇਸ਼ਾਂ ਮਿਲਦੀ ਰਹੇਗੀ) ਨੂੰ ਪੂਰਨ ਸਦ ਭਾਵਨਾ

ਅਤੇ ਸਤਿਕਾਰ ਸਹਿਤ

ਸਮੱਰਪਤ

ਅ. ਸ.

ਸ੍ਰੀ ਗੁਰੂ ਦੇਵ-ਬੰਦਨਾ

ਛਪਜ:—

ਸ੍ਰੀ ਗੁਰੂ ਨਾਨਕ ਪ੍ਰਥਮ, ਦੁਤੀਯ ਗੁਰੂ ਅੰਗਦ ਸ੍ਵਾਮੀ।
ਅਮਰਦਾਸ, ਸ੍ਰੀ ਰਾਮਦਾਸ, ਗੁਰੂ ਜੋ ਅੰਤਰਜਾਮੀ।
ਅਰਜਨ, ਹਰਿ ਗੋਬਿੰਦ, ਗੁਰੂ ਹਰਿ ਰਾਇ, ਧਿਆਈਐ।
ਅਸ਼ਟਮ ਸ੍ਰੀ ਹਰਿਕ੍ਰਿਸ਼ਨ,ਬਾਲ ਗੁਰੂ ਸਦਾ ਮਨਾਈਐ।੧।
ਤੇਗ ਬਹਾਦਰ,ਗੁਰ ਗੋਬਿੰਦ, ਯਾਰਵੇਂ ਸਤਿਗੁਰੂ ਬਾਲਿਕ।
ਰਾਮ, ਹਰੀ, ਪ੍ਰਤਾਪ, ਗੁਰੂ ਜਗਜੀਤ, ਜੀ ਮਾਲਿਕ।
ਧਰ ਪਰ ਧਰ ਕਰ ਸੀਸ 'ਆਤਮਾ' ਸਭ ਕੋ ਬੰਦਿ:॥
ਬਿਨੈ ਕਰੈ ਕਰ ਜੋੜ ਕਟੇ ਅਘ ਸਾਰੇ ਖੰਡਿਤ।੨

ਸਨਖਤ੍ਰਵੀ

ਕੁਝ ਆਪਣੇ ਵਲੋਂ

ਜੇਠ ਸੰਮਤ ੨੦੩੬ ਵਿਚ ਸਤਿਜੁਗ ਅਖਬਾਰ ਦੀ ਸੰਪਾਦਿਕੀ ਕਰਦਿਆਂ ਮੈਨੂੰ ਤਕ੍ਰੀਬਨ ਗਿਆਰਾਂ ਸਾਲ ਹੋ ਗਏ ਹਨ। ਬੀਤੇ ਸਮੇ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮੇਰੇ ਵਰਗੇ ਅਨਜਾਨ ਤੇ ਸਾਧਾਰਨ ਆਦਮੀ ਕੋਲੋਂ ਅਜਿਹਾ ਜੁਮੇਵਾਰੀ ਦਾ ਕਾਰਜ ਕ੍ਰਮ ਕਿਵੇਂ ਕਰਵਾਉਂਦੇ, ਜਾ ਕਰਵਾ ਰਹੇ ਹਨ, (ਹੋਰ ਕਿਸੇ ਦਾ ਤਾਂ ਮੈਨੂੰ ਪਤਾ ਨਹੀ) ਪਰ ਮੈਂ ਆਪ ਤਾਂ ਜ਼ਰੂਰ ਹੈਰਾਨ ਹੁੰਦਾ ਹਾਂ, ਕਿ ਮੈਂ ਇਕ ਬਿਲਕੁਲ ਸਾਧਾਰਨ ਤੇ ਅਲਪ ਬੁਧੀ ਰਖਨ ਵਾਲਾ ਅਨਜਾਣ ਆਦਮੀ ਇਤਨੀ ਵਡੀ ਜੁਮੇਵਾਰੀ ਵਾਲੇ ਸੰਪਾਦਿਕੀ ਦੇ ਕੰਮ ਨੂੰ ਕਿਸਤਰਾਂ ਨਿਬਾਹੁੰਦਾ ਆ ਰਹਿਆਂ ਹਾਂ।

ਪਰ ਸਤਿਗੁਰੂ ਦੀ ਰਹਿਮਤ ਦਾ ਸਦਕਾ ਅਜ ਤਕ ਇਹ ਕੰਮ ਕਰਦਿਆਂ ਜੋ ਸਮਾਂ ਬੀਤਿਆ ਹੈ। ਉਸਨੇ ਲਿਖਣ ਦੇ ਸਬੰਧ ਵਿਚ ਮੈਨੂੰ ਨਿਰਾਸ ਨਹੀ ਹੋਣ ਦਿਤਾ ਤੇ ਸਗੋਂ ਸ੍ਰੀ ਸਤਿਗੁਰੂ ਜੀਦੀ ਦਇਆ—ਲਤਾ ਅਰ ਪੂਜਜ ਸ੍ਰੀ ਮਹਾਰਾਜ ਬੀਰ ਸਿੰਘ ਜੀ ਦੀ ਸਾਹਿੱਤਕ ਦੇਣ ਨੇ ਮੇਰੇ ਹੌਸਲੇ ਨੂੰ ਵਧੇਰਾ ਬਲ ਬਖਸ਼ਿਆ ਹੈ। ਅਗਲੇ ਸਮੇ ਦੀ ਬਾਬਤ ਸ੍ਰੀ ਸਤਿਗੁਰੂ ਜੀ ਹੀ ਜਾਨਣ:—

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ
ਖਿਲਾਵਣ ਹਾਰੋ ਜਾਨੈ।

ਪੰਜਾਬੀ ਸਪਤਾਹਿਕ ਪਤ੍ਰਾਂ ਵਿਚ ਸਤਿਜੁਗ ਦੇ ਤਕ੍ਰੀਬਨ ਪ੫ ਸਾਲਾਂ ਤੋਂ ਸਮੇ ਸਮੇ ਪ੍ਰਕਾਸ਼ਤ ਹੋਏ ਵਿਸ਼ੇਸ਼ ਅੰਕਾਂ ਦੀ ਇਕ ਨਵੇਕਲੀ ਥਾਂ ਹੈ। ਇਨਾਂ ਅੰਕਾਂ ਨੂੰ ਸਮੇ ਸਮੇ ਜਿਵੇਂ ਸਭ ਸੰਪਾਦਿਕਾਂ ਨੂੰ ਆਮ ਸਾਹਿਤਕਾਰਾਂ ਵਲੋਂ ਸਹਿਯੋਗ ਅਤੇ ਸਨਮਾਨ ਮਿਲਦਾ ਰਿਹਾ ਹੈ, ਉਹ ਅਕਥਨੀਯ ਹੈ। ਪੁਰਾਤਨ ਰਿਵਾਇਤ ਅਨੁਸਾਰ ਮੇਰੀ ਮੌਜੂਦਗੀ ਵਿਚ ਵੀ ਜੋ ਅਧੀ ਦ੍ਰਜਨ ਦੇ ਕ੍ਰੀਬ ਸਤਿਜੁਗ ਦੇ ਵਿਸ਼ੇਸ਼ ਅੰਕ ਸਮੇ ਸਮੇ ਨਿਕਲਦੇ ਰਹੇ, ਉਨਾਂ ਦੀ ਸ਼ੁਹਰਤ ਨੇ ਵੀ ਪੁਰਾਤਨ ਰਿਵਾਇਤ ਵਿਚ ਕੋਈ ਖਾਸ ਫਰਕ ਨਹੀ ਆਉਣ ਦਿਤਾ। ਪਰ ਇਹ ਸਾਰਾ ਕੁਝ ਸ੍ਰੀ ਸਤਿਗੁਰੂ ਜੀ ਸ੍ਰੀ ਮਹਾਰਾਜ ਜੀ ਤੇ ਨਾਮਧਾਰੀ ਸਾਹਿਤਕਾਰਾਂ ਦੇ ਸਹਿਯੋਗ ਨਾਲ ਹੀ ਹੁੰਦਾ ਚਲਿਆ ਆ ਰਿਹਾ ਹੈ।

ਜਿਥੇ ਕਈ ਸੰਪਾਦਿਕ ਅਪਣੀਆਂ ਪ੍ਰਕਾਂਸਨਾਂ ਦੀ ਸੁਧਾਈ-ਸਫਾਈ ਤੇ ਚੰਗੀ ਛਪਵਾਈ ਤੇ ਪਰੂਫਰੀਡਿੰਗ ਦਾ ਬੜਾ ਫਖਰ ਕਰਦੇ ਹਨ, ਉਥੇ ਮੇਰੇ ਉਪ੍ਰੋਕਤ ਕੰਮਾਂ ਵਿਚ ਹੋ ਸਕਦਾ ਹੈ ਕਿ ਬਹੁਤ ਸਾਰੀਆਂ ਤ੍ਰੁਟੀਆਂ ਹੋਣ, ਜਿਨਾਂ ਦੀ ਮੈਂ ਸਭ ਵਿਦਵਾਨ ਲਿਖਾਰੀਆਂ ਤੋਂ ਖਿਮਾਂ ਚਾਹਾਂਗਾ।

ਆਤਮਾ ਸਿੰਘ ਸਨਖਤ੍ਰਵੀ
ਸੰਪਾਦਿਕ—ਸਤਿਜੁਗ
ਸ੍ਰੀ ਜੀਵਨ ਨਗਰ

ਕਿਥੋਂ ਕੀ ਪੜੋ ?

ਜਰੂਰੀ ਸੋਧ

ਇਸ ਅੰਕ ਦੇ ਪੰਨੇ ੨੪ ਉਤੇ ਸੰਤ ਸੰਤੋਖ ਸਿੰਘ ਜੀ ਦੀ ਲਿਖਤ ਅਨੁਸਾਰ ਜਦੋਂ ਬਾਬੇ ਜਵਾਹਰ ਸਿੰਘ ਜੀ ਨੇ ਅਰਜ ਕੀਤੀ ਜੀ ਸਚੇ ਪਾਤਸ਼ਾਹ ਜੀ ਕੋਈ ਚਮਤਕਾਰਾ ਵੀ ਨ ਵਿਖਾਇਆ ਫਰੰਗੀਆਂ ਨੂੰ, ਅਤੇ ਸਚੇ ਪਾਤਸ਼ਾਹ ਜੀ ਨੇ ਅਠਵੇਂ ਦਿਨ ਨੂੰ ਸਭ ਨੂੰ ਵੱਖ ਵੱਖ ਕਰਨ ਦਾ ਜੋ ਭਵਿਖਤ ਬਚਨ ਕੀਤਾ, ਇਹ ਪਰਾਗ ਦੇ ਕਿਲੇ ਵਿਚ ਰਹਿੰਦੀਆਂ ਪੌਣੇ ਦੋ ਮਹੀਨਿਆਂ ਤੋਂ ਬਾਦ ਕੀਤਾ ਸੀ, ਤੇ ੮ ਦਿਨਾਂ ਬਾਦ ਸਚੇ ਪਾਤਸ਼ਾਹ ਜੀ ਨੂੰ ਤੇ ਸੂਬਿਆਂ ਨੂੰ ਸਤਿਗੁਰੂ ਜੀ ਦੇ ਭਵਿਖਤ ਵਾਕ ਅਨੁਸਾਰ ਵੱਖ ਵੱਖ ਕਰ ਦਿਤਾ ਗਿਆ। (ਯਾਦ ਰਹੇ ਕਿ ਪਰਾਗ ਦੇ ਕਿਲੇ ਵਿਚ ਸਭ ਨੂੰ ੨ ਮਹੀਨੇ ਤੱਕ ਨਜ਼ਰਬੰਦ ਰਖਿਆ ਗਿਆ ਸੀ)

ਕੀਮਤ ੫) ਰੁਪੈ

ਗੁਰਦਿਆਲ ਸਿੰਘ ਪ੍ਰਿੰਟਰ ਤੇ ਪਬਲਿਸਰ ਦੇ ਪ੍ਰਬੰਧ ਨਾਲ ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਜੀਵਨ ਨਗਰ ਸਿਰਸਾ ਵਿਚ ਛਪਿਆ ਤੇ ਦਫਤਰ ਸਤਿਜੁਗ ਸ੍ਰੀ ਜੀਵਨ ਨਗਰ (ਸਿਰਸਾ) ਵਿਚੋਂ ਪ੍ਰਕਾਸ਼ਤ ਹੋਇਆ (ਨਾਮਧਾਰੀ ਪੰਥ ਵਾਸਤੇ) ਐਡੀਟਰ ਗੁਰਦਿਆਲ ਸਿੰਘ

ਸਤਿਜੁਗ

ਜਿਲਦ ੫੪ ਨੰਬਰ ੧੮-੧੯

੨੫ ਜੇਠ ੨੦੩੬ (੭ ਜੂਨ ੧੯੭੯) ਵੀਰਵਾਰ ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੬੪

ਗੁਰ ਸਿਖੀ ਜੀਵਨ

ਗੁਰ ਸਿਖੀ ਬਾਰੀਕ ਹੈ [੧]ਸਿਲ ਚਟਣ ਫਿਕੀ ॥
ਤਿਖੀ ਖੰਡੇ ਧਾਰ ਹੈ ਉਹ ਵਾਲਹੁੰ ਨਿਕੀ ॥
ਭੂਤ [੨]ਭਵਿਖ [੩]ਨ ਵਰਤਮਾਨ [੪] ਸਰਿ [੫-੬]ਮਿਕਣਿ ਮਿਕੀ ॥
ਦੂਤੀਆ [੭]ਨਾਸਤਿ ਏਤੁ ਘਰਿ ਹੋਇ [੮]ਇਕਾ ਇਕੀ ॥
ਦੂਆ ਤੀਆ ਵਿਸਰੈ ਸਣ [੯]ਕਕਾ ਕਿਕੀ ॥
ਸਭੈ ਸਿਕਾਂ [੧੦]ਪਰਹਰੈ ਸੁਖੁ ਇਕਤੁ ਸਿਕੀ ॥੨॥

(ਭਾਈ ਗੁਰਦਾਸ ਦੀ ਵਾਰ ੯)

---

੧ ਅਲੂਣੀ ਸਿਲ, ੨ ਬੀਤ ਗਿਆ, ੩ ਆਉਣ ਵਾਲਾ ਸਮਾ, ੪ ਵਰਤ ਰਿਹਾ ਸਮਾਂ, ੫ ਬਰਾਬਰ, ੬ ਮਿਣੀਏ ਤੇ ਮਿਣਿਆ ਨਹੀ ਜਾਂਦਾ, ੭ ਦਵੈਤ ਭਾਵ, ੮ ਸਤਿਗੁਰੂ ਨਾਲ ਅਭੇਦ ਹੋਣਾ, ੯ ਕਦ ਤੇ ਕਾਹਨੂੰ ਆਖਣ ਤੋਂ ਬਗੈਰ ਆਗਿਆ ਦਾ ਪਾਲਣ ਕਰਨਾ। ੧੦ ਸਾਰੀਆਂ ਆਸਾਂ ਛਡਣੀਆਂ।



ਸੋਈ ਨੇਤ ਫੁਰੀ ਆਇ ਸੰਮਤ ਬਹੱਤਰੇ ਮੇਂ, ਮਾਘ, ਸੁਦੀ ਪੰਚਮੀ, ਸਵੇਰੇ, ਗੁਰਵਾਰ ਕੈ,
ਜਿਲੇ ਲੁਧਿਆਣੇ, ਗਾਮ ਭੈਣੀ, ਨਾਮ ਜਾਣੇ ਆਮ, ਅਵਤਰੇ ਸਿੰਘ ਰਾਮ ਕਲਮਲੇਂ ਟਾਰ ਕੈ,

ਚਿਤ੍ਰ: (ਸਮਕਾਲੀ ਚਿਤ੍ਰਕਾਰ ਵਜ਼ੀਰ ਅਲੀ ਲੁਧਿਆਨਾ।)

ਪੰਥ ਪ੍ਰਕਾਸ਼. ਗਿਆਨੀ ਗਿਆਨ ਸਿੰਘ

"ਜੋ ਗੁਰ ਕੈ ਭਾਣੈ ਗੁਰ ਸਿਖ ਚਲਿਆ'

ਸੂਬਾ ਸਾਹਿਬ ਸਿੰਘ ਜੀ ਦੀ ਪਹਿਲੀ ਸ਼ਤਾਬਦੀ ਨੂੰ

ਹਾਰਦਿਕ–ਸ਼ਰਧਾਂਜਲੀ

ਪਾਵਨ ਗੁਰੂਬਾਣੀ ਵਿਚ ਜਿਥੇ ਵਿਅਤੀਗਤ ਸਤਿਗੁਰੂ ਦੀ ਸਿਫਤ ਸਲਾਹ ਅਤੇ ਉਸਨੂੰ ਧੰਨੁ ਧੰਨੁ ਆਖਣਿ ਸਬੰਧੀ ਇਹ ਗੁਰੂ ਵਾਕ ਅੰਕਿਤ ਹਨਕਿ-

"ਧਨੁ ਧਨੁ ਹਰਿ ਭਗਤਿ ਸਤਿਗੁਰੂ ਹਮਾਰਾ
ਜਿਤੁ ਮਿਲਿਐ ਹਮਕਉ ਸਾਂਤ ਆਈ।
ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ
ਜਿਤੁ ਮਿਲਿਐ ਹਮ ਹਰਿ ਭਗਤਿ ਪਾਈ।
ਧਨੁ ਧਨੁ ਹਰਿ ਭਗਤ ਸਤਿਗੁਰੂ ਹਮਾਰਾ
ਜਿਸਕੀ ਸੇਵਾ ਤੇ ਹਮਹਰਿ ਨਾਮਿ ਲਿਵਲਾਈ
ਧਨੁ ਧਨੁ ਗਿਆਨੀ ਸਤਿਗੁਰੂ ਹਮਾਰਾ
ਜਿਨਿ ਵੈਰੀ ਮਿਤ੍ਰ ਹਮਕਉਸਮਦ੍ਰਿਸਟਦਿਖਾਈ
ਧਨੁ ਧਨੁ ਸਤਿਗੁਰੂ ਮਿਤ੍ਰ ਹਮਾਰਾ
ਜਿਨਿ ਹਰਿਨਾਮਸਿਉ ਹਮਾਰੀਪ੍ਰੀਤਿਬਣਾਈ'।
ਰਾਗ ਵਡਹੰਸ ਪਉੜੀ ਮ: ੩ (੫੯੪)

ਉਥੇ ਨਾਲ ਹੀ ਕਿਸੇ ਅਜਿਹੇ ਗੁਰ ਸਿਖ ਨੂੰ ਵੀ ਧੰਨਤਾ ਦੇ ਯੋਗ ਦਸਿਆ ਹੋਇਆ ਹੈ, ਜਿਸਦੇ ਵਿਚ ਹੇਠ ਲਿਖੇ ਗੁਣ ਹੋਣ, ਜਿਹਾ ਕਿ:–

ਧਨੁ ਧਨੁ ਸੋ ਗੁਰ ਸਿਖੁ ਕਹੀਐ
ਜੋ ਸਤਿਗੁਰ ਚਰਣੀ ਜਾਇ ਪਇਆ।
ਧੰਨੁ ਧੰਨੁ ਸੋ ਗੁਰ ਸਿਖੁ ਕਹੀਐ
ਜਿਸੁ ਹਰਿ ਨਾਮਾ ਮੁਖਿ ਰਾਮੁ ਕਹਿਆ।
ਧੰਨੁ ਧੰਨੁ ਸੋ ਗੁਰ ਸਿਖੁ ਕਹੀਐ
ਜਿਸੁ ਹਰਿ ਨਾਮਿ ਸੁਣਿਐ ਮਨਿ ਆਨਦੁਭਇਆ
ਧੰਨੁ ਧੰਨੁ ਸੋ ਗੁਰ ਸਿਖੁ ਕਹੀਐ
ਜਿਨਿ ਸਤਿਗੁਰ ਸੇਵਾ ਕਰ ਹਰਿ ਨਾਮਲਇਆ।
ਤਿਸੁ ਗੁਰ ਸਿਖ ਕਉ ਹਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰ ਸਿਖੁ ਚਲਿਆ।
(ਰਾਗ ਵਡਹੰਸ ਦੀ ਵਾਰ ਪਉੜੀ ਮ: ੩)

ਉਪ੍ਰੋਕਤ ਧੰਨਤਾ ਯੋਗ ਸਤਿਗੁਰੂ ਤੇ ਉਨਾਂ ਦੇ ਧੰਨਤਾ ਯੋਗ ਸਿਖ ਭਾਂਵੇ ਸ੍ਰਿਸਟੀ ਦੇ ਆਦਿ ਕਾਲ ਤੋਂ ਹੀ ਚਲੇ ਆ ਰਹੇ ਹਨ ਅਤੇ ਪ੍ਰਲੈ ਕਾਲ ਤਕਹੁੰਦੇ ਰਹਿਣਗੇ। ਪਰ ਅਜ ਮੇਰੇ ਸਾਹਮਣੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਬਾਰ੍ਹਵੇਂ ਉਤ੍ਰਾਧਿਕਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਵਰੋਸਾਏ ਹੋਏ ਇਕ ਅਜਿਹੇ ਗੁਰ ਸਿਖ ਦਾ ਇਤਹਾਸ ਮੂਰਤੀਮਾਨ ਹੋ ਰਿਹਾ ਹੈ, ਜਿਸਦੇ ਗੁਣ ਸੁਭਾਵ ਸੌ ਪ੍ਰਤੀਸਤ ਉਨਾਂ ਮਹਾਂਵਾਕਾਂ ਦੀ ਕਸਵਟੀ ਉਤੇ ਪੂਰੇ ਉਤਰਦੇ ਹਨ ਜਿਨਾਂ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ

ਸਿਖਾਂ ਨੂੰ ਧੰਨਤਾ ਦੇ ਉਪ੍ਰੋਕਤ ਸ਼ਬਦਾਂ ਨਾਲ ਸਨਮਾਨਿਆ ਹੋਇਆ ਹੈ।

ਅਰਥਾਤ— ਜੋ ਸਿਖ ਸਮਾਧੀ ਦੀ ਦਸ਼ਾ ਦੁਆਰਾ ਸਮੇ ਦੇ ਮਾਲਿਕ ਵਿਅਕਤੀਗਤਿ ਸਤਿਗੁਰਾਂ ਦੇ ਦਰਸ਼ਨਾਂ ਤੋਂ ਪ੍ਰਭਾਵਿਤ ਹੋਕੇ (ਉਦਾਸੀ ਭੇਖ ਵਿਚ 'ਸੁਤੇ ਪ੍ਰਕਾਸ਼'ਨਾਮ ਵਿਚ)ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਆਇਆ। ਅਰ ਜਿਸਨੇ ਆਪਣੀ ਹਡ ਬੀਤੀ ਵਿਥਿਆ ਦਸਕੇ ਸ੍ਰੀ ਸਤਿਗੁਰੂ ਜੀ ਤੋਂ ਗੁਰੂ ਮੰਤ੍ਰ (ਹਰਿਨਾਮ) ਲੈਣਲਈ ਜੋਦੜੀ ਕੀਤੀ, ਅਰ ਜਿਸਦੀ ਬੇਨਤੀ ਨੂੰ ਪ੍ਰਵਾਨਕਰਕੇ ਸਤਿਗੁਰੂ ਜੀ ਨੇ ਨਾਮ (ਗੁਰਮੰਤ੍ਰ)ਕੰਨ ਵਿਚ ਦਸਨ ਦੀ ਕ੍ਰਿਪਾਲਤਾ ਕੀਤੀ।

ਅਰ ਫਿਰ ਜਿਸ ਗੁਰਸਿਖ ਦੇ ਮਨ ਵਿਚ ਗੁਰ-ਮੰਤ੍ਰ ਸ੍ਰਵਣ ਕਰਕੇ ਪੂਰਨ ਅਨੰਦ ਦਾ ਹੁਲਾਸ ਹੋਇਆ।

ਸਗੋਂ ਸਤਿਗੁਰੂ ਜੀ ਤੋਂ ਨਾਮ ਦੀ ਪ੍ਰਾਪਤੀ ਤੇ ਉਸਦੇ ਪੂਰਨ ਅਨੰਦ ਆਉਣ ਤੋਂ ਬਾਦ ਜੋ ਗੁਰਸਿਖ ਜਿੰਦਗੀ ਭਰ ਲਈ ਗੁਰੂ ਕੀ ਹਜ਼ੂਰੀ ਵਿਚ ਰਹਿਕੇ ਨਾਮ ਜਪਦਾ ਤੇ ਟਹਿਲ ਕਰਦਾ ਰਹਿਆ।

ਸਗੋਂ ਜਿਸ ਗੁਰੂ ਕੇ ਸਿਖ ਨੂੰ (ਉਪ੍ਰੋਕਤ ਗੁਣਾਂ ਦੇ ਕਾਰਨ) ਸ੍ਰੀ ਗੁਰੂ ਅਮਰਦਾਸ ਜੀ ਦੇ ਸਬਦਾਂਵਿਚ ਸਦਾ ਨਮਸ਼ਕਾਰ ਕਰਨੀ ਚਾਹੀਦੀ ਹੈ, ਜਿਹੜਾ ਸਿਖ (ਗੁਰੂ ਕੀ ਸਰਨ ਗ੍ਰਹਿਣ ਕਰਨ ਉਪ੍ਰੰਤ)ਤਾ ਜਿੰਦਗੀ ਗੁਰੂ ਕੇ ਹੁਕਮ(ਭਾਣੇ)ਵਿਚ ਰਹਿ ਕੇ ਅਪਣਾ ਜੀਵਨ ਕਾਲ ਵਿਤੀਤ ਕਰਦਾ ਰਿਹਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਚੇ ਪਾਤਸ਼ਾਹ ਜੀ ਦੀ ਚਰਨ ਛੋਹ ਨਾਲ ਉਪ੍ਰੋਕਤ ਗੁਣਾਂ ਵਾਲੇਅਨ-ਗਿਣਤ ਨਾਮਧਾਰੀ ਸਿੰਘ ਸੰਤ ਖਾਲਸੇ ਦੇ ਰੂਪ ਵਿਚ ਹੋਏ ਇਤਿਹਾਸ ਦੇ ਪੰਨਿਆਂ ਤੋਂ ਪੜੇ ਤੇ ਪ੍ਰਤਖ ਰੂਪ ਵਿਚ ਵੇਖੇ ਜਾਂਦੇ ਰਹੇ। ਪਰ ਜਿਸ ਧਨਤਾ ਤੇ ਨਮ-ਸਕਾਰ ਕਰਨ ਯੋਗ ਗੁਰ ਸਿਖ ਦਾ ਮੈ ਅਜ ਵਰਨਨ ਕਰ ਰਿਹਾ ਹਾਂ, ਉਸਦਾ ਨਾਮ ਨਾਮਧਾਰੀ ਇਤਿਹਾਸ ਵਿਚ 'ਸੂਬਾ ਸਾਹਿਬ ਸਿੰਘ' ਲਿਖਿਆ ਹੋਇਆ ਹੈ। ਇਨਾਂਦਾ ਜਨਮਨਗਰ ਤਰਨਤਾਰਨ ਦੇਨਜਦੀਕਪਿੰਡ ਬੰਗਾਲੀ ਪੁਰ ਵਿਖੇ ਮਿਸਤ੍ਰੀ ਨਿਹਾਲ ਸਿੰਘ (ਉਰਫ ਦਿਆਲ ਸਿੰਘ) ਦੇ ਘਰ ਅਜ ਤੋਂ ਤਕ੍ਰੀਬਨ ਪੌਣੇ ਦੋ ਸੌ ਸਾਲ ਪਹਿਲਾਂ ਹੋਇਆ ਸੀ।

ਸੂਬਾ ਸਾਹਿਬ ਸਿੰਘ ਜੀ ਅਪਨੇ ਜੀਵਨ ਕਾਲ ਦੇ ਅਰੰਭ ਤੋਂ ਨਾਂਗੇ ਤੇ ਉਦਾਸੀ ਸਾਧਾਂ ਦੀ ਸੰਗਤ ਵਿਚ ੨੩-੨੪ ਸਾਲ ਰਹਿਕੇ ਕਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਆਏ, ਅਰ ਕਿਵੇਂ ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿਚ ਰਹਿਕੇ ਅਠੇ ਪਹਿਰ ਗੁਰੂ ਹੁਕਮਾਂ ਦੀ ਪਾਲਣਾ ਕਰਨ ਦੇ ਫਲ ਸਰੂਪ ਪੰਥਕ ਪ੍ਰੋਗ੍ਰਾਮ ਦੀ ਪ੍ਰਗਤੀ ਵਾਸਤੇ ਸ੍ਰੋਮਣੀ ਸੂਬੇ ਨਿਯੁਕਤ ਹੋਏ।

ਅਤੇ ਹਜ਼ੂਰੀ ਵਿਚ ਰਹਿਣ ਸਮੇ ਕਿਵੇਂ ਚੀਨੀ ਵਾਲੇ ਪਾਤਸ਼ਾਹ ਜੀ ਦੇ ਵਿਸ਼ਵਾਸ਼ ਪਾਤਰ ਬਣੇ ਰਹੇ, ਤੇ ਕਿਵੇਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਿਪਾਲ ਆਦਿਕ ਵਿਦੇਸ਼ਾਂ ਦੇ ਹੁਕਮਰਾਨਾਂ ਪਾਸ ਸਫੀਰਬਣਕੇ ਗਏ ਤੇ ਸਾਰੇ ਨਾਮਧਾਰੀ ਪੰਥ ਦੇ ਡਾਕ ਵਿਭਾਗ ਨੂੰ ਪੂਰੀ ਯੋਗਤਾ ਨਾਲ ਕਿਵੇਂ ਆਪਨੇ ਚਲਾਇਆ।

ਫਿਰਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ(ਜਿਵੇਂ ਦੌਰੇ ਸਮੇ ਘੋੜੀਆਂ ਤੇ ਅਸਵਾਰ ਹੁੰਦੇ, ਤਿਵੇਂ) ਸ੍ਰੀ ਭੈਣੀ ਸਾਹਿਬ ਤੋਂ ਪ੍ਰਦੇਸ਼ ਗਮਨ ਸਮੇ ਗਡੇ ਦੀਸਵਾਰੀ ਭੀ ਨਾਲ ਹੀ ਕਰਕੇ ਅਲਾਹ ਬਾਦ ਪਹੁੰਚ ਫਿਰ ਅਦਨ ਆਦਿਕ ਕਠਨ ਜੇਲਾਂ ਵਿਚ ਰਹਿਕੇ ਕਿਵੇਂ ਹਜਾਰੀ ਬਾਗ ਦੀ ਜੇਲ ਵਿਚ ਗੁਰ ਪੁਰੀ ਸਿਧਾਰ ਗਏ।

ਇਤਹਾਸਿਕ ਪਧਰ ਤੋਂ ਸੂਬਾ ਸਾਹਿਬ ਸਿੰਘ ਜੀ ਦਾ ਇਤਹਾਸ ਇਕ ਬਹੁਤ ਵਡੀ ਮਹਤਤਾ ਰਖਦਾ ਹੈ। ਪੰਥਕ ਪ੍ਰਚਾਰ ਵਾਸਤੇ ਸੂਬਾ ਜੀ ਦੇ ਹਾਲ ਬਹੁਤ ਰੌਚਿਕ ਤੇ ਪ੍ਰਭਾਵ ਸ਼ਾਲੀ ਹਨ। ਸੂਬਾ ਸਾਹਿਬਸਿੰਘ ਜੀ ਦਾ ਇਤਹਾਸ ਗੁਰਸਿਖੀ ਜੀਵਨ ਦੇ ਸਿਖਯਾ-ਰਥੀਆਂ ਵਾਸਤੇ ਇਕ ਅਮਿਟ ਚਾਨਣ ਮੁਨਾਰਾ ਹੈ। ਆਦਿ.........

ਉਪ੍ਰੋਕਤ ਕਿਸਮ ਦੀਆਂ ਸਾਰੀਆਂ ਗਲਾਂ ਨੂੰ ਧਿਆਨ ਵਿਚ ਰਖਦਿਆਂ ਸਮੇ ਦੇ ਮਾਲਿਕਪੰਥਕ ਪ੍ਰਗਤੀਆਂ ਦੇ ਮਹਾਂਰਥੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਨੇ ਸਾਹਿਤਯ ਭੰਡਾਰ ਵਿਚੋਂ ਕੁਝ ਸਮਗ੍ਰੀ ਬਖਸ਼ ਕੇ ਸਤਿਜੁਗ ਦ੍ਵਾਰਾ ਸੂਬਾ ਸਾਹਿਬ

ਸਿੰਘ ਅੰਕ ਪ੍ਰਕਾਸ਼ਤ ਕਰਨ ਦਾ ਇਸ ਸਮੇ ਹੁਕਮ ਦਿਤਾ, ਜਦੋਂ ਕਿ ਸਾਲ ਸੰਮਤ ੨੦੩੬ ਵਿਚ ਸੂਬਾ ਜੀ ਦੇ ਗੁਰਪੁਰੀ ਸਿਧਾਰਨ ਸਮੇ ਦੀ ਸ਼ਤਾਬਦੀ ਵੀ ਸਾਰੇ ਨਾਮਧਾਰੀ ਸੰਸਾਰ ਵਿਚ ਪੁਰਜੋਰ ਮਨਾਈ ਜਾ ਰਹੀ ਹੈ।

ਪੁਰਾਤਨ ਨਾਮਧਾਰੀ ਇਤਹਾਸਿਕ ਸਮਗ੍ਰੀਵੇਖਣ ਤੋਂ ਇਹ ਗਲ ਸੂਰਜ ਦੀ ਤਰਾਂ ਰੌਸ਼ਨ ਹੋ ਜਾਂਦੀ ਹੈ, ਕਿ ਜਿਸ ਵਕਤ ਪੰਜਾਬ ਤੇ ਸਿਖ ਸਮਾਜ ਵਿਚ ਗੁਰਸਿਖੀ ਅਸੂਲਾਂ ਅਤੇ ਦੇਸ਼ ਭਗਤੀ ਦੇ ਜਜਬਿਆਂ ਨੂੰ ਅੰਗਰੇਜੀ ਸਰਕਾਰ ਵਲੋਂ ਵਖ ਵਖ ਸਾਧਨਾਂ ਦੁਆਰਾ ਕੁਚਲਿਆ ਜਾ ਰਿਹਾ ਸੀ। ਉਸ ਵਕਤ ਕੇਵਲ ਤੇ ਕੇਵਲ ਸ੍ਰੀ ਗੁਰੂ ਨਾਨਕ ਜੀਦੀ ਬਾਰ੍ਹਵੀਜੋਤ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਇਸ ਮਧਮ ਹੋ ਰਹੀ ਗੁਰੂਮਤ ਜਯੋਤੀ ਨੂੰ ਗੁਰਸਿਖੀ ਮਾਰਗ ਵਿਚ ਰੌਸ਼ਨ ਕੀਤਾ ਸੀ। ਜਿਸਤੋਂ ਸਿਖ ਸਮਾਜ ਵਿਚ ਮੁੜ ਤੋਂ ਉਹ ਦ੍ਰਿਸ਼ਯ ਮੂਰਤੀ ਮਾਨ ਹੋਇਆ,ਜਿਸਦ੍ਰਿਸ਼ਯ ਦੇ ਅਨੁਸਾਰ ਪਾਵਨ ਗੁਰੂਬਾਣੀ ਦੁਆਰਾ ਉਸਵਿਅ-ਕਤੀ ਗਤ (ਦੇਹਧਾਰੀ) ਸਤਿਗੁਰੂ ਨੂੰ ਧੰਨੁ ਧੰਨੁ ਆਖਿਆ ਗਿਆ ਸੀ ਜਿਸਦੇ ਦਰਸਨ ਪਰਸਨ ਤੋਂ ਮਨ ਨੂੰ ਸ਼ਾਂਤੀ ਪ੍ਰਾਪਤ ਹੋਵੇ ਜਿਹਾ ਕਿ:-

ਧਨੁ ਧਨੁ ਹਰਿ ਭਗਤਿ ਸਤਿਗੁਰੂ ਹਮਾਰਾ
ਜਿਤ ਮਿਲਿਐ ਹਮ ਕਉ ਸਾਂਤਿ ਆਈ।

ਅਤੇ ਇਸਦੇ ਨਾਲ ਹੀ ਉਹ ਧੰਨਤਾ ਯੋਗ ਗੁਰਸਿਖ ਵੀ ਪੈਦਾ ਕੀਤੇ ਗਏ, ਜਿਨਾਂ ਬਾਬਤ ਤੀਜੇ ਪਾਤਸ਼ਾਹ ਲਿਖਿਆ ਸੀ ਕਿ:-

"ਧੰਨੁ ਧੰਨੁ ਸੋ ਗੁਰ ਸਿਖ ਕਹੀਐ
ਜੋ ਸਤਿਗੁਰ ਚਰਣੀ ਜਾਇ ਪਇਆ।

ਇਸ ਵਾਸਤੇ ਆਓ ਸਭ ਗੁਰੂ ਨਾਨਕ ਨਾਮਲੇਵਾ ਅਜਿਹੇ ਗੁਰੂ ਘਰ ਦੇ ਹੋਏ ਅਨੇਕਾਂ ਸਿਦਕੀ ਤੇ ਸਰਧਾਲੂ ਸਿਖਾਂ ਦੀ ਅਤੁਟ ਪੰਗਤ ਵਿਚੋਂ ਅਜ ਇਕ ਸਿਖ "ਸੂਬਾ ਸਾਹਿਬ ਸਿੰਘ ਨੂੰ' (ਜਿਸਨੇ ਅਪਨਾ ਸਾਰਾ ਜੀਵਨ ਤਪ ਤਯਾਗ ਅਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਭਾਣੇ (ਹੁਕਮ) ਰਹਿਕੇ ਬਿਤੀਤ ਕੀਤਾ) ਪੂਰੀ ਭਾਵਨਾ ਸਹਿਤ ਨਮਸਕਾਰ ਕਰਕੇ ਸ੍ਰੀ ਗੁਰੂ ਅਮਰਦਾਸ ਦਾਸ ਜੀ ਦੇ ਅੰਕਿਤ ਕੀਤੇ ਇਨ੍ਹਾਂ ਸ਼ਬਦਾਂ ਦੀ ਪਾਲਣਾ ਕਰੀਏ ਕਿ.-

"ਤਿਸ ਗੁਰ ਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰੁ ਕੈ ਭਾਣੈ ਗੁਰੁ ਸਿਖੁ ਚਲਿਆ।"

ਆਤਮਾ ਸਿੰਘ ਸਨਖਤਰਵੀ

ਇਤਹਾਸ ਦੇ ਝਰੋਖੇ ਵਿਚੋਂ:--

ਨਾਮਧਾਰੀ ਇਤਹਾਸ ਵਿਚ ਸੂਬਾ ਸਾਹਿਬ ਸਿੰਘ ਦੇ ਸੁਨਹਿਰੀ ਕਾਰਨਾਮੇ

ਮੁਢਲੀ ਜਾਣਕਾਰੀ:-

ਜਿਲਾ ਅੰਮ੍ਰਿਤਸਰ ਤਹਿਸੀਲ ਤਰਨ ਤਾਰਨ ਦੇ ਪਿੰਡ ਬੰਗਾਲੀਪੁਰ ਮਿਸਤ੍ਰੀ ਨਿਹਾਲ ਸਿੰਘ ਦੇ ਘਰ (ਸਾਹਿਬ ਸਿੰਘ ਜੀ ਰੂੜ ਸਿੰਘ ਤੇ ਹੀਰਾ ਸਿੰਘ) ਤਿੰਨ ਸਪੁਤ੍ਰ ਪੈਦਾ ਹੋਏ। ਸਾਹਿਬ ਸਿੰਘ ਭਾਵੇ ਆਪਣੇ ਪਿਤਾ ਦੇ ਸਭ ਤੋਂ ਵਡੇ ਤੇ ਬੜੇ ਸੁੰਦਰ ਹੋਣ ਹਾਰ ਸਪੁਤ੍ਰ ਸਨ। ਪਰ ਛੋਟੀ ਉਮਰ ਤੋਂ ਹੀ ਇਹ ਘਰੋਗੀ ਕਾਰੋਬਾਰ ਤੋਂ ਉਪਰਾਮ ਰਹਿੰਦੇ, ਅਤੇ ਸ਼ਾਦੀ ਭੀ ਨ ਕਰਵਾਈ। ਜਦੋਂ ਕਿ ਭਾਈ ਰੂੜ ਸਿੰਘ ਤੇ ਹੀਰਾ ਸਿੰਘ ਦੋਵੇਂ ਭਰਾ ਗ੍ਰਿਹਸਤੀ ਸਨ। ਭਾਈ ਰੂੜ ਸਿੰਘ ਜੀ ਦੇ ਘਰ ਕੋਈ ਸੰਤਾਨ ਨ ਹੋਈ ਤੇ ਸਗੋਂ ਇਨਾਂ ਨੂੰ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਿਲਾ ਅੰਮ੍ਰਿਤਸਰ ਦਾ ਸੂਬਾ ਥਾਪਿਆ ਹੋਇਆ ਸੀ। ਪਰ ਹੀਰਾ ਸਿੰਘ ਜੀ ਦੇ ਘਰ ਸ੍ਰੀ ਗੁਰਮੁਖ ਸਿੰਘ, ਕਿਸ਼ਨ ਸਿੰਘ, ਪ੍ਰਤਾਪ ਸਿੰਘ ਤਿੰਨ ਸਪੁਤ੍ਰ ਹੋਏ। ਬਾਬੇ ਪ੍ਰਤਾਪ ਸਿੰਘ ਦੇ ਤਿੰਨ ਸਪੁਤ੍ਰ (ਸਰਧਾ ਸਿੰਘ ਮੱਲ ਸਿੰਘ, ਮੰਨਾ ਸਿੰਘ) ਸਨ–ਅਗੇ ਸੰਤ ਸਰਧਾ ਸਿੰਘ (ਜੋ ਨਾਮਧਾਰੀ ਤੇ ਬੜੇ ਸਿਦਕ ਭਰੋਸੇ ਵਾਲੇ ਸਿਖ ਸਨ) ਦੇ ਹਰਨਾਮ ਸਿੰਘ ਉਤਮ ਸਿੰਘ ਤੇ ਦਰਸ਼ਨ ਸਿੰਘ ਤਿੰਨ ਸਪੁਤ੍ਰ ਹੋਏ।

ਏਸੇਤਰਾਂ ਮੱਲ ਸਿੰਘ ਜੀ ਦੇ ਦਰਬਾਰਾ ਸਿੰਘ ਤੇ ਜੋਧ ਸਿੰਘ ਅਰ ਮੰਨਾ ਸਿੰਘ ਦੇ, ਟਹਿਲ ਸਿੰਘ ਦੀਵਾਨ ਸਿੰਘ ਤੇ ਭਗਵਾਨ ਸਿੰਘ ਤਿੰਨ ਸਪੁਤ੍ਰ ਹੋਏ।

ਬਾਬੇ ਸਾਹਿਬ ਸਿੰਘ ਜੀ ਦੇ ਖਾਨਦਾਨ ਤੋਂ ਪਤਾ ਲਗਾ ਹੈ, ਕਿ ਇਹ ੧੮ ਸਾਲ ਦੀ ਉਮਰ ਵਿਚ ਬੰਗਾਲੀ ਪੁਰ ਆਈ ਨਾਂਗੇ ਸਾਧਾਂ ਦੀ ਇਕ ਮੰਡਲੀ ਨਾਲ ਘਰੋਂ ਨਿਕਲ ਗਏ ਸਨ, ਤੇ ੧੨ ਸਾਲਾਂ ਬਾਦ ਇਕ ਵਾਰੀ ਜਦ ਵਾਪਸ ਬੰਗਾਲੀ ਪੁਰ ਮੰਡਲੀ ਨਾਲ ਆਏ,ਤਾਂ ਏਥੇ ਆਇਆਂ ਇਨਾਂ ਦੀ ਇਕ ਉਦਾਸੀ ਸਾਧ ਨਾਲ ਸ਼ਰਤ ਲਗ ਗਈ। ਗਲ ਇੰਵ ਹੋਈ ਕਿ ਜਦੋਂ ਅਪਨੀ (ਨਾਂਗੇ ਸਾਧਾ ਦੀ) ਮੰਡਲੀ ਨਾਲ ੧੨ ਸਾਲਾਂਬਾਦ ਇਹ ਵਾਪਸ ਬੰਗਾਲੀ ਪੁਰ ਆਇਆ ਤਾਂ ਉਨਾਂ ਹੀ ਦਿਨਾਂ ਵਿਚ ਬੰਗਾਲੀ ਪੁਰ ਦੇ ਦੂਜੇ ਪਾਸੇ ਉਦਾਸੀਨ ਮਹਾਂ ਮੰਡਲ ਦੀ ਰਮਤ ਵੀ ਆਈ ਹੋਈ ਸੀ। ਇਕ ਦਿਨ ਇਕ ਉਦਾਸੀ ਸਾਧੂ(ਜੋ ਜਲ ਧਾਰਾ ਤੇ ਧੂਣੀਆਂ ਦੀ ਕਠਨ ਤਪਸਜ਼ਾ ਕਟਨ ਵਿਚ ਬੜਾ ਹਠੀ ਸੀ) ਨਾਂਗੇ ਸਾਧਾਂ ਦੀ ਮੰਡਲੀ ਵਲ ਆਇਆ। ਅਤੇ ਉਸ ਦੀ ਸਾਹਿਬ ਦਾਸ ਨਾਲ ਇਸ ਗਲ ਦੀ ਸ਼ਰਤ ਲਗ ਗਈ, ਕਿ ਰਾਤ ਨੂੰ ਬੰਗਾਲੀ–ਪੁਰ ਦੀ ਡੂੰਘੀ ਢਾਬ ਵਿਚ ਪੋਹ ਮਾਘ ਦੀ ਕਕਰੀਲੀ ਰਾਤ ਨੂੰ ਖਲ ਕੇ ਸਾਰੀ ਰਾਤ ਤਪ ਕੀਤਾ ਜਾਵੇ। ਇਹ ਸ਼ਰਤ ਜਿਹੜਾ ਹਾਰ ਜਾਵੇ, ਉਹ ਦੂਸਰੇ ਦੀ ਮੰਡਲੀ ਵਿਚ ਜਾਕੇ ਰਲ ਜਾਵੇ?

ਇਸ ਸ਼ਰਤ ਦੀ ਚਰਚਾ ਦੋਹਾਂ ਮੰਡਲੀਆਂ ਤੇ ਬੰਗਾਲੀ ਪੁਰ ਦੇ ਲੋਕਾਂ ਵਿਚ ਵੀ ਫੈਲ ਗਈ ਤੇ ਸ਼ਾਮਾਂ ਵੇਲੇ ਕਈਲੋਕਸਾਧਾਂ ਦਾ ਇਹਅਨੋਖਾ ਦੰਗਲ ਵੇਖਣ ਲਈ ਇਕੱਠੇ ਹੋ ਗਏ। ਪਰ ਜਿਉਂ ਜਿਉਂ ਰਾਤ ਦੀ ਸਰਦੀ ਵਧਦੀ ਗਈ ਆਮ ਦਰਸ਼ਕ ਘਰਾਂ ਨੂੰ ਚਲ ਗਏ ਤੇ ਵਿਰਲੇ ਹੀ ਆਦਮੀ ਨਾਂਗੇ ਸਾਧਾਂ ਪਾਸ ਧੂਣਿਆਂ ਤੇ ਬੈਠੇ ਰਹੇ।

ਜਦ ਪੰਜ ਕੁ ਵਜੇ ਸਵੇਰ ਦਾ ਵਕਤ ਹੋਇਆ ਤਾਂ ਸਾਹਿਬ ਦਾਸ ਹੋਰ ਸਮਾਂ ਜਲ ਵਿਚ ਖਲੋਣ ਤੋਂ ਅਸਮਰਥ ਹੋ ਗਿਆ, ਤੇ ਸਿਵਾਂ ਦਾ ਮੰਤ੍ਰ ਪੜਦਾ ਪੜਦਾ ਪਾਣੀ ਚੋਂ ਨਿਕਲ ਅਪਣੇ ਧੂਣੇ ਉਤੇ ਆ ਗਇਆ। ਬਾਦ ਵਿਚ ਉਦਾਸੀ ਸਾਧੂ ਵੀ ਸਹਿਜ ਭਾਵ ਨਾਲ ਢਾਬ ਚੋਂ ਨਿਕਲ ਸਾਹਿਬ ਦਾਸ ਪਾਸ ਆਕੇ ਬੈਠ ਗਿਆ ਤੇ ਰਖੀ ਹੋਈ ਸ਼ਰਤ ਨੂੰ ਦੁਹਰਾਇਆ?

ਫਿਰ ਕੀ ਸੀ! ਸਾਹਿਬ ਦਾਸ ਅਪਣੀ ਤੂੰਬੀ ਫਾਹੁਰੀ ਲੈਕੇ ਦਿਨ ਚੜੇ ਨਾਂਗਿਆਂ ਦੀ ਮੰਡਲੀ ਵਿਚੋਂ ਉਦਾਸੀਆਂ ਦੀ ਰਮਤ ਵਿਚ ਜਾ ਬੈਠਾ ਤੇ ਕਈ ਵਰੇ ਉਦਾਸੀ ਮਹਾਂ ਮੰਡਲ ਦੀ ਰਮਤ ਦਾ ਪ੍ਰਬੰਧ ਬੜੀ ਯੋਗਤਾ ਨਾਲ ਕਰਦਾ ਰਿਹਾ। ਜਦੋਂ ਕਿ ਉਦਾਸੀ ਮਹਾਤਮਾਂ ਨੇ ਇਸਦਾ ਨਾਮ ਸੁਤੇ ਪ੍ਰਕਾਸ਼ ਰਖਿਆ ਹੋਇਆ ਸੀ। ਪਰਿਵਾਰਕ ਸਜਨਾਂ ਦੇ ਦਸਨ ਅਨੁ– ਸਾਰ ਇਹ ਸੁਤੇ ਪ੍ਰਕਾਸ਼ ਜੀ ਕੋਈ੧੦–੧੨ ਸਾਲ ਉਦਾਸੀ ਸਾਧਾਂ ਨਾਲ ਵੀ ਰਹੇ ਤੇ ਸਗੋਂ ਅਖਾੜੇ ਦੀ ਰਮਤ ਦੇ ਪ੍ਰਬੰਧਕ ਬਣਕੇ ਬੜੀ ਯੋਗਤਾ ਨਾਲ ਰਮਤ ਚਲਾਉਂਦੇ ਤੇ ਕਥਾ ਬਾਰਤਾ ਕਰਦੇ ਰਹੇ। ਰਮਤ ਸਮੇ ਹੀ ਇਕ ਦਿਨ ਇਨਾਂ ਨੂੰ ਰਾਤ ਦ੍ਰਿਸਟਾਨ ਹੋਇਆ, ਕਿ ਸਾਹਿਬ ਸਿੰਘਾ ਤੈਨੂੰ ਜਿਸ ਕੰਮ ਵਾਸਤੇ ਘਰੋਂ ਬਾਹਰ ਤੋਰਿਆ ਸੀ, ਅਜੇ ਉਸ ਕੰਮ ਵਲ ਤੇਰਾ ਧਿਆਨ ਹੀ ਨਹੀ ਹੋਇਆ? ਇਸ ਵਾਸਤੇ ਤੂੰ ਹੁਣ ਛੇਤੀ ਤੋਂ ਛੇਤੀ ਜਿਲੇ ਲੁਧਿਆਣੇ ਦੇ ਪਿੰਡ ਭੈਣੀ (ਸਾਹਿਬ) ਪਹੁੰਚ।

ਇਸ ਦ੍ਰਿਸਟਾਨ ਤੋਂ ਬਾਦ ਬੜੀ ਮੁਸ਼ਕਲ ਨਾਲ ਅਖਾੜੇ ਵਿਚੋਂ ਛੁਟੀ ਲੈਕੇ ਇਹ ਪੁਛਦੇ ਪੁਛਾਂਦੇ ਸੰਤ ਜੀ ਭੈਣੀ ਸਾਹਿਬ ਪਹੁੰਚੇ।

ਸ੍ਰੀ ਸਤਿਗੁਰੂ ਜੀ ਨੇ ਬੜੀ ਪ੍ਰਸੰਨਤਾ ਸਹਿਤ ਇਨਾਂ ਨੂੰ ਭਜਨ ਦਸਕੇ ਨਾਮਧਾਰੀ ਸਿੰਘ ਬਣਾਇਆ ਤੇ ਇਸਦਾ ਨਾਮ ਸੁਤੇ ਪ੍ਰਕਾਸ਼ ਤੋਂ ਫਿਰ ਸਾਹਿਬ ਸਿੰਘ ਹੀ ਰਖ ਦਿਤਾ।

ਸ੍ਰੀ ਸਤਿਗੁਰੂ ਜੀ ਦੇ ਦ੍ਰਸ਼ਨ ਕਰਨ ਤੇ ਗੁਰਮੰਤ ਲੈਣ ਤੋਂ ਬਾਦ ਇਨਾਂ ਨੇ ਸਤਿਗੁਰਾਂ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਮੇਰਾ ਸੰਕਲਪ ਹੁਣ ਆਪਦੇ ਚਰਨਾਂ ਵਿਚ ਹੀ ਰਹਿਣ ਦਾ ਹੈ?

ਸਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਭਾਈ ਤੈਨੂੰ ਮੈਂ ਸਦਿਆ ਹੀ ਆਪਣੇ ਪਾਸ ਰਖਣ ਵਾਸਤੇ ਹੈ। ਤੇਰੇ ਕੋਲੋਂ ਬੜਾ ਕੰਮ ਕਰਉਣਾ ਹੈ। ੧

ਉਸ ਵਕਤ ਤੋਂ ਬਾਦ ਇਹ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਰਹਿਕੇ ਜਿਵੇਂ ਸਤਿਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਰਹੇ, ਇਸ ਦਾ ਵਰਨਨ ਜੋ ਨਾਮ- ਧਾਰੀ ਇਤਹਾਸ ਦੇ ਅਣ ਛਪੇ ਪੁਸਤਕ ਸ੍ਰੀ ਸਤਿਗੁਰੂ ਬਿਲਾਸ ਸੰਤ ਸੰਤੋਖ ਸਿੰਘ ਜੀ, ਤੇ ਜੁਗ ਪਲਟਾਊ ਸ੍ਰੀ ਆਲਮ ਜੀ ਅਥਵਾ ਨਾਮਧਾਰੀ ਇਤਹਾਸ ਕ੍ਰਿਤ ਸ੍ਰ. ਨਾਹਰ ਸਿੰਘ ਜੀ ਐ. ਏ. ਵਿਚ ਅੰਕਿਤ ਹੈ, ਉਸਦਾ ਸਾਰ ਅੰਸ਼ ਪਾਠਿਕਾਂ ਦੀ ਜਾਣਕਾਰੀ ਵਾਸਤੇ ਮੈਂ ਇਸ ਲੇਖ ਵਿਚ ਅੰਕਿਤ ਕਰ ਰਿਹਾ ਹਾਂ, ਜਦ ਕਿ ਇਨਾਂ ਦਾ ਪੁਲੀਟੀ ਕਲ ਜੀਵਨ ਨਾਮਧਾਰੀ ਪੰਥ ਦੇ ਰੀਸਰਚ ਕਾਰ ਸੰਤ ਸਵਰਨ ਸਿੰਘ ਸਨੇਹੀ ਦੇ ਲੇਖ ਵਿਚੋਂ ਪੜਿਆ ਜਾ ਸਕੇਗਾ। ੨

ਭਾਈ ਸਾਹਿਬ ਸਿੰਘਜੀ ਨੇ ਪਹਿਲਾਂ ਮਝਾਂ ਚਾਰਨ ਦੀ ਸੇਵਾ ਮੰਗੀ:—

ਸੰਤ ਸਤੋਖ ਸਿੰਘ ਜੀਦੇ ਅਣਛਪੇ ਗ੍ਰੰਥ ਸਤਿਗੁਰੂ

ਫੁਟਨੋਟ—੧ ਜਦੋਂ ਬੰਗਾਲੀਪੁਰ ਇਨਾਂ ਦੇ ਭਰਾਵਾਂ ਨੂੰ ਪਤਾਲਗਾ ਕਿ ਸਾਹਿਬ ਸਿੰਘ ਨਾਮਧਾਰੀ ਸਿੰਘ ਸਜ ਗਿਆ ਹੈ ਤਾਂ ਇਨਾਂ ਦੇ ਦੋਵੇਂ ਭਰਾਵਾਂ (ਰੂੜ ਸਿਘ ਤੇ ਹੀਰਾ ਸਿੰਘ) ਨੇ ਵੀ ਭੈਣੀ ਸਾਹਿਬ ਆਕੇ ਭਜਨ ਪੁਛ ਲਿਆ ਤੇ ਨਾਮਧਾਰੀ ਸਿੰਘ ਸਜਏ ਗ। ਇਹਪ੍ਰਵਾਰ ਉਸ ਵੇਲੇ ਦਾ ਹੀ ਨਾਮਧਾਰੀ ਚਲਿਆ ਆਰਿਹਾ ਹੈ।
੨.ਉਪ੍ਰੋਕਤ ਵਾਰਤਾ ਸੂਬਾ ਜੀ ਦੇ ਪ੍ਰਵਾਰ ਵਲੋਂ ਮਿਲੀ ਜਾਣਕਾਰੀ ਦੀ ਰੋਸ਼ਨੀ ਵਿਚ ਅੰਕਿਤ ਕੀਤੀਗਈ ਹੈ।

ਬਿਲਾਸ ਵਿਚ ਸੂਬਾ ਸਾਹਿਬ ਸਿੰਘ ਜੀ ਬਾਬਤ ਲਿਖਿਆ ਇਤਿਹਾਸ ਕ੍ਰਮਵਾਰ ਇਸਤਰਾਂ ਮਿਲਦਾ ਹੈ:-

(੧)

"ਬਾਬਾ ਸਾਹਿਬ ਸਿੰਘ ਆਇਆ ਤੇ (ਭਜਨ ਪੁਛਨ ਉਪ੍ਰੰਤ ਬੜੀ ਭਾਵਨਾ ਨਾਲ ਹਥ ਜੋੜਕੇ) ਕਹਿਣ ਲਗਾ ਜੀ (ਜੀ ਸਚੇ ਪਾਤਸ਼ਾਹ) ਮੇਰਾ ਏਥੇ (ਆਪ ਜੀ ਦੇ ਚਰਨਾਂ ਵਿਚ)ਰਹਿਣ ਦਾ ਸੰਕਲਪ ਹੈ : (ਜੇ ਹੁਕਮ ਹੋਵੇ ਤਾਂ ਮੈਂ)ਮਿਸਾਂ'ਮਝਾਂ'ਚਾਰ ਲਿਆਵਾਂ ਕਰਾਂਗਾ। (ਇਸਦੀ ਏਹ ਭਾਵਨਾ ਵੇਖਕੇ) ਗੁਰੂ ਜੀ ਕਹਿਣ ਲਗੇ, ਚੰਗਾ।

(੨)

ਬਚਿਆਂ ਨੂੰ ਪੜ੍ਹਾਉਣ ਦਾ ਹੁਕਮ

ਸ੍ਰੀ ਭੈਣੀ ਸਾਹਿਬ ਰਹਿਕੇ ਮਝਾਂ ਦੀ ਸੇਵਾ ਕਰਦਿਆਂ ਅਤੇ ਇਨਾਂ ਦੀ ਯੋਗਤਾ ਨੂੰ ਵੇਖਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ, "ਸੰਤ ਜੀ ਤੁਸੀ ਬਚਿਆਂ ਨੂੰ ਗੁਰਮੁਖੀ ਅਖਰ ਪੜ੍ਹਾਇਆ ਕਰੋ"

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬਾਬਾ ਸਾਹਿਬ ਸਿੰਘ ਜੀ "ਫਿਰ (ਗੁਰਮੁਖੀ) ਵਿਦਜਾ ਲਗੇ ਪੜ੍ਹੋਨ ਮੁੰਡਿਆਂ ਨੂੰ"

ਪੰਨਾ ੯੧

(੩)

ਸਾਰੇ ਜੀਵਨ ਭਰ ਦੇ ਭਜਨ ਬੰਦਗੀ ਦਾ ਫਲ ਸ੍ਰੀ ਸਤਿਗੁਰੂ ਜੀ ਦੀ ਭੇਟਾ:-

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਪਰਸਨ ਤੋਂ ਬਾਦ ਬਾਬਾ ਜੀ ਨੇ ਆਪਣਾ ਸਾਰਾ ਜੀਵਨ ਗੁਰੂ ਚਰਨਾਂ ਤੋਂ ਕਿਵੇਂ ਨਿਛਾਵਰ ਕਰ ਦਿਤਾ, ਇਸਦਾ ਵਰਨਨ ਸਤਿਗੁਰੂ ਬਿਲਾਸ ਵਿਚ ਇੰਞ ਅੰਕਿਤ ਹੈ:-

"ਇਕ ਵਾਰੀ ਕੁਰਛੇਤ੍ਰ ਨੂੰ ਜਾਂਦਿਆਂ ਰਸਤੇ ਵਿਚ ਇਕ ਜਗਾ ਮੀਂਹ ਹਨੇਰੀ ਤੇ ਗੜ੍ਹਾ ਬੜੇ ਜ਼ੋਰ ਦਾ ਆ ਗਇਆ। ਗੜੇ ਜ਼ੋਰ ਦੇ ਪੈਣ ਲਗੇ, (ਸਾਧ ਸੰਗਤ ਦਾ) ਡੇਰਾ ਮੈਦਾਨ ਵਿਚ ਹੀ ਸੀ। ਸਿਖਾਂ ਆਕੇ ਅਰਜ ਕੀਤੀ, (ਦੀਨ ਦਿਆਲ ਜੀ) ਇਸ ਤੁਫਾਨ ਤੋਂ ਰਛਿਆ ਕਰੋ? (ਸਿਖਾਂ ਦੀ ਘਬਰਾਹਟ ਭਰੀ ਬੇਨਤੀ ਸੁਣਕੇ) ਗੁਰੂ ਜੀ ਬਚਨ ਕੀਤਾ, ਭਈ ਜਿਸ ਜਿਸ ਨੇ ਜਿਤਨਾ ਜਿਤਨਾ ਭਜਨ ਕੀਤਾ ਤੇ ਬਾਣੀ ਪੜ੍ਹੀ ਹੈ, ਉਸਦਾ ਫਲਦੇਵੋ। (ਸਤਿਗੁਰੂ ਜੀ ਦਾ ਹੁਕਮ ਸੁਣਕੇ) ਕਿਸੇ ਨੇ ਭਜਨਦੀਆਂ ਮਾਲਾ ਤੇ ਕਿਸੇ ਨੇ ਬਾਣੀਦੇਕੀਤੇ ਪਾਠਾਂ ਦਾ ਫਲ ਦਿਤਾ। (ਉਸ ਵਕਤ) ਬਾਬੇ ਸਾਹਿਬ ਸਿੰਘ ਜੀ ਕਿਹਾ, ਕਿ (ਸਚੇ ਪਾਤਸ਼ਾਹ)ਜੀ! ਮੈਂ ਜਿਤਨਾ ਚਿਰ ਜੀਉਂਦਾ ਰਹਾਂ, ਤੇ ਭਜਨ ਬਾਣੀ ਕਰਾਂ, ਸੋ ਸਭ ਦਾ ਫਲ ਮੈਂ ਤੁਹਾਨੂੰ(ਗੁਰੂ ਚਰਨਾਂ ਵਿਚ)ਦਿਤਾ। ਸਚੇ ਪਾਤਸ਼ਾਹ (ਸੰਤ ਸਾਹਿਬ ਸਿੰਘ ਤੇ) ਬੜੇ ਪ੍ਰਸੰਨ ਹੋਏ, ਤੇ ਉਹ ਤੁਫਾਨ ਵੀ ਇਕ ਦਮ ਹੱਟ ਗਿਆ।..........

(ਪੰਨਾ ੧੦੬)

(੪)

ਪੰਜਾਂ ਸਿਖਾਂ ਦੀ ਨਿਯੁਕਤੀ ਵਿਚ ਬਾਬਾ ਸਾਹਿਬ ਸਿੰਘਜੀ ਦਾ ਨਾਮ:-

ਏਸੇ ਕੁਰਛੇਤ੍ਰ ਦੇ ਦੌਰੇ ਸਮੇ ਜਦੋਂ ਕਿ ਸਚੇ ਪਾਤਸ਼ਾਹ ਜੀ ਆਮ ਤੌਰ ਤੇ ਮਸਤਾਨੀ ਬ੍ਰਿਤੀ ਵਿਚ ਹੀ ਰਹਿੰਦੇ ਸਨ। ਇਕ ਦਿਨ ਅੰਮ੍ਰਿਤ ਵੇਲੇ ਸਾਰੇ ਸਿਖ ਇਸ਼ਨਾਨ ਪਾਨ ਕਰਕੇ ਜਮਨਾ ਦੇ ਕਿਨਾਰੇ ਇਕ ਥਾਂ ਬੈਠੇ ਸਨ ਤਾਂ ਚੋਜੀ ਸਤਿਗੁਰੂ ਜੀ ਨੇ ਪਹਿਲਾਂ ਅਪਣੇ ਸਰੀਰ ਤੇ ਬਿਭੂਤੀ ਜਿਹੀ ਮਲੀ,

"ਫਿਰ ਆਸਣ ਵਿਛਾਕੇ (ਇਕ ਪਾਸੇ ਹੋਕੇ) ਬੈਠੇ। ਤਾਂ ਬਾਬਾ ਜਵਾਹਰ ਸਿੰਘ ਗੁਪਾਲ ਸਿੰਘ ਸੁਧ ਸਿੰਘ ਕਾਨ੍ਹ ਸਿੰਘ ਤੇ ਸਾਹਿਬ ਸਿੰਘ ਜੀ ਨੂੰ ਆਪਣੇਪਾਸ ਬੁਲਾ ਤੇ ਬਹਾਲ ਕੇ ਬਚਨ ਕੀਤਾ, ਕਿ ਜਿਤਨੀ ਧਰਤੀ ਪਰ (ਸਗਤ ਸਮੇਤ)ਬੈਠੇ ਹਾਂ, ਇਤਨੀ ਹੀ ਪਵਿਤ੍ਰ ਹੈ, ਹੋਰ ਸਾਰੇ (ਸੰਸਾਰਤੇ) ਪਾਪ ਛਾਏ ਹੋਏ ਹੈਂ।........ (ਪੰਨਾ ੧੦੯)

(੫)

ਬਾਬਾ ਜੀ ਦੇ ਪੂਰਬਲੇ ਜਨਮ ਦਾ ਸੰਕੇਤ:–

ਕੁਰਛੇਤ੍ਰ ਦੇ ਦੌਰੇ ਸਮੇ ਹੀ ਇਕ ਦਿਨ ਗੁਰੂ ਕੀ ਹਜ਼ੂਰੀ ਵਿਚ ਬੈਠਿਆਂ "ਬਾਬੇ ਸਾਹਿਬ ਸਿੰਘ ਜੀ ਨੇ ਅਰਜ ਕੀਤੀ(ਸਤਿਗੁਰੂ ਜੀ) ਬਖਸ਼ਿਓ ਜੀ"

ਬਾਬਾ ਜੀ ਦੀ ਭਾਵਨਾ ਭਰੀ ਅਰਜ ਨੂੰ ਸੁਣਕੇ "ਗੁਰੂ ਜੀ ਬਚਨ ਕੀਤਾ, ਤ੍ਰੇਤੇ ਜੁਗ ਵਿਚ ਮੈ ਤੇਰਾ ਪਿਉ (ਬਾਲੀ) ਮਾਰਿਆ ਸੀ। (ਉਸ ਵਕਤ) 'ਅੰਗਦ ਤੇਰਾ ਨਾਮ ਸੀ'। ਤਦੋਂ ਤੁਸਾਂ ਵਰ ਮੰਗਿਆ ਸੀ,ਕਿ ਜੁਗੋ ਜੁਗ ਨਾਲ ਰਖੀਂ? ਸੋ ਤੁਸੀ ਹੁਣ ਵੀ (ਮੇਰੇ) ਨਾਲ ਆਏ ਹੋ। ....

(ਪੰਨਾ ੧੧੪)

(੬)

ਹਰਿਦੁਆਰ ਅਧ ਕੁੰਭੀ ਦੇ ਮੇਲੇ ਵਿਚ ਬਾਬਾ ਸਾਹਿਬ ਸਿੰਘ:-

ਨਾਮਧਾਰੀ ਇਤਹਾਸ ਕ੍ਰਿਤ ਸ੍ਰ. ਨਾਹਰ ਸਿੰਘ ਜੀ ਐਮ. ਏ. ਅਨੁਸਾਰ ਸੰਮਤ ੧੯੧੮ ਨੂੰ ਜਦ ਸਤਿਗੁਰ ਰਾਮ ਸਿੰਘ ਜੀ ਅਧ ਕੁੰਭੀ ਦੇ ਪੁਰਬ ਸਮੇ ਹਰਿਦੁਆਰ (ਗੰਗਾ) ਤੇ ਗਏ ਤਾਂ ਉਸ ਵਕਤ ਬਾਬਾ ਸਾਹਿਬ ਸਿੰਘ ਮੁਖੀ ਸੇਵਕਾਂ ਵਿਚੋਂ ਸੀ, ਜਿਹਾ ਕਿ:–

(ਸ੍ਰੀ ਭੈਣੀ ਸਾਹਿਬ ਤੋਂ ਹਰਿਦੁਆਰ ਨੂੰ ਤੁਰਨ ਸਮੇ) ਪੰਜ ਰੁਪਈਏ ਕਾ ਕੜਾਹ ਪ੍ਰਸਾਦਿ ਕਰਕੇ ਤੁਰੇ,,ਬਾਬਾ ਜਵਾਹਰ ਸਿੰਘ, ਕਾਹਨ ਸਿੰਘ, ਸੁਧ ਸਿੰਘ, ਗੁਪਾਲ ਸਿੰਘ, ਸਾਹਿਬ ਸਿੰਘ, (ਅਤੇ ਹੋਰ ਬਹੁਤ ਸਾਰੀ ਸੰਗਤ ਚਲੀ)

(ਪੰਨਾ ੧੪੯)

(੭)

ਬਾਬਾ ਸਾਹਿਬ ਸਿੰਘ ਜੀ ਸੂਬੇ ਦੇ ਰੂਪ ਵਿਚ:–

ਸੰਮਤ ੧੯੨੦ ਅਨੁਸਾਰ ਸੰਨ ੧੮੬੩ ਵਿਚ ਜਦ ਸ੍ਰੀ ਸਤਿਗੁਰੂ ਜੀ ਦੇ ਇੰਨਕਲਾਬੀ ਪ੍ਰਚਾਰ ਤੇ ਸ਼ਾਹੀ ਦੌਰਿਆਂ ਤੋਂ ਸਰਕਾਰ ਅੰਗਰੇਜੀ ਨੂੰ ਪਤਾ ਲਗਾ, ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦੌਰਿਆਂ ਤੇ ਪ੍ਰਭਾਵ ਸ਼ਾਲੀ ਪ੍ਰਚਾਰ ਨਾਲ ਸਭ ਲੋਕਾਂ ਵਿਚ ਆਜਾਦੀ ਲਈ ਜਾਗ੍ਰਤੀ ਆ ਰਹੀ ਹੈ। ਤਾਂ ਵੱਖ ਵੱਖ ਜਿਲਿਆਂ ਤੋਂ ਮਿਲੀਆਂ ਰਿਪੋਟਾਂ ਦੇ ਅਧਾਰ ਤੇ ਬ੍ਰਿਟਿਸ਼ ਹਕੂਮਤ ਨੇ (ਇਸ ਅਪਨੀ ਕਿਸਮ ਦੇ ਨਵੇਂ ਉਠੇ ਇੰਨਕਲਾਬ ਨੂੰ ਰੋਕਣ ਵਾਸਤੇ)ਸਤਿਗੁਰੂ ਜੀ ਦੇ ਦੌਰਿਆਂ ਉਤੇ ਪਾਬੰਦੀ ਦਾ ਹੁਕਮ ਜਾਰੀ ਕਰ ਦਿਤਾ।

ਸ੍ਰੀ ਸਤਿਗੁਰੂ ਜੀ ਨੇ ਇਸ ਪਾਬੰਦੀ ਦਾ ਮੁਕਾ–ਬਲਾ ਕਰਨ ਲਈ ਜੋ ਪਹਿਲਾਂ ਪੰਜ ਸੂਬੇ ਸਥਾਪਿਤ ਕੀਤੇ ਉਨਾਂ ਵਿਚ ਬਾਬਾ ਸਾਹਿਬ ਸਿੰਘ ਜੀ ਵੀ ਇਕ ਸੂਬੇ ਨੀਯਤ ਕੀਤੇ ਗਏ।

ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ ਆਲਮ ਅ.ਪਨੀ ਪੁਸਤਕ "ਜੁਗ ਪਲਟਾਊ ਸਤਿਗੁਰੂ" ਵਿਚ ਇਨਾਂ ਪਹਿਲੇ ਸੂਬਿਆਂ ਦੇ ਨਾਮ ਇੰਵ ਲਿਖਦੇ ਹਨ:–

੧) ਸੂਬਾ ਬਾਬਾ ਜਵਾਹਰ ਸਿੰਘ ਜੀ ਪਿੰਡ ਸੋਹਲ ਜਿਲਾ ਅੰਮ੍ਰਿਤਸਰ

੨) ਬਾਬਾ ਕਾਹਨ ਸਿੰਘ ਜੀ ਨਿਹੰਗ, ਚੱਕ ਕਲਾਂ (ਰਿ. ਮਲੇਰ ਕੋਟਲਾ)।

੩) ਬਾਬਾ ਸੁਧ ਸਿੰਘ ਜੀ ਪਿੰਡ ਮਛੌਰ (ਜਿਲਾ ਅੰਬਾਲਾ)।

੪) ਬਾਬਾ ਸਾਹਿਬ ਸਿੰਘ ਜੀ ਪਿੰਡ ਬੰਗਾਲੀ ਪੁਰ (ਜਿਲਾ ਅੰਮ੍ਰਿਤਸਰ)।

੫) ਬਾਬਾ ਲਖਾ ਸਿੰਘ ਜੀ ਪਿੰਡ ਮਲੋਦ (ਜਿਲਾ ਲੁਧਿਆਣਾ)।

(ਇਹ ਪਹਿਲੇ ਪੰਜ ਸੂਬੇ ਸਨ)

(ਜੁਗ ਪਲਟਾਊ ਸਤਿਗੁਰੂ ਪੰਨਾ ੭੯)

(੮)

ਕੂਕਾ ਪੋਸਟਲ ਵਿਭਾਗ ਦੇ ਇੰਨ-ਚਾਰਜ ਸੂਬਾ ਸਾਹਿਬ ਸਿੰਘ ਜੀ:-

ਪੰਜਾਂ ਸੂਬਿਆਂ ਦੀ ਸਥਾਪਨਾਂ ਤੋਂ ਬਾਦ ਇਹਨਾਂ ਸੂਬਿਆਂ ਨੂੰ ਪੰਥਕ ਅਤੇ ਆਜਾਦੀ ਦੇ ਪ੍ਰਚਾਰ ਨੂੰ ਬਦਸਤੂਰ ਜਾਰੀ ਰਖਨ ਲਈ ਸ੍ਰੀ ਸਤਿਗੁਰੂ ਜੀਨੇ ਜਿਵੇਂ ਵਿਓਂਤ ਬੰਦ ਕੀਤਾ, ਉਸਦੇ ਅਨੁਸਾਰ ਸੂਬਾ ਸਾਹਿਬ ਸਿੰਘ ਜੀ ਨੂੰ ਨਾਮਧਾਰੀ ਸੰਗਤ ਵਿਚ ਪੰਥਕ ਖਬਰਾਂ ਪਹੁਚਾਣ ਲਈ ਡਾਕ ਵਿਭਾਗ ਦਾ ਇੰਨਚਾਰਜ ਇਸ ਲਈ ਨਿਯੁਕਤ ਕੀਤਾ ਕਿ ਇਹ ਨਾਂਗੇ ਤੇ ਉਦਾਸੀ ਸਾਧਾਂ ਦੀ ਰਮਤ ਫੇਰਨ ਤੋਂ ਇਸ ਕੰਮ ਦੇ ਚੰਗੇ ਤਜਰਬਾ ਕਾਰ ਸਨ।

ਸ੍ਰੀ ਆਲਿਮ ਜੀ ਲਿਖਦੇ ਹਨ:-

ਕੂਕਾ ਪੋਸਟਿਲ ਸਰਵਸ (ਮਹਿਕਮਾ ਡਾਕ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਡਾਕ ਦਾ ਆਪਣਾ ਪ੍ਰਾਈਵੇਟ ਮਹਿਕਮਾਂ ਜਥੇਬੰਦ ਕਰਕੇ ਸੂਬਾ ਸਾਹਿਬ ਸਿੰਘ ਨੂੰ ਉਸਦਾ ਵਡਾ ਅਫਸਰ ਨੀਯਤ ਕੀਤਾ। ਉਹਨਾਂ(ਸੂਬਾ ਜੀ) ਨੇ ਅਪਨੀ ਦੂਰ ਦਰਸ਼ਤਾ ਨਾਲ ਪਹਿਲੋਂ ਹੀ ਅਨੁਭਵ ਕਰਲਿਆ ਸੀ,ਕਿਡਾਕਨੂੰ ਸੈਂਸਰ ਹੋਣ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ?...... ਇਹ ਮਹਿਕਮਾਂ ਇਸ ਖੂਬੀ ਨਾਲਚਲਾਇਆ ਗਿਆ, ਕਿ ਕੋਈ ਪਤ੍ਰ ਕਿਸੇ ਗੈਰ ਦੇ ਹਥ ਨਹੀ ਸੀ ਆ ਸਕਦਾ, ਅਤੇ ਖਬਰਾਂ ਵੀ ਸਰਕਾਰੀ ਮਹਿਕਮੇ ਡਾਕ ਨਾਲੋਂ ਛੇਤੀ ਤੇ ਬਿਨਾਂ ਪੈਸੇ ਖਰਚ ਕਰਨ ਤੋਂ ਪੁਜ ਜਾਂਦੀਆਂ ਸਨ। ਖਬਰਾਂ ਵਾਸਤੇ ਇਕ ਸੰਕੇਤ ਨੀਯਤ ਕੀਤੇ ਗਏ ਸਨ। ਜਿਨਾਂ ਦਾ ਹਲਕਾਰਿਆਂ ਨੂੰ ਵੀ ਪਤਾ ਨਹੀ ਸੀ ਹੁੰਦਾ। ਉਨਾਂ ਤੋਂ ਕੇਵਲ ਸੂਬੇ ਤੇ ਜਥੇਦਾਰ ਹੀ ਜਾਣੂ ਹੁਦੇ ਸਨ।...... ਕੂਕਾ ਪੋਸਟਿਲ ਸਰਵਿਸ ਸਬੰਧੀ ਸਰਕਾਰੀ ਰੀਕਾਰਡ ਵਿਚ ਵੀ ਇੰਵ ਪ੍ਰਸੰਸਾ ਕੀਤੀ ਹੋਈ ਹੈ:-

"ਕੂਕੇ ਜਿਨਾਂ ਨੂੰ ਸੰਤ ਖਾਲਸਾ ਵੀ ਕਿਹਾ ਜਾਂਦਾ ਹੈ, ਉਹਨਾਂ ਦਾ ਡਾਕ ਦਾ ਮਹਿਕਮਾ ਪ੍ਰਾਈ ਵੇਟ ਹੈ। ਜੋ ਬੜੀ ਖੂਬੀ ਨਾਲ ਜਥੇ ਬੰਦ ਕੀਤਾ ਹੋਇਆ ਹੈ। ਇਕ ਕੂਕਾ ਜੋ ਡਾਕ ਲੈਕੇ ਦੂਜੇ ਪਿੰਡ ਦੇ ਕੂਕੇ ਪਾਸ ਪੁਜਦਾ ਹੈ, ਤਾਂ ਉਹ ਜੋ ਕੰਮ ਕਰਦਾ ਹੋਵੇ, ਵਿਚੇ ਛਡ ਦਿੰਦਾ ਹੈ। ਜੇ ਰੋਟੀ ਅਧੀ ਖਾਧੀ ਤੇ ਅੱਧੀ ਰਹਿੰਦੀ ਹੈ, ਤਾਂ ਉਹ ਦੂਜੀ ਗਰਾਹੀ ਮੂੰਹ ਵਿਚ ਨਹੀ ਪਾਉਂਦਾ। ਅਤੇ ਕੋਈ ਪ੍ਰਸ਼ਨ ਪੁਛਣ ਤੋਂ ਬਿਨਾਂ ਹੀ ਚਿਠੀ ਲੈਕੇ ਦੌੜ ਜਾਂਦਾ ਹੈ। ਅਰ ਦੂਜੇ ਪੜਾਂਵ ਤੇ ਪੁਜ ਕੇ ਦੂਜੇ ਕੂਕੇ ਦੇ ਹਵਾਲੇ ਕਰ ਦਿੰਦਾ ਹੈ।

ਖਾਸ ਡਾਕ ਜਬਾਨੀ ਹੁੰਦੀ ਹੈ। ਜੋ ਲਿਖੀ ਨਹੀ ਜਾਂਦੀ,। ਮੇਜਰ ਪ੍ਰਕਿਨਜ਼ ਦੇ ਕਹਿਣ ਅਨੁਸਾਰ ਉਹ(ਡਾਕ ਵਾਲਾ ਸਿਖ)ਜਰਨੈਲੀ ਸੜਕ ਛਡਕੇ ਲੰਮਾ ਵਲਾ ਪੌਂਦੇ ਤੇ ਲਾਂਭਿਓ ਹੀ ਜਾਂਦੇ ਹਨ।

(ਜੁਗ ਪਲਟਾਊ ਸਤਿਗੁਰੂ ਪੰਨਾਂ ੮੨-੮੩)

ਇਸਤਰਾਂ ਸੂਬਾ ਜੀ ਨੇ ਜਿਸ ਯੋਗਤਾ ਨਾਲ ਇਹ ਪ੍ਰਾਈ ਵੇਟ ਕੂਕਾ ਡਾਕ ਦਾ ਪ੍ਰਬੰਧ ਕੀਤਾ, ਉਸ ਤੋਂ ਸਰਕਾਰੀ ਕ੍ਰਮਚਾਰੀ ਵੀ ਹੈਰਾਨ ਸਨ। ਇਹ ਸਬੂਤ ਉਪ੍ਰੋਕਤ ਸਰਕਾਰੀ ਰੀਕਾਡ ਵਿਚੋਂ ਚੰਗੀਤਰਾਂ ਮਿਲ ਜਾਂਦਾ ਹੈ।

(੯)

ਸੂਬਾ ਜੀ ਏਲਚੀ ਦੇ ਰੂਪ ਵਿਚ:-

ਸੰਮਤ ੧੯੨੪ ਵਿਚ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਿਜੀ ਦੌਰਿਆਂ ਤੇ ਸਰਕਾਰੀ ਪਾਬੰਦੀ ਸੀ, ਅੰਮ੍ਰਿਤਸਰ ਦੀਪ ਮਾਲਾ ਉਤੇ ਜਾਣ ਲਈ ਸਰਕਾਰ ਤੋਂ ਮਨਜੂਰੀ ਲੈਣ ਵਾਸਤੇ ਸਤਿਗੁਰੂ ਜੀ ਨੇ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਨ ਸਿੰਘ ਜੀ ਨੂੰ ਲਾਹੌਰ ਭੇਜਿਆ। ਗੁਰੂ ਬਿਲਾਸ ਅਨੁਸਾਰ:-

"ਬਾਬਾ (ਸੂਬਾ) ਸਾਹਿਬ ਸਿੰਘ ਤੇ ਬਾਬਾ ਕਾਨ੍ਹ ਸਿੰਘ ਦੋਵੇਂ ਲਾਹੌਰ ਗਏ, ਤੇ ਦੀਪ

ਮਾਲਾ ਜਾਣ ਵਾਸਤੇ ਅਰਜੀ ਦਿਤੀ, ਫਰੰਗੀ ਬੋਲਿਆ, ਕਿ ਛੁਟੀ ਨ ਮਿਲੇਗੀ।'......... ਤੁਮਾਰਾ ਤੌਰ ਪਾਤਸ਼ਾਹਾਂ ਵਾਲਾ ਹੈ? ਅਸੀਂ ਤੁਹਾਨੂੰ ਖੁਲੇ ਕਰਕੇ ਅਪਨੇ ਰਾਜ ਸੇ ਹਥ ਧੋਇ ਬੈਠੀਏ। ਜਾਓ ! ਛੁਟੀ ਨਹੀ ਮਿਲੇਗੀ। ....

ਸੂਬਿਆਂ ਨੇ ਆਇ ਕਹਿਆ (ਸਤਿਗੁਰੂ ਸਚੇ ਪਾਤਸ਼ਾਹ) ਜੀ ਲਾਟ ਛੁਟੀ ਨਹੀ ਦਿੰਦਾ।

ਸਤਿਗੁਰੂ ਜੀ ਤੇਜੀ ਮੇਂ ਹੋਇਕੇ ਬਚਨ ਕੀਤਾ, "ਚਲੋ ਖਾਲਸਾ ਜੀ ਅਮ੍ਰਿਤਸਰ ਕੋ।"੧.........

(੧੦)

ਬਾਬਾ ਜੀ ਨੇ ਕਿਸੇ ਸਿਖ ਦੇ ਬੇ-ਮੁਖ ਹੋਣ ਬਾਬਤ ਅਰਜ ਕੀਤੀ:-

(ਇਕ ਵਾਰੀ) ਸੂਬਾ(ਬਾਬੇ) ਸਾਹਿਬ ਸਿੰਘ ਨੇ ਅਰਜ ਕੀਤੀ, (ਸਚੇ ਪਾਤਸ਼ਾਹ) ਜੇਕਰ ਤੁਹਾਡਾ ਕੋਈ ਸਿੰਘ ਹੋਵੇ, ਅਤੇ (ਕਿਸੇ ਕਾਰਨ ਬੇ-ਮੁਖ ਹੋਕੇ) ਕਹੇ ਕਿ ਸਿਖੀ ਤੋਂ ਖਾਰਜ(ਹੋਇਆ)ਅਰ ਬੇਦਾਵਾ ਲਿਖ ਦੇਵੇ। ਉਸ ਕੇ ਵਾਸਤੇ ਕੀ ਬਚਨ ਹੈ?

ਗੁਰੂ ਜੀ ਬਚਨ ਕੀਤਾ ਕਿ (ਸੂਬਾ ਜੀ ਉਹ ਆਦਮੀ ਸੱਤ ਜਨਮ ਕਾ ਆਗੇ ਸਿਖ ਨਹੀ ਹੁਆ, ਅਤੇ ਚੌਦਾਂ ਜਨਮ ਅਗੇ ਕੋ ਸਿੰਘ ਨਹੀ ਹੁੰਦਾ। (ਇਸ ਤਰਾਂ) ਇਕੀ ਜਨਮ ਕੀ ਟੇਢੀ ਜੂਨ ਉਸਕੇ ਵਾਸਤੇ ਹੈ।

ਬਾਬਾ ਜੀ ਨੇ ਫਿਰ ਪ੍ਰਸ਼ਨ ਕੀਤਾ:-

(ਸਚੇ ਪਾਤਸ਼ਾਹ) ਜੋ ਤੁਹਾਡੀ ਰੀਤੀ ਮਰਯਾਦਾ ਮੇਂ ਪੂਰਾ ਹੋਵੇ, ਅਤੇ ਪੰਜੇ ਐਬ ਵੀ ਕਰਦਾ ਹੋਵੇ, ਉਸ ਕੋ ਕੀ ਚਾਹੀਏ?

(ਸਤਿਗੁਰੂ ਜੀ ਨੇ) ਬਚਨ ਕੀਤਾ, ਇਹ ਜੋ ਚਾਰ ਅਖਰਾ ਭਜਨ ਹੈ, ਜਿਸਨੇ ਜਪਿਆ, ਉਸਦੀ ਚੌਰਾਸੀ ਤਾਂ ਕਟੀ ਗਈ (ਬਾ ਵਜੂਦ ਕੰਜਰੀ ਤੇ ਮਾਸ ਸ਼ਰਾਬ ਵਾਲੇ ਐਬ ਕਰਨ ਦੇ ਵੀ) ਉਸਨੂੰ ਸਦਾ ਮਨੁਖਾ ਜਨਮ ਹੀ ਮਿਲੇਗਾ, ਇਕ ਜਨਮ ਖੋਟ ਕਰਮ ਕਰੂ ਤਾਂ ਦੂਜੇ ਜਨਮ ਸੁਧਰ ਜਾਵੇਗਾ।

(ਪੰਨਾ ੧੯੮)

(੧੧)

ਬਾਬਾ ਜੀ ਨੂੰ ਵਿਰਾਟ ਸਰੂਪ ਵੇਖਾਲਿਆ:-

ਸ੍ਰੀ ਭੈਣੀ ਸਾਹਿਬ ਰਹਿੰਦਿਆਂ ਇਕ ਦਿਨ ਜਦ ਸਤਿਗੁਰੂ ਜੀ ਏਕਾਂਤ ਜਾਇਕੇ ਭਜਨ ਕਰ ਰਹੇ ਸਨ ਤਾਂ ਬਾਬਾ ਸਾਹਿਬ ਸਿੰਘ ਜੀ (ਸਤਿਗੁਰ ਜੀ ਨੂੰ) ਲੱਸੀ ਛਕਾਉਣ ਕੋ ਲੈ ਗਿਆ, ਗੁਰੂ ਜੀ ਨੇ ਬਚਨ ਕੀਤਾ ਤੈਨੂੰ ਰੰਗ ਦਿਖਾਈਏ? (ਬਾਬਾ ਜੀ ਨੇ) ਅਰਜ ਕੀਤੀ) ਕਿ ਆਪ ਕੀ ਰਜਾਇ ਹੈ?

ਏਤਨਾ ਕਹਿਣ ਸੇ ਗੁਰੂ ਜੀ ਕੇ ਚਰਨ ਧਰਤੀ ਨਾਲ ਅਰ ਸੀਸ ਅਕਾਸ਼ ਵਿਚ (ਨਜਰ ਆਇਆ) ਬਾਬਾ ਸਾਹਿਬ ਸਿੰਘ ਐਸੀ ਕੁਦਰਤ ਦੇਖ ਕੈ ਅਸਚਰਜ ਹੋਇ ਗਿਆ। ਕੁਝ ਦੇਰ ਬਾਦ (ਮੁੜ ਪਹਿਲੇ ਰੂਪ ਵਿਚ ਹੋ ਕੇ) ਬਚਨ ਕੀਤਾ, ਸਾਹਿਬ ਸਿੰਘ ਜੋ ਕੋਈ ਏਸ ਸਰੂਪ ਕਾ ਦਰਸ਼ਨ ਕਰ ਲਵੇਗਾ, ਤਿਸਕੋ ਸਾਰੀ ਉਮਰ ਕੇ ਭਜਨ ਕਾ ਫਲ ਪ੍ਰਾਪਤ ਹੋਵੇਗਾ।

(ਪੰਨਾ ੨੧੬)

(੧੨)

ਗਹਿਣੇ(ਜੇਵਰ)ਪਾਉਣ ਦੀ ਬੰਦਸ਼

ਸ੍ਰੀ ਸਤਿਗੁਰੂ ਜੀ ਨੇ ਬਾਬਾ ਸਾਹਿਬ ਸਿੰਘ ਜੀ ਦੁਆਰਾ ਮਾਈਆਂ ਬੀਬੀਆਂ ਨੂੰ ਗਹਿਣੇ ਪਾਉਣ ਦੀ ਕਿਤਨੀ ਸਖਤੀ ਨਾਲ ਮਨਾਹੀ ਕੀਤੀ, ਉਸਦਾ ਪਤਾ ਹੇਠਲੀ ਟੂਕ ਤੋਂ ਲਗਦਾ ਹੈ।

ਨੋਟ:-੧ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਪਹਿਲਾ ਸਤਯਾ ਗ੍ਰਹਿ ਸੀ,ਜਿਸਦੇ ਅਨੁਸਾਰ ਸਚੇ ਪਾਤਸ਼ਾਹ ਜੀ [illegible] ਹੁਕਮ ਦੀ ਉਲੰਘਣਾ ਕਰਕੇ ਅੰਮ੍ਰਿਤਸਰ ਦੀਪਮਾਲਾ ਉਤੇ ਹਜਾਰਾਂ ਸੰਗਤਾਂ ਸਮੇਤ ਗਏ।

ਸ੍ਰੀ ਸਤਿਗੁਰੂ ਜੀ ਨੇ ਇਕ ਦਿਨ ਜਨਾਨੀਆਂ ਦੇ ਹਥਾਂ ਵਿਚ ਚੂੜੀਆਂ ਤੇ ਪੈਰਾਂ ਵਿਚ ਪੌਚੀਆਂ ਪਈਆਂ ਵੇਖ ਸੂਬਾ ਸਾਹਿਬ ਸਿੰਘ ਨੂੰ ਆਖਿਆ, "ਲਿਆ ਭਾਈ ਸਾਹਿਬ ਸਿੰਘਾ ਰੰਬਾ ਇਨਾਂ (ਮਾਈਆਂ ਬੀਬੀਆਂ) ਦੀਆਂ ਪੌਚੀਆਂ ਵਢੀਏ। (ਸਾਹਿਬ ਸਿੰਘ ਨੇ ਹੁਕਮ ਮੰਨਕੇ ਰੰਬਾ ਲਿਆਂਦਾ, ਸਚੇ ਪਾਤਸ਼ਾਹ ਨੇ ਅਪਣੇ ਹਥਾਂ ਨਾਲ ਉਨਾਂ ਬੀਬੀਆਂ ਦੀਆਂ ਪੌਚੀਆਂ) ਵਿਰ ਵਢ ਕੇ ਬਚਨ ਕੀਤਾ, ਭਾਈ (ਏਹੋ ਜਿਹ ਗਹਿਣੇ) ਸ਼ੈ ਸਿਆਣੀਆਂ, ਤੇ ਚੰਗੜੀਆਂ, ਰਖਿਆ ਕਰਦੀਆਂ ਹਨ" ਇਸ ਤਰਾਂ ਸਭ ਮਾਈਆਂ ਬੀਬੀਆਂ ਨੂੰ ਸੰਬੋਧਨ ਕਰਦਿਆਂ ਹੁਕਮ ਕੀਤਾ) ਚੂੜੀਆਂ, ਪੌਚੀਆਂ ਬੁਗਤੀਆਂ, ਆਦਿਕ ਗਹਿਣੇ ਫੇਰ ਕਿਸੇ ਨੇ ਨਹੀ ਪਾਉਣੇ। ੧

(ਪੰਨਾ ੨੩੧)

(੧੩)

ਸੂਬਾ ਜੀ ਦੀ ਸਿਆਣਪ ਅਤੇ ਸਤਿਗੁਰੂ ਜੀ ਦੀ ਵਿਸ਼ਾਲਤਾ:—

ਇਕ ਵਾਰੀ ਨਗਰ ਵਰਨਾਂ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਸਮੇ ਦੀਵਾਨ ਵਿਚ (ਇਕ ਸਾਧਾਰਨ ਜਿਹਾ ਰਾਗੀ ਆਇਆ ਤੇ ਉਸਨੇ ਸ਼ਬਦ ਸੁਣੌਣ ਦੀ ਆਗਿਆ ਮੰਗੀ ਸਚੇ ਪਾਤਸ਼ਾਹ ਜੀ ਨੇ ਪ੍ਰਵਾਨਗੀ ਦੇ ਦਿਤੀ) ਸਾਧਾਰਨ ਜਿਹੇ ਰਾਗੀ ਨੇ ਦੁਤਾਰਾ ਵਜਾਕੇ (ਇਕ) ਸ਼ਬਦ ਪੜ੍ਹਿਆ। ਸਚੇ ਪਾਤਸ਼ਾਹ ਬਚਨ ਕੀਤਾ, ਸਾਹਿਬ ਸਿੰਘ ਇਸਕੋ ਦੋ ਰੁਪੈ ਦੇ ਦਿਓ? ਸਾਹਿਬ ਸਿੰਘ ਨੇ ਕਹਿਆ, ਜੀ! ਇਹ ਰਬਾਬੀ ਤਾਂ ਚੁਵੰਨੀ ਅਠੰਨੀ ਦੀ ਹੀ ਲਾਇਕ ਹੈ(ਭਾਵ, ਇਹ ਕੋਈ ਇਤਨਾ ਵਡਾ ਸੰਗੀਤ ਕਾਰ ਤਾਂ ਹੈ ਨਹੀ ਜਿਸਨੂੰ ਦੋ ਰੁਪੈ ਦਿਤੇ ਜਾਣ? ਇਹ ਵੀ ਯਾਦ ਰਖਣ ਵਾਲੀ ਗਲ ਹੈ ਕਿ ਉਸ ਵਕਤ ਦੇ ਦੋ ਰੁਪੈ ਸ਼ਾਇਦ ਅਜ ਦੇ ਸੌ ਰੁਪੈ ਦੇ ਬਰਾਬਰ ਹੋਣ)

(ਜਿਸ ਵਕਤ ਸੂਬਾ ਸਾਹਿਬ ਸਿੰਘ ਜੀ ਨੇ ਉਸ ਰਬਾਬੀ ਨੂੰ ਚਾਰ ਜਾਂ ਅੱਠ ਆਨੇ ਦੇਣ ਦਾ ਸੁਝਾਓ ਦਿਤਾ) ਉਸ ਵਕਤ ਸ੍ਰੀ ਸਤਿਗੁਰ ਜੀ ਉਪਰ ਇਕ ਰੇਸਮੀ ਚਾਦਰ ਸੀ, ਜਿਸਦੀ ਕੀਮਤ ਉਹਨਾਂ ਦਿਨਾਂ ਵਿਚ ੨੧)ਰੁਪੈ ਸੀ, ਲਾਹਕੇ (ਉਸ ਰਬਾਬੀ ਨੂੰ)ਦੇ ਦਿਤੀ, ਤੇ ਨਾਲ ਦੋ ਰੁਪੈ ਵੀ ਦਿਵਾਏ।

(ਪੰਨਾ ੨੩੫)

ਸੂਬਾ ਸਾਹਿਬ ਸਿੰਘ ਜੀ ਤੇ ਨਿਹੰਗ ਸਿੰਘ ਜੀ ਸਫੀਰ ਬਣਕੇ ਨਿਪਾਲ ਗਏ:—

ਸ੍ਰੀ ਸਤਿਗੁਰੂ ਰਾਮ ਸਿੰਘ ਜੀਨੇ ਰਾਜਸੀ ਪ੍ਰੋਗ੍ਰਾਮ ਦੇ ਸਬੰਧ ਵਿਚ ਦੂਜੇ ਮੁਲਕਾਂ ਨਾਲ ਜੋ ਮੇਲ ਜੋਲ ਬਣਾਇਆ, ਉਸਦਾ ਸੰਕੇਤ ਹੇਠ ਲਿਖੀ ਟੂਕ ਤੋਂ ਚੰਗੀਤਰਾਂ ਮਿਲ ਜਾਂਦਾ ਹੈ। ਜਿਹਾ ਕਿ:—

"ਫਤੇ ਵਾਲ (ਜ਼ਿਲਾ ਅਮ੍ਰਿਤਸਰ) ਦਾ ਕਿਸ਼ਨ ਸਿੰਘ ਨਾਮੀ ਸਿਖ ਕਿਸੇ ਤਰਾਂ (ਵਿਹਾਰ ਦੇ ਸਿਲ ਸਿਲੇ ਵਿਚ) ਨਿਪਾਲ

ਨੋਟ:—(੧)ਨਾਮਧਾਰੀ ਮਾਈਆਂ ਬੀਬੀਆਂ ਵਾਸਤੇ ਉਪ੍ਰੋਕਤ ਲਿਖਤ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਤੋਂ ਹੀ ਸੋਨੇ ਚਾਂਦੀ ਦੇ ਗਹਿਣੇ ਪਾਉਣ ਦੀ ਮਨਾਹੀ ਹੈ, ਤੇ ਉਸ ਵਕਤ ਤੋਂ ਬਾਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਬੀਬੀਆਂ ਨੂੰ ਗਹਿਣਾ ਨਾ ਪਾਉਣ ਵਾਸਤੇ ਹੁਕਮ ਕਰਦੇ ਚਲੇ ਆ ਰਹੇ ਹਨ। ਪਰ ਬਹੁਤ ਥੋੜੀਆਂ ਮਾਈਆਂ ਹੀ ਇਸ ਹੁਕਮ ਦੀ ਪਾਲਨਾ ਕਰਦੀਆਂ ਹਨ। ਜਦੋਂ ਕਿ ਸਭ ਨਾਮਧਾਰੀ ਬੀਬੀਆਂ ਲਈ ਇਸ ਹੁਕਮ ਦੀ ਪਾਲਨਾ ਕਰਨੀ ਬੜੀ ਜ਼ਰੂਰੀ ਹੈ।

ਪਹੁੰਚ ਗਿਆ। ਅਰ ਓਥੇ ਮਹਾਰਾਜੇ ਦੇ ਦ੍ਰਬਾਰ ਵਿਚ ਰਹਿ ਪਿਆ। ਇਹ ਨਾਮਧਾਰੀ ਸਿਘ ਸੀ, ਇਸਨੇ ਸਮਾ ਮਿਲਣ ਤੇ ਉਥੇ ਸਹਿਜੇ ਸਹਿਜੇ ਨਾਮਧਾਰੀ ਪੰਥ ਦੀ ਰਹਿਤ ਬਹਿਤ ਅਤੇ ਸ੍ਰੀ ਸਤਿਗੁਰੂ ਜੀ ਦੀ ਸੋਭਾ ਬਾਕੀ ਸਾਖੀਆਂ ਨਾਲ ਕਰਨੀ ਸ਼ੁਰੂ ਕਰ ਦਿਤੀ। (ਯਾਦ ਰਹੇ ਕਿ ਨਿਪਾਲ ਵਿਚ ਤਕ਼ਰੀਬਨ ਸਭ ਨਿਪਾਲੀ ਬੋਧੀ ਹੁੰਦੇ ਹਨ ਜੋ ਅਹਿਸਕ ਹੁਦੇ ਹਨ ਤੇ ਸ਼ਰਾਬ ਵੀ ਨਹੀ ਪੀਂਦੇ ਤੇ ਆਪਣਾ ਗ੍ਰਹਿਣ ਕੀਤਾ ਮੰਤ੍ਰ ਵੀ ਮਾਲਾ ਨਾਲ ਹੀ ਸਿਮਰਦੇ ਹਨ) ਕਿਸ਼ਨਸਿੰਘ ਦੀਆਂ ਗਲਾਂ ਬਾਤਾਂ, ਰਹਿਣੀ ਬਹਿਣੀ ਤੇ ਕਥਾ ਵਾਰਤਾ ਦਾ ਪਤਾ ਮਹਾਰਾਜੇ ਨੂੰ ਵੀ ਲਗ ਗਿਆ। ਜਿਸ ਤੋਂ ਪ੍ਰਭਾਵਿਤ ਹੋਕੇ ਇਕਦਿਨ ਮਹਾਰਾਜੇ(ਰਾਣਾ ਜੰਗ ਬਹਾਦਰ) ਨੇ ਕਿਸ਼ਨ ਸਿੰਘ ਨੂੰ ਪਾਸ ਬੈਠਾਕੇ ਸ੍ਰੀ ਸਤਿਗੁਰੂ ਜੀ ਬਾਬਤ ਬਹੁਤ ਸਾਰੀ ਜਾਣ-ਕਾਰੀ ਪ੍ਰਾਪਤ ਕੀਤੀ (ਮਾਲੂਮ ਹੁਦਾ ਹੈ ਕਿ ਕਿਸ਼ਨ ਸਿੰਘ ਫਤੇ ਵਾਲੀਏ ਨੂੰ ਵੀ ਸ੍ਰੀ ਸਤਿਗੁਰੂ ਜੀ ਨੇ ਹੀ ਰਾਣੇ ਨਾਲ ਸਹਿਜੇ ਸਹਿਜੇ ਸੰਪ੍ਰਕ ਪੈਦਾ ਕਰਨ ਲਈ ਭੇਜਿਆ ਹੋਵੇਗਾ) ਭਾਈ ਕਿਸ਼ਨ ਸਿੰਘ ਨੇ ਦਸਿਆਂ ਕਿ ਪੰਜਾਬ ਵਿਚ ਸ੍ਰੀ ਗੁਰੂ ਨਾਨਕ ਦੀ ਗਦੀ ਤੇ ਇਸ ਵਕਤ ਜੋ ਬਾਰ੍ਹਵੇਂ ਸਤਿਗੁਰੂ ਬਿਰਾਜ ਮਾਨ ਹਨ, ਉਹਨਾਂ ਦਾ ਨਿਸ਼ਾਨਾ ਗਊ ਗਰੀਬ ਦੀ ਰਖਿਆ ਕਰਨੀ, ਲੋਕਾਂ ਨੂੰ ਅਹਿੰਸਾ ਦਾ (ਮਾਸ ਸ਼ਰਾਬ ਤਿਆਗਨ ਦਾ) ਪ੍ਰਚਾਰ ਕਰਨਾ, ਸਨਾਤਨ ਮਰਯਾਦਾ ਕਾਇਮ ਰਖਨ ਤੇ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਭਾਰਤ ਨੂੰ ਆਜਾਦ ਕਰਵਾਉਣਾ ਹੈ।

ਕਿਸ਼ਨ ਸਿੰਘ ਤੋਂ ਇਤਆਦਿਕ ਬਚਨ ਸੁਣਕੇ ਰਾਣਾ ਜੰਗ ਬਹਾਦਰ ਬਹੁਤ ਹੀ ਪ੍ਰਸੰਨ ਹੋਇਆ,ਤੇ ਉਸਨੇ ਸਤਿਗੁਰੂ ਸਚੇ ਪਾਤਸ਼ਾਹ ਜੀ ਨਾਲ ਸੰਪ੍ਰਕ (ਤਾਲ ਮੇਲ) ਕਾਇਮ ਕਰਨ ਲਈ ਪੁਛਿਆ, ਕਿ ਪੰਜਾਬ ਵਿਚ ਕਿਹੜੇ ਪਸ਼ੂ ਵਧੀਆ ਕਿਸਮ ਦੇ ਮਿਲ ਜਾਂਦੇ ਹਨ? ਕਿਸ਼ਨ ਸਿੰਘ ਨੇ ਦਸਿਆ ਕਿ ਸਾਡੇ ਦੇਸ਼ ਵਿਚ ਮਝਾਂ ਤੇ ਖਚਰਾਂ ਵਧੀਆ ਮਿਲ ਜਾਂਦੀਆਂ ਹਨ।

ਰਾਣਾ ਜੰਗ ਬਹਾਦਰ ਨੇ ਖਾਹਿਸ਼ ਜ਼ਾਹਿਰ ਕੀਤੀ ਕਿ ਸਤਿਗੁਰੂ ਜੀ ਦੁਆਰਾ ਮੈਨੂੰ ਦੋ ਖੱਚਰਾਂ ਤੇ ਦੋ ਮਝਾਂ ਮਿਲ ਜਾਣ ਤਾਂ ਬੜੀ ਚੰਗੀ ਗਲ ਹੋਵੇ?

ਭਾਈ ਕਿਸ਼ਨ ਸਿੰਘ ਨੇ ਅਪਣੇ ਢੰਗ ਨਾਲ ਭੈਣੀ ਸਾਹਿਬ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਚ ਬੜੇ ਪ੍ਰੇਮ ਸਹਿਤ ਉਪ੍ਰੋਕਤ ਗਲ ਬਾਤ ਬਾਬਤ ਅਰਦਾਸ ਭੇਜੀ, ਕਿ ਰਾਣਾ ਨੈਪਾਲ ਨੇ ਆਪ ਜੀ ਤੋਂ ਦੋ ਖਚਰਾਂ ਤੇ ਦੋ ਮਝਾਂ ਮੰਗਵੌਣ ਦੀ ਖਾਹਿਸ਼ ਜਾਹਿਰ ਕੀਤੀ ਹੈ।

ਕਿਸ਼ਨ ਸਿੰਘ ਦੀ ਚਿਠੀ ਮਿਲਣ ਤੇ ਸ੍ਰੀ ਸਤਿਗੁਰੂ ਰਾਮ ਸਿਘ ਜੀ ਨੇ ਚੰਗੀ ਨਸਲ ਦੀਆਂ ਦੋ ਮੱਝਾਂ ਤੇ ਦੋ ਵਧੀਆਂ ਖਚਰਾਂ ਦੇ ਕੇ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ ਜੀ (ਨਿਹੰਗ) ਨੂੰ ੪ ਸਿੰਘਾਂ (ਸੇਵਕਾਂ) ਸਮੇਤ ਅਪਨੇ ਵਲੋਂ ਸਫੀਰ ਬਣਾਕੇ ਨਿਪਾਲ ਭੇਜਿਆ।

ਜਦ ਮਹਾਰਾਣੇ ਨਿਪਾਲ ਨੇ ਦੋਹਾਂ ਸੂਬਿਆਂ ਦੇ ਹੰਸਾਂ ਸਮਾਨ ਚਿਟੇ ਦੁਧ ਬਸਤ੍ਰਾਂ ਵਿਚ ਦਰਸ਼ਨ ਕੀਤੇ ਅਤੇ ਮਿਠੇ ਮਿਠੇ ਬਚਨ ਸੁਣੇ ਅਥਵਾ ਵਧੀਆ (ਕੁੰਢੀਆਂ ਤੇ ਸੁੰਦਰ) ਮਝਾਂ ਤੇ ਖੱਚਰਾਂ ਦੇਖੀਆਂ ਤਾਂ ਰਾਣਾ ਬਹੁਤ ਹੀ ਪ੍ਰਸਨ ਹੋਇਆ। ਕੁਝ ਦਿਨ ਸੂਬਾ ਸਾਹਿਬ ਸਿੰਘ ਜੀ ਤੇ ਸੂਬਾ ਕਾਨ੍ਹ ਸਿੰਘ ਜੀ ਨਿਪਾਲ ਰਹਿਕੇ ਰਾਜਸੀ ਸੂਝ ਬੂਝ ਵਾਲੇ ਬਚਨ ਬਿਲਾਸ ਰਾਣੇ ਨਾਲਕਰਦੇ ਰਹੇ।

ਨਿਪਾਲ ਤੋਂ ਭੈਣੀ ਸਾਹਿਬ ਨੂੰ ਟੁਰਨ ਸਮੇ ਰਾਣੇ ਨੇ ਸਚੇ ਪਾਤਸ਼ਾਹ ਵਾਸਤੇ ਬਹੁਤ ਵਧੀਆ ਇਕ ਗੁਟ ਘੋੜਾ, ੧੦੮ ਕਸਤੂਰੀ ਦੇ ਨਾਫਿਆਂ ਦੀ ਮਾਲਾ, ਦੋ ਨਿਪਾਲੀ ਖੋਖਰੀਆਂ, ਇਕ ਕੀਮਤੀ ਦੁਸ਼ਾਲਾ, ੪੦

ਗਜ ਬਨਾਤ ਦਾ ਥਾਨ ਤੇ ਕੁਝ ਨਕਦ ਭੇਟਾ ਦੇਕੇ ਅਗੇ ਵਾਸਤੇ ਦਰਸ਼ਨ ਮੇਲਾ ਦਿੰਦੇ ਰਹਿਣ ਵਾਸਤੇ ਰਾਣੇ ਨੇ ਬੜੇ ਪ੍ਰੇਮ ਨਾਲ ਅਰਜ ਕਰ ਭੇਜੀ। ਅਰ ਨਾਲ ਹੀ ਕਈ ਗੁਪਤ ਗਲਾਂ (ਰਾਜਸੀ ਕੰਮਾਂ ਸਬੰਧੀ ਸਤਿਗੁਰੂ ਜੀ ਨੂੰ ਦਸ ਭੇਜੀਆਂ।

(ਭਾਂਵੇ ਦੋਹਾਂ ਸੂਬੇ ਸਾਹਿਬਾਂ ਨੇ ਰਾਣੇ ਨੂੰ ਬਹੁਤ ਵਾਰੀ ਆਖਿਆ ਕਿ ਸਾਨੂੰ ਆਪ ਪਾਸੋਂ ਕੋਈ ਪਦਾਰਥ ਸ੍ਰੀ ਭੈਣੀ ਸਾਹਿਬ ਲਿਜਾਣ ਦਾ ਸ੍ਰੀ ਸਤਿਗੁਰੂ ਜੀ ਵਲੋਂ ਹੁਕਮ ਨਹੀ, ਪਰ ਰਾਣਾ ਨਿਪਾਲ ਨੇ ਨਿੰਮ੍ਰਤਾ ਪੂਰਵਿਕ ਉਪ੍ਰੋਕਤ ਵਸਤਾਂ ਗੁਰੂ ਦਰਨਾ ਵਿਚ ਬਦੋ ਬਦੀ ਭੇਜ ਦਿਤੀਆਂ।

(ਵਿਸਥਾਰ ਵਾਸਤੇ ਵੇਖੋ ਪੰਨਾ ੨੫੧)

ਸੂਬਾ ਸਾਹਿਬ ਸਿੰਘ ਵਿਚੋਲੇ ਦੇ ਰੂਪ ਵਿਚ:—

ਆਮ ਸੰਗਤ ਵਿਚ ਸੂਬਾ ਸਾਹਿਬ ਸਿੰਘ ਜੀ ਨੂੰ ਸ੍ਰੀ ਸਤਿਗੁਰੂ ਜੀ ਦਾ ਬਹੁਤ ਨਿਕਟ ਵਰਤੀ ਤੇ ਨਿਜੀ ਵਿਚੋਲਾ ਸਮਝਿਆ ਜਾਂਦਾ ਸੀ। ਇਸ ਦੀ ਮਿਸਾਲ ਹੇਠ ਲਿਖੇ ਇਤਹਾਸਿਕ ਨੋਟ ਤੋਂ ਇੰਵ ਮਿਲਦੀ ਹੈ:—

"ਇਕ ਦਿਨ ਬਾਬਾ ਜਸਾ ਸਿੰਘ ਨੇ ਬਚਨ ਕੀਤਾ ਬਾਬੇ ਸਾਹਿਬ ਸਿੰਘ ਨੂੰ, ਮੈਨੂੰ (ਪੋਤਰਿਆਂ ਦਾ) ਵਰ ਲੈ ਦੇਵੇ, ਤੁਸੀ ਸਚੇ ਪਾਤਸ਼ਾਹ ਦੇ ਦੇਹ ਪ੍ਰਾਨ ਹੋ।

ਕੋਲੋਂ ਬਾਬੇ ਕਾਨ੍ਹ ਸਿੰਘ (ਨਿਹੰਗ) ਨੇ ਭੀ ਕਹਿਆ ਮੈਨੂੰ ਭੀ ਵਰ ਲੈ ਦਿਓ।

ਫਿਰ ਬਾਬੇ ਬ੍ਰਹਮਾ ਸਿੰਘ ਨੇ ਭੀ ਕਹਾ, ਮੈਨੂੰ ਭੀ ਵਰ ਲੈ ਦੇਹੁ। ਸੂਬਾ ਸਾਹਿਬ ਸਿੰਘ ਨੇ ਆਖਿਆ, ਸਤਿਬਚਨ। ਜਿਸ ਵਕਤ ਖੁਸ਼ੀ ਮੇ ਸਚੇਪਾਤਸ਼ਾਹ ਆਵੈਂਗੇ(ਤਾਂ ਅਰਜ ਕਰਕੇ, ਵਰ) ਲੈ ਦੇਵਾਂਗਾ।

ਕੋਈ ਦਿਨ ਪਾਕੇ ਅੰਤਰ ਜਾਮੀ ਜੀ ਬਚਨ ਕੀਤਾ, ਸਾਹਿਬ ਸਿੰਘਾ ਲਿਆ ਜਿਹੜੇ ਤੈਨੂੰ ਕਹਿੰਦੇ ਨੇ ਵਰ ਲੈ ਦਿਓ?

ਪਹਿਲਾਂ ਕਾਨ੍ਹ ਸਿੰਘ ਕੋ ਸਦਿਆ, ਤੇ ਗੁਰੂ ਜੀ ਬਚਨ ਕੀਤਾ ਮੰਗ ਕੀ ਮੰਗਦਾ ਹੈਂ?ਕਾਨ੍ਹ ਸਿੰਘ ਨੇ ਅਰਜ ਕੀਤੀ, ਕਿ ਸਾਰੀ ਪ੍ਰਿਥਵੀ ਉਪਰ ਖਾਲਸਾ ਹੀ ਦਿਸੇ।......ਬਚਨਹੋਇਆ ਅਗੇ ਹੀ ਦਸਮ ਪਾਤਸ਼ਾਹ ਨੇ ਲਿਖਿਆ ਹੈ ਕਿ:—

"ਨਾ ਛਾਡਉਂ ਕਹੂੰ ਦੁਸ਼ਟ ਅਸੁਰਨਨਿਸ਼ਾਨੀ।
ਚਲੇ ਸਭ ਜਗਤ ਮੈ ਧਰਮ ਕੀ ਕਹਾਨੀ।

ਬ੍ਰਹਮਾ ਸਿੰਘ ਨੂੰ ਸਦਕੇ ਪੁਛਿਆ? ਉਸਨੇ ਕਹਾ ਕਿ ਹਾਥੀਆਂ (ਰੂਸ)ਵਾਲੇ ਦਿਸ ਪੈਣ, ਭਾਂਵੇ ਆਪ ਉਜੜ ਹੀ ਜਾਣ। (ਯਾਦ ਰਹੇ ਕਿ ਇਨਾਂ ਸਿੰਘਾਂ ਦਾ ਖਿਆਲ ਸੀ, ਕਿ ਜਦੋਂ ਰੂਸ ਪੰਜਾਬ ਵਿਚ ਆਵੇਗਾ ਤੇ ਬਾਰਾਂ ਬਾਰਾਂ ਕੋਹਾਂ ਤੇ ਦੀਵਾ ਬਲੇਗਾ। ਅਥਵਾ ਭਿਆਣਕ ਭਾਣਾ ਵਰਤੇਗਾ, ਤਾਂ ਉਸ ਤੋਂ ਬਾਦ ਖਾਲਸੇ ਦਾ ਧਰਮ ਵਾਲਾ ਰਾਜ ਸਥਾਪਿਤ ਹੋਵੇਗਾ। ਇਸ ਵਾਸਤੇ ਬਾਬਾ ਬ੍ਰਹਮਾ ਸਿੰਘਜੀਨੇ ਰੂਸਾਂ ਦੇ ਆਉਣਦਾ ਵਰ ਮੰਗਿਆ) (ਸਤਿਗੁਰੂ ਜੀ ਨੇ ਬਚਨ ਕੀਤਾ) ਕਿ ਈਸ਼ਵਰੋਂ ਕੇ ਬਚਨ ਕਦੇ ਅਨਥਾ ਨਹੀ ਜਾਂਦੇ ਹੈਂਨ।

ਕੋਲੋਂ ਸਿੰਘਾਂ ਨੇ ਕਿਹਾ (ਗੁਰੂ ਜੀ ਬਾਬੇ ਬ੍ਰਹਮਾ ਸਿਘ ਦੇ ਵਰ ਦੀ ਸਾਨੂੰ ਸਮਝ ਨਹੀ ਆਈ) ਆਪ ਕੋ ਤਾਂ ਸਮਝ ਪਈ ਹੈ, ਸਾਨੂੰ ਪਤਾ ਨਹੀ ਲਗਾ,(ਸ੍ਰੀ ਸਤਿਗੁਰੂ ਜੀ ਵਲੋਂ) ਬਚਨ ਹੋਇਆ, ਕਹਿੰਦਾ ਹੈ ਰੂਸ ਆਇ ਜਾਵਣ(ਸਾਡੇ)ਪਿੰਡ ਭਾਵੇਂ ਉਜੜ ਹੀ ਜਾਣ।......

ਬਾਬੇ ਜਸਾ ਸਿੰਘ ਕੋ ਸਦਕੇ ਬਚਨ ਕੀਤਾ, ਮੰਗੋ ਕੀ ਮੰਗਣਾ ਹੈ? ਬਾਬਾ ਜੀ ਨੇ ਕਹਾ! ਤੇਰੇ ਏਕ ਲੜਕਾ ਹੋ ਜਾਵੇ? ਜਾਂ ਬੁਧ ਸਿਘ ਦੇ ਹੋ ਜਾਵ? (ਸਤਿਗੁਰੂ ਜੀ ਵਲੋਂ) ਬਚਨ ਹੋਇਆ,ਮੇਰਾ ਤਾਂ ਨਹੀ, ਪਰ ਸਮਾ ਪਾਇਕੇ ਬੁਧ ਸਿੰਘ ਦੇ ਘਰ ਹੋਇ ਜਾਇਗਾ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਤੂ ਆਂਹਦਾ ਹੋਵੇਗਾ,ਕਿਇਹਮੇਰਾ ਪੁਤਰ ਹੈ,ਅਸੀਂ ਆਦਿਅੰਤ

ਕਿਸ ਦੇ ਨਹੀ ਹੋਏ ।........

(ਪੰਨਾ ੨੭੩)

ਸੂਬਾ ਸਾਹਿਬ ਸਿੰਘ ਲੰਗਰ ਦਾ ਵਰਤਾਵਾ ।

ਇਕ ਵਾਰੀ ਸ੍ਰੀ ਸਤਿਗੁਰੂ ਜੀ ਰਾਏਪੁਰ (ਦੌਰੇ) ਆਏ, ਲੰਗਰ ਤਿਆਰ ਹੋਇਆ, ਗੁਰੂ ਜੀ ਕੋਠੇ ਪਰ ਬੈਠੇ, ਲੰਗਰ ਵਰਤਨੇ ਲਗਾ । ਪਰ (ਇਕਦਮ ਹੀ ਇਹ ਰੌਲਾ ਪੈ ਗਿਆ ਕਿ ਲੰਗਰ ਮੁੱਕਾ ਕਿ ਮੁੱਕਾ)ਰੌਲਾ ਬੜ੍ਹਾਪਿਆ । ਸ੍ਰੀ ਸਤਿਗੁਰੂ ਜੀ ਨੇ ਬਾਬੇ ਸਾਹਿਬ ਸਿੰਘ ਨੂੰ ਸਦਕੇ ਬਚਨ ਕੀਤਾ, ਤੂੰ ਜਾਕੇ ਪ੍ਰਸਾਦ ਵਰਤਾ (ਅਤੇ ਜੋ ਵਰਤਾਵੇ ਲਗੇ ਹਨ)**ਉਨ੍ਹਾਂ** ਨੂੰ ਹਟਾਇ ਦੇਵੋ ।

ਲੰਗਰ ਵਿਚ ਮਿਠਾ ਪਲਾਉ ਵਰਤਦਾ ਸੀ,ਪਰ ਮਲੂਮ ਹੁੰਦਾ ਸੀ, ਕਿ ਇਹ ਤਾਂ ਹੁਣੇ ਬਰਤ ਜਾਊਗਾ, ਅਗੇ ਕੀ ਵਰਤਾਵਾਂਗੇ ?

ਜਾਂ ਬਾਬਾ ਸਾਹਿਬ ਸਿੰਘ ਵਰਤਾਉਣ ਲਗਾ ਤਾਂ (ਕੁਦਰਤੀ ਇਕਦਮ) ਚੁਪ ਚਾਪ ਹੋ ਗਈ । ਮਿਠਾ ਪਲਾਉ ਭੀ ਨ ਮੁੱਕਾ' ਗੁਰੂ ਜੀ ਕੇ ਪ੍ਰਤਾਪ ਨਾਲ ਸਾਰੀ ਸੰਗਤ ਕੋ ਪ੍ਰਸੰਨ ਕਰਕੇ ਛਕਾਇਆ । ਸਵੇਰੇ ਵੀ ਸੰਗਤਾਂ ਨੇ ਛਕਿਆ, ਘਰੀਂ ਭੀ ਭੇਜਿਆ

ਬਾਬੇ ਦਰਬਾਰਾ ਸਿੰਘ ਨੇ (ਸਤਿਗੁਰੂ ਜੀ ਤੋਂ ਅਰਜ ਕਰਕੇ ਪੁਛਿਆ,) ਕਿ ਇਹ ਕੀ ਸਾਂਗ ਸੀ? ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਏਥੇ (ਇਸ ਨਗਰ ਵਿਚ) ਕੁੜੀਆਂ ਬਹੁਤ ਮਰੀਆਂ ਹੋਈਆਂ ਸੀਆਂ,ਉਹੋ ਪਾਪ ਹੀ ਸਾਰਾ ਪਦਾਰਥ ਲਈ ਜਾਂਦਾ ਸੀ(ਯਾਦ ਰਹੇ ਕਿ ਉਸ ਸਮੇ ਆਮ ਸਿਖ ਸਰਦਾਰ ਤੇ ਜਿਮੀਦਾਰ ਕੁੜੀਆਂ ਜੰਮਦੀਆਂ ਦੀ ਮਰਵਾ ਦਿੰਦੇ ਸਨ, ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸਾਧ ਸੰਗਤ ਦੁਆਰਾ ਇਸ ਬਜਰ ਪਾਪ ਤੋਂ ਲੋਕਾਂ ਨੂੰ ਹਟਾਇਆ ।)ਪਲਾਉ ਨੂੰ ਉਹ ਕੁੜੀਆਂ (ਭੂਤਨੀਆਂ ਬਣਕੇ)ਲਈ ਜਾਂਦੀਆਂ ਸਨ । ਭਜਨ ਦੇ ਪ੍ਰਤਾਪ ਨਾਲ ਉਹਨਾਂ ਨੂੰ ਹਟਾਇਅ ਹੈ ਤਾਂ ਬਰਕਤ ਹੋਈ ਹੈ । ੧

ਨ ਹਟਾਉਂਦੇ ਤਾਂ (ਕਦੇ ਵੀ) ਪੂਰਾ ਨ ਸੀ ਹੁੰਦਾ ।

(ਪੰਨਾ ੨੮੭)

ਬਾਬਾ ਸਾਹਿਬ ਸਿੰਘ ਨੂੰ ਤਾੜਨਾ:-

(ਇਕ ਵਾਰੀ ਕਿਸੇ ਕਾਰਨ) ਬਾਬਾ ਸਾਹਿਬ ਨੇ ਇਕ ਮਸਤਾਨੇ ਨੂੰ ਕੋਟੜੇ ਸੇ ਮਾਰਿਆ, (ਬਿਰਦ ਪਾਲਕ ਤੇ ਮਸਤਾਨਿਆਂ ਦੇ ਅੰਗ ਸੰਗ ਸਹਾਈ ਰਹਿਣ ਵਾਲ)ਸਤਿਗੁਰੂ ਜੀ ਨੇ (ਆਪਣਾ) ਬਸਤ੍ਰ ਉਠਾਇਕੇ ਬਚਨ ਕੀਤਾ ਦੇਖੋ (ਸਾਹਿਬ ਸਿੰਘ) ਮੇਰਾ ਪਿੰਡਾ, (ਤੁਸੀ) ਮਸਤਾਨਿਆਂ ਕੋ ਮਾਰਦੇ ਹੋ । ਮਸਤਾਨੇ ਮੇਰਾ ਰੂਪ ਹਨ, ਜੋ ਇਹਨਾਂ ਨੂੰ ਮਾਰਦਾ ਹੈ ਹੋ ਮੈਨੂੰ ਹੀ ਮਾਰਦਾ ਹੈ ?

(ਪੰਨਾ ੨੯੪)

ਸੂਬਾ ਸਾਹਿਬ ਸਿੰਘ ਜੀ ਦੇ ਸੰਸੇ ਦੀ ਨਵਿਰਤੀ:-

ਇਕ ਦਿਨ ਬਾਬਾ ਸਾਹਿਬ ਸਿੰਘ ਨੇ ਅਰਜ ਕੀਤੀ, ਜੀ (ਸਚੇ ਪਾਤਸ਼ਾਹ) ਲੋਕ ਹੀਰ ਰਾਂਝਾ ਬਹੁਤ ਪੜਦੇ ਸੁਣਦੇ ਹੈਨ ।

ਦੀਨਾ ਨਾਥ ਜੀ ਬਚਨ ਕੀਤਾ, ਉਨਾਂ ਕੀ ਸਚੀ ਆਸ਼ਕੀ ਥੀ, ਉਹਨਾਂ ਵਰਗਾ ਕਲੂ ਕਾਲ ਮੇ ਕੋਈ ਨਹੀ ਹੈ ।

(ਉਨਾਂ)ਪ੍ਰਮੇਸ਼ਰ ਕੋ ਪ੍ਰਤਖ ਕੀਤਾ ਹੋਇਆ ਸੀ ।੨॥

(ਪੰਨਾ ੩੨੦)

ਨੋਟ-- ੧ ਇਸ ਪ੍ਰਸੰਗ ਤੋਂ ਉਸ ਵਕਤ ਦੇ ਵੱਡੇ ਵਡੇ ਜਿਮੀਦਾਰਾਂ ਵਲੋਂ ਜੰਮਦੀਆਂ ਧੀਆਂ ਨੂੰ ਮਾਰਨ ਤੇ ਉਨਾਂ ਲੜਕੀਆਂ ਦਾ ਪ੍ਰੇਤ ਬਣਕੇ ਲੋਕਾਂ ਨੂੰ ਤੰਗ ਕਰਨ ਦਾ ਅਥਵ ਸ੍ਰੀ ਸਤਿਗੁਰੂ ਜੀ ਵਲੋਂ ਦੋਹਾਂ ਧਿਰਾਂ ਦੇ ਉਧਾਰ ਤੇ ਸੁਧਾਰ ਕਰਨ ਦਾ ਸਬੂਤ ਚਰੀਤਰਾਂ ਮਿਲ ਜਾਂਦਾ ਹੈ ।

੨- ਇਸਤਰਾਂ ਸ੍ਰੀ ਦਸਮੇਸ਼ ਪਿਤਾ ਦੇ ਵੇਲੇ ਵੀ ਸੋਹਨੀ ਮਹੀਵਾਲ ਦੀ ਕਹਾਣੀ ਪ੍ਰੇਮ ਨਾਲ ਗੁਰੂ ਜੀ ਨੂੰ ਸੁਣਦਿਆਂ ਵੇਖਕੇ ਕੁਝ ਸਿਖਾਂ ਨੇ ਸ਼ੰਕਾ ਕੀਤਾ ਸੀ । ਤਾਂ ਗੁਰੂ ਜੀ ਨੇ ਇਕ ਚੋਜ ਦੁਆਰਾ ਸਿਖਾਂ ਨੂੰ ਦਸਿਆ ਸੀ, ਕਿ ਉਨਾਂ ਦੀ ਸਚੀ ਆਸ਼ਕੀ ਸੀ, ਜਦ ਕਿ ਉਨਾਂ ਦੇ ਮੁਕਾਬਲੇ ਵਿਚ ਸਿਦਕੀ ਸਿਖ ਬਹੁਤ ਘਟ ਹਨ ।

ਜਦੋਂ ਸੂਬਾ ਸਾਹਿਬ ਸਿੰਘ ਜੀ ਕੁਝ ਘਬਰਾ ਗਏ:—

ਜਿਸ ਦਿਨ ਸ੍ਰ. ਹੀਰਾ ਸਿੰਘ ਤੇ ਲਹਿਣਾ ਸਿੰਘ ਜੀ ਸਕਰੌਦੀ ਵਾਲੇ ਸ੍ਰੀ ਭੈਣੀ ਸਾਹਿਬ ਤੋਂ ਮਲੇਰ ਕੋਟਲੇ ਲਈ ਚੜਾਈ ਕਰਨ ਵਾਸਤੇ ਤਿਆਰੀ ਦੇ ਸਬੰਧ ਵਿਚ ਸ੍ਰੀ ਸਤਿਗੁਰ ਰਾਮ ਸਿੰਘ ਜੀ ਤੋਂ ਆਗਿਆ ਪ੍ਰਾਪਤ ਕਰਨ ਦੇ ਬਚਨ ਬਿਲਾਸ ਕਰਰਹੇ ਸਨ ਤਾਂ

"ਦੀਨ ਦਿਆਲ ਜੀ ਬਚਨ ਕੀਤਾ,"ਹੀਰਾ ਸਿੰਘ ਪੈੜ ਮੇਸ ਦੇਣੀ" ਹੀਰਾ ਸਿੰਘ ਕਹਿਆ ਜੀ ਸਤਿਬਚਨ... (ਤੁਰਨ ਤੋਂ ਪਹਿਲਾਂ)ਬਚਨ ਹੋਇਆ,(ਮਸਤਾਨਿਓ) ਰਸਤਾਂ ਲੈ ਲਵੋ, ਤੇ ਅਗੇ ਜਾਇਕੇ ਬਣ ਵੋ ਪ੍ਰਸਾਦ" (ਅਰਥਾਤ ਜਿਥੇ ਤੁਹਾਨੂੰ ਵਕਤ ਮਿਲੇ ਓਥੇ ਪ੍ਰਸਾਦ ਬਣਾਕੇ ਛਕ ਲੈਣਾ) ਹੀਰਾ ਸਿਘ ਕਹਿਆ ਜੀ (ਸਚੇ ਪਾਤਸ਼ਾਹ) ਲੰਗਰੋਂ ਛਕਕੇ ਚਲਾਂਗੇ, ਅਗੇ ਸਾਡੀ ਮਾਂ ਤਾਂ ਨਹੀ ਬੈਠੀ ਪਕਾਉਣ ਵਾਲੀ ?...... (ਸ੍ਰ. ਹੀਰਾ ਸਿਘ ਦੀ ਇਹ ਗਲ ਸੁਣਕੇ) ਬਾਬੇ ਸਾਹਿਬ ਸਿੰਘ ਕਹਿਆ ਸੰਗਤ ਦਾ ਪ੍ਰਸਾਦ ਬਣਿਆ ਸੀ, ਇਸਨੂੰ ਨ ਗਵਾਵੋ ?

(ਅਰਥਾਤ—ਕਿ ਤੁਸੀ ਲੰਗਰ ਵਾਲਾ ਬਣਿਆ ਕੜਾਹ ਪ੍ਰਸਾਦ ਨ ਛਕੋ ਇਹ ਹੋਰ ਸੰਗਤ ਦੇ ਵਰਤੋਣ ਵਾਸਤੇ ਹੀ ਹੈ, ਅਰ ਤੁਸੀ ਰਸਦ ਲੈ ਜਾਵੋ, ਤੇ ਕਿਤੇ ਹੋਰ ਥਾਂ ਜਾਕੇ ਪ੍ਰਸਾਦ ਬਣਾ ਲਿਓ) (ਪਰ ਅਗੋਂ) ਹੀਰਾ ਸਿੰਘ ਕਹਿਆ ! ਮਸੰਦਾ ! ਖਾਇਕੇ ਪੇਟ ਵਧਾਇਆ ਹੈਈ, ਜਿਤਨਾ ਚਿਰ ਅਸੀ ਗਿਆਨਾ ਸਿੰਘ ਦਾ ਬੈਰ ਨਹੀ ਲੈ ਲੈਂਦੇ, ਉਤਨਾ ਚਿਰ ਸਾਨੂੰ ਪ੍ਰਸਾਦਾ ਛਕਣਾ ਹਾਰਾਮ ਹੈ(ਅਰਥਾਤ ਏਥੇ ਜੋਪ੍ਰਸਾਦ ਦਾ ਵਰਤਾਰਾ ਸਤਿਗੁਰੂ ਜੀ ਹੱਥੋਂ ਲੈਣਾ ਹੈ, ਇਹਤਾਂ ਇਕ ਸਾਡਾ ਆਖਰੀ 'ਗੁਰੂ ਪ੍ਰਸਾਦ' ਹੈ, ਜੋ ਮੁੜਕੇ ਇਸ ਜੀਵਨ ਵਿਚ ਪ੍ਰਾਪਤ ਨਹੀ ਹੋਣਾ? ਨਹੀ ਤਾਂ ਸਾਨੂੰ ਏਥੇ ਕੜਾਹ ਪ੍ਰਸਾਦ ਦੇ ਗਹਿਰੇ ਗਫੇ ਲੈਣ ਦੀ ਕੋਈ ਚਾਹ ਨਹੀ ?) ਅਸਾਂ ਤਾਂ ਗਿਆਨਾ ਸਿੰਘ ਦੀ ਜੰਘੇ ਚੜਨਾ ਹੈ।

(ਜਦੋਂ ਸ੍ਰ. ਹੀਰਾ ਸਿੰਘ ਤੋਂ ਇਸਤਰਾਂ ਜੋਸ਼ ਤੇ ਰੋਹ ਭਰਿਆ ਜਵਾਬ ਸੁਣਿਆ ਤਾਂ) ਸਾਹਿਬ ਸਿੰਘ ਸੂਬੇ ਦਾ ਮੂਹ ਪੀਲਾ ਹੋ ਗਿਆ। ਤੇ ਚੁਪ ਕਰ ਰਹਿਆ।

(ਸ੍ਰ. ਹੀਰਾ ਸਿੰਘ ਤੇ ਸੂਬਾ ਸਾਹਿਬ ਸਿਘਦੀਆਂ ਗਲਾਂ ਸੁਣਕੇ)"ਸ੍ਰੀ ਸਤਿਗੁਰ ਜੀ ਬਚਨ ਕੀਤਾ, ਸੁਣਾ ਸਾਹਿਬ ਸਿੰਘਾ ਕੀ ਖਬਰ ਹੈ ?"......... (ਸੂਬਾ ਜੀ ਨੇ ਫਿਰ ਕੋਈ ਜਵਾਬ ਨ ਦਿਤਾ)

ਸੂਬਾ ਸਾਹਿਬ ਸਿੰਘ ਜੀ ਸ੍ਰੀ ਸਤਿਗੁਰੂ ਜੀ ਨਾਲ ਮਲੌਦ ਗਏ

ਸ਼ਹੀਦੀ ਜਥਾ ਸ੍ਰੀ ਭੈਣੀ ਸਾਹਿਬੋਂ ਰਾਤ ਰਬੋਂ ਪਿੰਡ ਰਹਿਕੇ ਅਗਲੇ ਦਿਨ ਮਲੌਦ ਸ੍ਰ. ਬਦਨ ਸਿੰਘ ਦੇ ਕਿਲੇ ਵਿਚ ਪੁਜਾ, ਤੇ ਜਦੋਂ ਗਲਾਂ ਬਾਤਾਂ ਕਰਦਿਆਂ ਦੰਗੀ ਲੜਾਈ ਹੋ ਗਈ, ਤੇ ਦੋ ਨੌਕਰ ਉਸਦੇ ਤੇ ਦੋ ਸਿੰਘ ਜਖੇ ਚੜਾਈ ਕਰ ਗਏ, ਤਾਂ ਇਸ ਝਗੜੇ ਦੀ ਪੜਤਾਲ ਵਾਸਤੇ ਲੁਧਿਆਣੇ ਦੇ ਡੀ. ਸੀ. ਨੇ ਇਕ ਥਾਨੇਦਾਰ ਨੂੰ ਸ੍ਰੀ ਭੈਣੀ ਸਾਹਿਬ ਭੇਜਕੇ ਸ੍ਰੀ ਸਤਿਗੁਰੂ ਜੀ ਨੂੰ ਮਲੌਦ ਸਦਿਆ। ਤਾਂ ਉਸ ਵਕਤ ਸਚੇ ਪਾਤਸ਼ਾਹ ਜੀ ਜਿਨ੍ਹਾਂ ਪੰਜਾਂ ਸਿਘਾਂ ਸਮੇਤ ਮਲੌਦ ਗਏ ਉਨਾਂ ਵਿਚ ਸੂਬਾ ਸਾਹਿਬ ਸਿੰਘ ਜੀ ਵੀ ਨਾਲ ਸਨ। ਜਿਹਾ ਕਿ:—

"ਮਲੌਦ ਤੋਂ ਥਾਨੇਦਾਰ ਰਾਮਦਾਸ ਪੁਰੇ ਸਾਹਿਬ ਆਇਆ। ਥਾਨੇਦਾਰ ਨੇ ਕਿਹਾ ਕਿ ਮਲੌਦ ਮੈ ਫਰੰਗੀ ਨੇ ਯਾਦ ਕੀਤਾ ਹੈ। ਪੰਜਾਂ ਸਿੰਘਾਂ ਨਾਲ ਆਵਣਾ। ਥਾਨੇਦਾਰ ਕਹਿਕੇ ਚਲਾ ਗਿਆ। ਗੁਰੂ ਸਾਹਿਬ ਜੀ ਪੰਜਾਂ ਸਿੰਘਾਂ ਨਾਲ ਚਲੇ।
(ਪੰਜਾਂ ਸਿੰਘਾਂ ਦੇ ਨਾਮ)

ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਸਾਹਿਬ ਸਿਘ (ਸੂਬੇ) ਅਤੇ ਖਜਾਨ ਸਿੰਘ, ਤੇ ਜੋਗਾ ਸਿੰਘ, ਗੁਰੂ ਜੀ ਸੁਰਖੀ ਘੋੜੀ ਪਰ ਸਵਾਰ ਹੋਏ ਤੇ (ਸਿੰਘ ਹੋਰ ਘੋੜੀਆਂ ਤੇ ਅਸਵਾਰ ਹੋਕੇ ਮਲੌਦ ਪਹੁੰਚੇ।) ......

ਸੂਬਾ ਸਾਹਿਬ ਸਿੰਘ ਜੀ ਨੂੰ ਸੀਤ ਪ੍ਰਸਾਦਿ

"ਮਲੌਦ ਪਹੁੰਚਣ ਵਾਲੇ ਦਿਨ,ਰਾਤ ਨੂੰ(ਸਚੇਪਾਤਸ਼ਾਹ ਜੀ ਸੂਬਿਆਂ ਸਮੇਤ) ਗੁੜਥਲੀ ਜਾਇ ਰਹੇ। ਰਾਤ ਬਿਰਾਜੇ ਨਹੀ ਏਹੁ ਬਚਨ ਕਰਨ ਕਿ ਸਿੰਘ ਤੋਪਾਂ ਨਾਲ ਉਡਨ ਤਾਂ ਅਛੀ ਬਾਤ ਹੋਵੇਗੀ? ਨ ਫਾਂਸੀ ਲਗਣ, ਤੇ ਨ ਕੈਦ ਹੋਵਣ!

(ਇਤਿ ਆਦਿਕ) ਬਚਨ ਕਰਦਿਆਂ ਕਿਸੇ ਪ੍ਰੇਮੀ ਨੇ ਦੁਧ ਦਾ ਛੰਨਾ(ਲਿਆਕੇ)ਸਤਿਗੁਰੂ ਜੀ ਨੂੰ ਦਿਤਾ। ਪਰ ਸਤਿਗੁਰੂ ਜੀ ਛਕਣ ਨ, ਸਿੰਘਾਂ ਦੇ ਕਹੇ ਕਹਾਏ ਛੰਨਾਂ ਮੁਖੜੇ ਨੂੰ ਲਾਇਆ (ਅਤੇ ਦੋ ਘੁਟਾਂ ਛਕਕੇ) ਤੇ ਬਾਬੇ ਸਾਹਿਬ ਸਿੰਘ ਨੂੰ ਛੰਨਾ ਫੜਾ ਕੇ ਉਸਨੂੰਦੁਧ ਛਕਣ ਦਾ ਹੁਕਮ ਦਿਤਾ। ਬਾਬੇ ਨੇ ਵੀ ਦੋ ਤਿੰਨ ਘੁਟ ਭਰਕੇ ਦੁਧ ਦਾ ਛੰਨਾ ਹੋਰਇਕ ਸਿੰਘ ਨੂੰ ਦੇ ਦਿਤਾ।

(ਪੰਨਾ ੪੧੭)

ਬਾਬਾ ਸਾਹਿਬ ਸਿੰਘ ਫੌਜਾਂ ਦਾ ਅਫਸਰ:-

ਮਲੌਦ ਤੋਂ ਵਾਪਿਸ ਸ੍ਰੀ ਭੈਣੀ ਸਾਹਿਬ ਆਉਂਦਿਆਂ ਰਸਤੇ ਵਿਚ ਬਚਨ ਬਿਲਾਸ ਕਰਦਿਆਂ,

'ਬਾਬੇ ਜਵਾਹਰ ਸਿੰਘ ਜੀ ਨੇ ਕਹਿਆ ਸਾਹਿਬ ਸਿੰਘਾ ਹੁਣ ਕੋਠੜੀ ਵਿਚ ਬੈਠਕੇ (ਬਦਾਮਾਂ ਦੀ ਸਘਨੀ) ਸਰਦਾਈ ਪੀਣੀ ਨਹੀ ਮਿਲਣੀ? ਹੁਣ ਸਾਨੂੰ ਤੁਹਾਨੂੰ ਏਥੇ (ਸ੍ਰੀ ਭੈਣੀ ਸਾਹਿਬ) ਵੀ ਬੈਠਨਾ ਨਹੀ ਮਿਲਣਾ।............

ਸ੍ਰੀ ਸਤਿਗਰੂ ਜੀ ਬਚਨ ਕੀਤਾ,ਸਾਹਿਬ ਸਿੰਘ ਫੌਜਾਂ ਦਾ ਅਫਸਰ ਹੋਇਆ, ਤੇ ਸਾਹਿਬ ਸਿੰਘ ਦਾ ਅਫਸਰ ਬਾਬਾਜਵਾਹਰ ਸਿੰਘ ਹੋਇਆ।............

ਪੰਨਾ ੪੨੫

ਪ੍ਰਦੇਸ ਜਾਣ ਸਮੇ ਸੂਬਾ ਸਾਹਿਬ ਸਿੰਘ ਵਲੋਂ ਬੇਨਤੀ:—

(ਭਾਣੇ ਦੇ ਮਾਲਿਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਦੀ ਤਿਆਰੀ ਕੀਤੀ ਤਾਂ ਜਿਥੇ ਸਭ ਸੰਗਤਾਂ ਜਾਰੋ ਜਾਰ ਵੈਰਾਗ ਕਰ ਰਹੀਆਂ ਸਨ, ਓਥੇ (ਤਿਆਰੀ ਦਾ) ਅਰਦਾਸਾ (ਸਤਿਗੁਰੂ ਜੀਨੇ) ਆਪ ਕੀਤਾ, ਹੁਕਮ ਇਹ ਦੀਆ, ਜੋ ਹੁਣ ਚਰਨੀ ਹਥ ਲਾਵੇਗਾ ਕੋਹੜੀ ਹੋਵੇਗਾ। ਬੇਅੰਤ ਸੰਗਤ ਖੜੀ ਸੀ, ਕੋਈ ਕਿਸੇ ਨੂੰ ਨ ਔੜੀ।.........

ਬਾਬੇ ਸਾਹਿਬ ਸਿੰਘ ਨੇ ਅਰਜ ਕੀਤੀ (ਸਚੇ ਪਾਤਸ਼ਾਹ) ਕੁਛ ਨਾਲ ਲੈ ਲਈਏ? (ਸਤਿਗੁਰੂ ਜੀ ਨੇ) ਕਹਾ ਕਿ ਲੈ ਲਓ, ਪੰਜਾਹ- ਸਠ ਰੁਪੈ ਲੈ ਲਏ।...........

ਸੂਬਾ ਸਾਹਿਬ ਸਿੰਘ ਜੀ ਦੀ ਸ੍ਰੀ ਸਤਿਗੁਰੂ ਜੀ ਨਾਲ ਗਡੇ ਦੀ ਸਵਾਰੀ:—

ਸ੍ਰੀ ਭੈਣੀ ਸਾਹਿਬ ਤੋਂ ਰਵਾਨਗੀ ਸਮੇ ੧੭ ਜਨਵਰੀ ਸੰਨ ੧੮੭੨ ਦੀ ਸ਼ਾਮ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਭਾਈ ਨਾਨੂੰ ਸਿੰਘ ਗੜਵਈ, ਤੇ ਭਾਈ ਗੁਰਦਿਤ ਸਿੰਘ ਗਾਡੀ ਤੋਂ ਇਲਾਵਾ ਕੇਵਲ ਬਾਬਾ ਸਾਹਿਬ ਸਿੰਘ ਜੀ ਤੇ ਬਾਬਾ ਜਵਾਹਰ ਸਿੰਘ ਜੀ ਨੂੰ ਹੀ ਗਡੇ ਤੇ ਬੈਠਣ ਦਾ ਹੁਕਮ ਦਿਤਾ।ਜਦੋਂ ਕਿ ਬਾਬਾ ਲਖਾ ਸਿੰਘ ਜੀ ਨੂੰ(ਲੁਧਿਆਣੇ) ਰਿਪੋਟ ਦੇਣ ਗਿਆਂ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ।

ਪੰਨਾ ੫੨੯

ਸੂਬਾ ਸਾਹਿਬ ਜੀ ਦਾ ਪਛੋਤਾਵਾ ਤੇ ਸ੍ਰੀ ਸਤਿਗੁਰੂ ਜੀ ਦਾ ਉਪਦੇਸ਼:—

ਲੁਧਿਆਣੇ ਤੋਂ ਪਰਾਗ ਨੂੰ ਜਾਂਦਿਆਂ ਰੇਲ ਮੇ ਬੈਠਿਆਂ ਬਾਬੇ ਸਾਹਿਬ ਸਿੰਘ ਨੇ ਬੜੀ ਹੈਰਾਨੀ ਵਿਚ ਹੋਕੇ ਅਰਜ ਕੀਤੀ, ਫਰੰਗੀ ਐਵੇਂ ਹੀ ਫੜ ਲਿਆਏ, ਕੁਛ ਹਥ ਵੀ ਨ ਵਿਖਾਇਆ? (ਭਾਵ ਕਿਸੇ ਅੰਗਰੇਜ ਨੂੰ

ਮਾਰਕੇ ਵੀ ਨ ਆਏ ?)
ਦੀਨਾ ਨਾਥ ਜੀ ਬਚਨ ਕੀਤਾ, ਅੰਗਰੇਜ ਦੀ ਜੜ ਪਟ ਕੇ ਹਥੇਲੀ ਪਰ ਧਰੀ ਹੈ। ਤੁਸੀ ਇਨਾਂ ਨਾਲ ਜੁਧ ਕਰੋਗੇ ਤਾਂ ਇਨਾਂ ਦੀ ਜੜ ਪਤਾਲ ਵਿਚ ਚਲੀਜਾਵੇਗੀ।
(ਇਸ ਵਾਸਤੇ)ਹੁਣ ਤੁਸੀ ਚੁਪ ਕਰ ਜਾਵੋ। ਸਚੇ ਪਾਤਸਾਹ ਜੀ ਦੇ ਬਚਨ ਸੁਣਕੇ (ਬਾਬਾ ਜੀ ਨੂੰ) ਸ਼ਾਂਤਿ ਆਈ।

ਪੰਨਾ ੪੨੯

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਹੋਰਨਾਂ ਸੂਬਿਆਂ ਸਮੇਤ ਸੂਬਾ ਸਾਹਿਬ ਸਿੰਘ ਜੀ ਨਾਲ ਉਪ੍ਰੋਕਤ ਭਾਵ ਦਾ ਵਾਰਤਾ ਲਾਪ ਕਰਦਿਆਂ "ਬਾਬੇ ਜਵਾਹਰ ਸਿੰਘ ਜੀ ਨੇ ਅਰਜ ਕੀਤੀ, ਜੀ ਸਚੇ ਪਾਤਸ਼ਾਹ ਜੀ ਕੋਈ ਚਮਤਕਾਰਾ ਵੀ ਨ ਵਿਖਾਇਆ ਫਰੰਗੀਆਂ ਨੂੰ ? ਅੰਤਰਜਾਮੀ ਜੀ ਬਚਨ ਕੀਤਾ, ਪਹਿਲੇ ਤੁਸੀ ਚਮਤਕਾਰਾ ਇਹ ਵੇਖਿਓ, ਕਿ ਅਜ ਤੋਂ ਅਠਵੇਂ ਰੋਜ ਨੂੰ ਮੈਨੂੰ (ਕਿਧਰੇ ਹੋਰ ਥਾਂ) ਲੈ ਜਾਣਗੇ,ਫਿਰ ਸਾਡੇ ਤੋਂ ਅਠਾਂ ਦਿਨਾਂ ਨੂੰ ਤੁਹਾਨੂੰ ਵੀ ਖਿੰਡਾਏ ਦੇਣਗੇ, ਤਾਂਤੁਸੀ ਚਮਤਕਾਰਾ ਜਾਣਿਓਂ।

ਜੇਕਰ ਇਹ ਬਚਨ ਪੂਰਾ ਹੋਇਆ ਤਾਂ ਅਗੇ ਭੀ ਸਭ ਕੁਛ ਹੋਊਗਾ, ਜੇ ਨਾ ਖਿੰਡਾਏ ਤਾਂ ਜਾਣਿਓ ਕਿਛ ਨਹੀ ਹੁੰਦਾ ?

(ਸ੍ਰੀ ਸਤਿਗੁਰੂ ਜੀ ਦੇ ਕੀਤੇ ਭਵਿਤ ਬਚਨਾਂਅਨੁਸਾਰ) ਜਾਂ ਅਠਵਾਂ ਦਿਨ ਹੋਇਆ, ਤਾਂ ਸਤਿਗੁਰੂ ਜੀ ਤੇ ਨਾਨੂੰ ਸਿੰਘ ਨੂੰ (ਕਿਲੇ ਵਿਚੋਂ) ਲੈ ਆਏ। ਤਾਂ ਸੂਬਿਆਂ ਨੇ ਜਾਣਿਆਂ ਜੋ ਹੁਣ ਸਭ ਕਿਛ ਹੋਊ। (ਠੀਕ) ਅਠਵੇਂ ਦਿਨ ਸਾਰੇ ਸੂਬਿਆਂ ਨੂੰ ਵੀ ਵਖ ਵਖ ਥਾਵਾਂ ਦੇ ਕਿਲਿਆਂ ਮੇ ਖਿੰਡਾਇ ਦੀਆ। ਜਿਵੇਂ ਕਿ:–

ਸ੍ਰੀ ਸਤਿਗੁਰੂ ਜੀ ਤੇ ਨਾਨੂੰ ਸਿੰਘ ਨੂੰ ਰੰਗੂਨਟਾਪੂ ਮੈ ਜਾਇ ਉਤਾਰਾ। ਅਰ ਜੇਲ ਮੇ ਲੈ ਗਏ।

ਬਾਬਾ ਜਵਾਹਰ ਸਿੰਘ ਜੀ,ਬਾਬਾ ਬ੍ਰਹਮਾਸਿੰਘਜੀ, ਬਾਬਾ ਲਖਾ ਸਿੰਘ ਜੀ ਇਹ ਤਿੰਨੇ ਮੋਲਮੀਨ ਟਾਪੂ ਮੇ ਭੇਜ ਦੀਏ।

ਬਾਬਾ ਪਹਾੜਾ ਸਿੰਘ ਬਾਬਾ ਅਰੂੜ ਸਿੰਘ ਤੇ ਬਾਬਾ ਮਲੂਕ ਸਿੰਘ ਜੀ ਅਸੀਰ ਗੜ ਕੇ ਕਿਲੇ ਮੇ ਭੇਜ ਦੀਏ।

ਬਾਬਾ ਹੁਕਮ ਸਿੰਘ, ਬਾਬਾ ਮਾਨ ਸਿੰਘ, ਜੀ ਚਿਨਾਰਗੜ ਜਿਲੇ ਮੇ ਭੇਜ ਦੀਏ ਗਏ।

ਬਾਬਾ ਕਾਹਨ ਸਿੰਘ (ਨਿਹੰਗ) ਬਾਬਾ ਸਾਹਿਬ ਸਿੰਘ ਮਕੇ ਕੀ ਤਰਫ (ਅਦਨ) ਮੇ ਭੇਜ ਦੀਏ।

(ਕੁਝ ਚਿਰ ਬਾਦ ਬਾਬਾ ਸਾਹਿਬ ਸਿੰਘ ਜੀ ਨੂੰ ਸਖਤ ਸਜਾ ਦੇਣ ਵਾਸਤ ਹਜ਼ਾਰੀ ਬਾਗ (ਬਿਹਾਰ) ਦੀ ਜੇਲ ਵਿਚ ਲਿਆਂਦਾ ਗਿਆ, ਓਥੇ ਉਹ ਕਈ–ਤਰਾਂ ਦੇ ਕਸਟ ਸਹਾਰਦੇ ਹੋਏ ੧੦ ਜੂਨ ਸਨ੧੮੭੯ ਸੰਮਤ ੧੯੩੬ ਨੂੰ ਗੁਰੂ ਕੇ ਹੁਕਮਾਂ ਦੀ ਅਡੋਲਤਾ ਸਹਿਤ ਪਾਲਣਾ ਕਰਦੇ ਹੋਏ ਗੁਰਪੁਰੀ ਸਿਧਾਰ ਗਏ।

ਸਤਿਗੁਰੂ ਬਿਲਾਸ ਕ੍ਰਿਤ ਸੰਤ ਸੰਤੋਖ ਸਿੰਘ
ਜੀ ਵਿਚੋਂ ਧੰਨਵਾਦ ਸਹਿਤ ਪ੍ਰਾਪਤ।
ਅਨੁਵਾਦਿਕ– ਆਤਮਾ ਸਿੰਘ ਸਨਖਤ੍ਰਵੀ

--o--

ਰੁਬਾਈ

ਸਾਹਿਬ ਸਿੰਘ ਬਾਬੇ ਦੀ ਬਰਸੀ, ਸਾਨੂੰ ਇਹ ਸਮਝਾਵੇ।
ਬਣ ਕੇ, ਸਿਦਕੀ ਸਿਖ ਗੁਰੂ ਦਾ, ਕੈਸੀ ਸੇਵ ਕਮਾਵੇ।
ਤਨ, ਮਨ, ਧਨ, ਸਭ ਸੌਂਪੇ ਗੁਰ ਨੂੰ,ਸਿਖੀ ਮਾਰਗ ਐਸਾ।
ਮੁਰਦਾ ਹੋਇ ਮੁਰੀਦ ਗੁਰੂ ਦਾ, ਤਾਂ ਗੁਰ ਗੋਰ ਸਮਾਵੇ।

[illegible] ਸਿੰਘ [illegible] ਨੂੰ [illegible]

ਸੂਬਾ ਸਾਹਿਬ ਸਿੰਘ-ਸਰਕਾਰੀ ਨਜ਼ਰਾਂ ਵਿਚ

ਸ੍ਰੀਮਾਨ—ਸੰਤ ਸਵਰਨ ਸਿੰਘ ਜੀ ਸਨੇਹੀ ਸਾਹਪੁਰ

ਸੂਬਾ ਸਾਹਿਬ ਸਿੰਘ ਕੌਣ ਸੀ:—

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਉਨ੍ਹੀਵੀ ਸਦੀ ਵਿਚ ਦੇਸ਼ ਵਿਚ ਧਾਰਮਿਕ ਤੇ ਰਾਜਨੀਤਕ ਜਾਗ੍ਰਤੀ ਲਿਆਉਣ ਵਾਲੇ ਪ੍ਰਚਾਰ ਕਰਨ ਵਾਸਤੇ ਬਾਈ ਸੂਬੇ ਥਾਪੇ ਗਏ ਸਨ। ਆਮ ਕਰਕੇ ਇਹ ਵਿਚਾਰ ਪ੍ਰਚਲਤ ਹੋ ਚੁਕਾ ਹੈ ਕਿ ਇਹ ਸੂਬੇ ਸਾਰੇ ਭਾਰਤ ਦੇ ਬਾਈ ਹਿਸਿਆਂ ਦੇ ਗਵਰਨਰ ਜਾਂ ਰਾਜਪਾਲ ਸਨ। ਪਰ ਸਰਕਾਰੀ ਰਿਕਾਡ ਵਿਚੋਂ ਮਿਲਦੇ ਸਬੂਤਾਂ ਦੇ ਅਧਾਰ ਤੇ ਇਹ ਵਿਚਾਰ ਪੂਰਾ ਠੀਕ ਸਿਧ ਨਹੀ ਹੁੰਦਾ ਜਾਪਦਾ। ਇਹ ਠੀਕ ਹੈ ਕਿ ਬਹੁਤੇ ਸੂਬਿਆਂ ਦੀ ਨਿਯੁਕਤੀ ਇਲਾਕੇ ਵਲੋਂ ਵੀ ਕੀਤੀ ਗਈ ਸੀ ਪਰ ਕੁਛ ਸੂਬੇ ਅਜਿਹੇ ਵੀ ਸਨ। ਜੋ ਬਾਹਰ ਤੋਂ ਬਾਹਰ ਵਧੇਰੇ ਕੰਮ ਕਰਦੇ ਸਨ, ਤੇ ਜਿਨਾਂ ਦੀਆਂ ਜ਼ਿਮੇਂਵਾਰੀਆਂ ਨੂੰ ਧਿਆਨ ਵਿਚ ਰਖਦਿਆ ਉਨਾਂ ਦੀ ਨਿਯੁਕਤੀ ਵੀ ਭਾਰਤ ਦੀਆਂ ਸਰਹੱਦਾਂ ਤੋਂ ਬਾਹਰ ਹੀ ਹੁੰਦੀ ਸੀ, ਜਿਵੇ ਸੂਬਾ ਬਿਸ਼ਨ ਸਿੰਘ ਕਾਬਲ ਵਿਚ ਕੂਕਾ—ਪ੍ਰਚਾਰ ਕਰਦਾ ਸੀ।

ਇਸ ਤੋਂ ਕੁਛ ਸੂਬੇ ਅਜਿਹੇ ਸਨ ਜੋ ਹਰਫ਼ਨ ਮੌਲਾ ਹੋਣ ਕਾਰਨ, ਸਾਰੇ ਤਰਾਂ, ਦੇ ਕੰਮਾਂ ਵਿਚ ਪੂਰੇ ਉਤਰਨ ਦੀ ਸੂਝ ਬੂਝ ਰਖਦੇ ਸਨ। ਅਜਿਹੇ ਸੂਬੇ ਕਿਸੇ ਵਿਸ਼ਿਸ਼ ਇਲਾਕੇ ਦੇ ਪ੍ਰਤੀਨਿਧ ਨਾ ਹੋ ਕੇ ਸਮੁਚੇ ਤੌਰ ਤੇ ਪੰਥਕ ਪ੍ਰਤੀਨਿਧ ਹੁੰਦੇ ਸਨ। ਇਉਂ ਇਹ ਅਹੁਦੇ ਤੇ ਜਿਮੇਂਵਾਰੀ ਦੇ ਹਿਸਾਬ ਆਮ ਸੂਬੇ ਨਾਲੋਂ ਵਧੇਰੇ ਉਚੇ ਤੇ ਸਨਮਾਨਤ ਮੰਨੇ ਜਾਣੇ ਚਾਹੀਦੇ ਹਨ। ਉਦਾਹਰਣ ਵਜੋਂ ਸੂਬਾ ਗੁਰਚਰਨ ਸਿੰਘ ਦੇ ਜਿਮੇ ਰੂਸ ਨਾਲ ਸੰਪਰਕ ਕਾਇਮ ਕਰਕੇ ਪ੍ਰਸਪਰ ਸਬੰਧਾਂ ਨੂੰ ਪ੍ਰਫੁਲਤ ਕਰਨਾ ਸੀ। ਦੇਸ਼ ਵਿਚ ਉਨਾਂ ਵਲੋਂ ਕੀਤੀ ਕਾਰਗੁਜਾਰੀ ਅਜੇ ਤਕ ਸਾਹ—ਮਣੇ ਨਹੀਂ ਆਈ ਜਾਂ ਇਉਂ ਕਹਿ ਲੈਣਾ ਚਾਹੀਦਾ ਹੈ ਕਿ ਖੋਜ ਦੀ ਮੁਥਾਜ ਹੈ।

ਇਸ ਵਿਚਾਰ ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਦੇ ੨੨ ਸੂਬੇ ਤਿੰਨ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ—ਇਕ ਉਹ—ਜੋ ਦੇਸ਼ ਵਿਚ ਸੂਬੇਦਾਰੀ ਕਰਦੇ ਸਨ, ਤੇ ਕੂਕੇ ਬਣਾਉਂਦੇ ਸਨ, ਤੇ ਕਿਸੇ ਵਿਸ਼ੇਸ਼ ਇਲਾਕੇ ਦੇ ਪ੍ਰਤੀਨਿਧ ਹੁੰਦੇ ਸਨ। ਦੂਜੇ ਉਹ ਜੋ ਕੇਵਲ ਬਦੇਸ਼ਾਂ ਵਿਚ ਅਪਣਾ ਕੰਮ ਨੇਪਰੇ ਚਾੜ੍ਹਦੇ ਸਨ। ਤੇ ਤੀਜੇ ਉਹ ਜਿਨਾਂ ਦਾ ਅਧਿਕਾਰ ਖੇਤਰ ਬਹੁਤ ਵਡਾ ਸੀ ਤੇ ਜੋ ਸਮੁਚੇ ਤੌਰ ਤੇ ਪੰਥਕ ਪ੍ਰਤੀਨਿਧ ਹੋਣ ਕਾਰਨ ਵਧੇਰੇ ਚੁਸਤ, ਤੇ ਸੂਝ ਵਾਲੇ ਹੋਣ ਦੇ ਨਾਤੇ ਸਰਕਾਰੀ ਨਜ਼ਰਾਂ ਵਿਚ ਵਧੇਰੇ ਰੜ—ਕਦੇ ਵੀ ਸਨ ਤੇ ਖਤਰਨਾਕ ਵੀ ਸਮਝੇ ਜਾਂਦੇ ਸਨ।

ਸੂਬਾ ਸਾਹਿਬ ਸਿੰਘ ਇਸ ਤੀਜੀ ਸ਼੍ਰੇਣੀ ਨਾਲ ਨਾਲ ਸਬੰਧਤ ਸੂਬੇ ਸਨ। ਉਹ ਰਾਜਨੀਤਕ ਤੇ ਪੰਥਕ ਕੰਮਾਂ ਵਿਚ ਇੰਨੇ ਚੁਸਤ ਸਨ ਕਿ ਉਨਾਂ ਕੋਲੋਂ ਕਿਸੇ ਗੱਲ ਦਾ ਭੇਦ ਕਢੱਣਾ ਬੜੀ ਮੁਸ਼ਕਲ ਦਾ ਸਾਹਮਣਾ ਕਰਨ ਦੇ ਤੁੱਲ ਹੁੰਦਾ ਸੀ। ਜਿਸ ਦਾ ਸਬੂਤ ਇਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ, ਕਿ ਮੁਢਲੇ ਸਰਕਾਰੀ ਰਿਕਾਰਡ ਵਿਚ ਉਨਾਂ ਦੇ ਪਿੰਡ ਤੇ ਪਿਤਾ ਦਾ ਨਾਂ ਜਾਂ ਤਾਂ ਹੈ ਹੀ ਨਹੀਂ ਤੇ ਜੇ ਹੈ ਤਾਂ ਗਲਤ ਹੈ।

੧੮੭੨ ਦੇ ਮਲੇਰ ਕੋਟਲੇ ਵਾਲੇ ਸ਼ਹੀਦੀ ਸਾਕੇ ਪਿਛੋਂ ਕੂਕਿਆਂ ਤੇ ਦਮਨ ਚੱਕਰ ਚੱਲਿਆ। ੧੮—ਜਨਵਰੀ ੧੮੭੨ ਈ. ਨੂੰ ਗੁਰੂ ਰਾਮ ਸਿੰਘ ਜੀ ਦੇ ਨਾਲ ਗ੍ਰਿਫਤਾਰ ਹੋਏ ਸੂਬਿਆਂ ਵਿਚ ਹੀ ਸਾਹਿਬ ਸਿੰਘ ਤੇ ਕਾਨ੍ਹ ਸਿੰਘ ਨਿਹੰਗ ਸ਼ਾਮਲ ਸਨ। ੨੩—

ਮਾਰਚ ੧੮੭੨ ਈ. ਨੂੰ,ਅੰਬਾਲੇਦੇਡਿਪਟੀਕਮਿਸ਼ਨਰ ਮੈਕਨਬ ਸਾਹਮਣੇ ਦਿਤੇ ਗਏ ਉਨਾਂ ਦੇ ਆਪਣੇ ਬਿਆਨ ਅਨੁਸਾਰ ਸਾਹਿਬ ਸਿੰਘ ਹੋਰੀਂ,ਜਿਲਾ ਅੰਮ੍ਰਿਤਸਰ ਦੇ ਇਲਾਕਾ ਤੇ ਥਾਣਾ ਤਰਨ ਤਰਨ ਦੇ ਪਿੰਡ ਬਨਵਾਲੀ ਪੁਰ ਦੇ ਮਿਸਤਰੀ ਦਿਆਲ ਸਿੰਘ ਦੇ ਸਪੁਤ੍ਰ ਸਨ। ਸੂਬਾ ਰੂੜ ਸਿੰਘ ਹੋਰੀ ਇਨਾਂ ਦੇ ਭਰਾ ਸਨ ਤੇ ਇਲਾਕਾ ਅੰਮ੍ਰਿਤਸਰ ਦੀ ਪੰਥਕ ਸੂਬੇਦਾਰੀ ਉਨਾਂ ਨੂੰ ਮਿਲੀ ਹੋਈ ਸੀ।

ਨਾਮਧਾਰੀ ਕਿਵੇਂ ਬਣੇ:—

ਸਰਕਾਰੀ ਰਿਕਾਰਡ ਵਿਚੋਂ ਸੂਬਾ ਸਾਹਿਬ ਸਿੰਘ ਦੀ ਕੋਈ ਜਨਮ ਤਿਥੀ ਨਹੀ ਮਿਲਦੀ ਤੇ ਨਾ ਆਮ ਤੌਰ ਤੇ ਇਹੋ ਜਿਹੇ ਝਮੇਲਿਆਂ ਵਿਚ ਆਮ ਉਨਾਂ ਸਮਿਆਂ ਵਿਚ ਪੈਂਦੇ ਹੀ ਸਨ। ਰਿਕਾਰਡ ਵਿਚੋਂ ਪ੍ਰਾਪਤ ਅੰਕੜਿਆਂ ਅਨੁਸਾਰ ਇਨਾਂ ਦਾ ਜਨਮ ਲਗ ਪਗ ੧੮੩੪ ਈ. ਦਾ ਮੰਨਣਾ ਚਾਹੀਦਾ ਹੈ। ਲਗ ਪਗ ੨੯ ਵਰ੍ਹੇ ਦੀ ਉਮਰ ਵਿਚ ਇਹ ਉਦਾਸੀ ਸਾਧੂ ਬਣ ਗਏ। ਉਦਾਸੀ ਬਣਨ ਤੋਂ ਪਹਿਲਾਂ ਲਗ ਪਗ ਗਿਆਰਾਂ ਵਰ੍ਹੇ ਨਾਂਗੇ ਸਾਧੂਆਂ ਵਿਚ ਵੀ ਸ਼ਾਮਲ ਰਹੇ ਹਨ।

ਉਦਾਸੀ ਭੇਸ ਵਿਚ ਹੀ ਮੁਕਤਸਰ ਫਿਰਦਿਆਂ ਫਿਰਦਿਆਂ ਦੀ ਮੁਲਾਕਾਤ ਸੂਬਾ ਬ੍ਰਹਮਾ ਸਿੰਘ ਨਾਲ ਹੋ ਗਈ। ਉਹ ਇਨਾਂ ਨੂੰਆਪਣੇ ਨਾਲ ਨਗਰੋਂ ਲੈ ਗਏ ਜਿਥੇ ਗੁਰੂ ਬਾਲਕ ਸਿੰਘ ਤੋਂ ਭਜਨ ਪੁਛ ਕੇ ਇਹ ਕੂਕੇ ਬਣ ਗਏ। ਸੂਬਾ ਜੀਦੇ ਆਪਣੇ ਬਿਆਨ ਅਨੁਸਾਰ ਇਹ ਘਟਨਾ ਲਗਪਗ ੧੯੧੬ ਬਿਕ੍ਰਮੀ ਜਾਂ ੧੮੫੯ ਈ. ਦੀ ਹੈ ਪਰ ਇਹ ਸਾਲ ਗਲਤ ਮਾਲੂਮ ਹੁੰਦਾ ਹੈ। ਕਿਉਂਕਿ ਇਸੇ ਬਿਆਨ ਅਨੁ–ਸਾਰ ਹੀ ਗੁਰੂ ਬਾਲਕ ਸਿੰਘ ਜੀ ੧੯੧੮ ਬਿ: ਵਿਚ ਸਰੀਰ ਛਡ ਗਏ ਸਨ ਤੇ ਸੂਬਾ ਸਾਹਿਬ ਸਿੰਘ ਦੇ ਬਿਆਨ ਵਿਚ ਹੀ ਇਹ ਵੀ ਕਿਹਾ ਗਿਆ ਹੈ ਕਿ ਗੁਰੂ ਰਾਮ ਸਿੰਘ ਜੀ ਦੇ ਗੱਦੀ ਤੇ ਬੈਠਣ ਪਿਛੋਂ ਇਹ ਸਭ ਤੋਂ ਪਹਿਲਾਂ ਉਨਾਂ ਦੇ ਸਿਖ ਬਣੇ। ਤੇ ਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤ ੧੩ ਅਪ੍ਰੈਲ ੧੮੫੭ ਈ. ਨੂੰ ਹੀ ਛਕਾਇਆ ਸੀ। ਹਾਂ, ਜੇ ਗੱਦੀ ਬੈਠਣ ਤਾਂ ਭਾਵ ਗੁਰੂ ਬਾਲਕ ਸਿੰਘ ਦੇ ਚੜ੍ਹਾਈ ਕਰਨ ਪਿਛੋਂ ਦੇ ਸਮੇ ਤੋਂ ਲਿਆ ਜਾਵੇ ਤਾਂ ਭਾਂਵੇ ਠੀਕ ਹੋਵੇ।

ਜਿਮੇਵਾਰੀਆਂ:—

ਭਾਂਵੇਂ ਸੂਬਾ ਸਾਹਿਬ ਸਿੰਘ ਹੋਰਨਾਂ ਖੇਤਰਾਂ ਵਿਚ ਵੀ ਨਿਪੁੰਨ ਸਨ, ਫਿਰ ਵੀ ਉਨਾਂ ਦੇ ਆਪਣੇ ਬਿਆਨ ਅਨੁਸਾਰ ਇਨਾਂ ਦੇ ਜਿਮੇ ਘੋੜਿਆਂ ਦੇ ਅਸਤਬਲ ਤੇ ਦੂਜੇ ਡੰਗਰਾਂ ਦੀ ਦੇਖ ਰੇਖ ਦਾ ਕੰਮ ਬਹੁਤਾ ਸੀ। ਡੰਗਰ ਵੇਚਣਾ ਵੀ ਇਨਾਂ ਦੇ ਅਧਿਕਾਰ ਵਿਚ ਸੀ "ਕੁਛ ਵਰੇ ਹੋਏ, ਮੈਂ ਕਿੰਨੇ ਹੀ ਪਸ਼ੂ ਹਰਦੁਆਰ ਜਾ ਕੇ ਵੇਚੇ ਸਨ ਜਿਨਾਂ ਦੀ ਵਿਕਰੀ ਤੋਂ ਪ੍ਰਾਪਤ ਹੋਇਆ ਸਾਰਾ ਮੁਨਾਫਾ ਗੁਰੂ ਕੇ ਲੰਗਰ ਨੂੰ ਦਿਤਾ ਗਿਆ।"

ਕੂਕਾ ਪ੍ਰਚਾਰ:-

ਸਾਹਿਬ ਸਿੰਘ ਹੋਰਾਂਦੇ ਆਪਣੇ ਦੱਸਣ ਅਨੁਸਾਰ ਕੂਕਾ–ਪ੍ਰਚਾਰ ਕਰਕੇ ਲੋਕਾਂ ਨੂੰ ਕੂਕੇ ਬਣਾਉਣਾ ਵੀ ਇਨਾਂ ਦੇ ਮੁਖ ਕੰਮਾਂ ਵਿਚੋਂ ਸੀ। ਸਾਹਿਬ ਸਿੰਘ ਹੋਰਾਂ ਦੀ ਸੂਬੇ ਵਜੋਂ ਨਿਯੁਕਤੀ ਲਗਪਗ ੧੮੬੬–੬੭ ਈ. ਵਿਚ ਹੋਈ ਦਸੀ ਗਈ ਹੈ, ਜਦੋਂ ਉਹ ਕਰੀਬ ੩੨ ਸਾਲਾਂ ਦੇ ਸਨ।

ਅੰਬਾਲੇ ਦੇ ਕਮਿਸ਼ਨਰ ਥਾਮਸ ਫੋਰਸਿਥ ਵਲੋਂ ਇਨਸਪੈਕਟਰ ਜਨਰਲ ਪੁਲੀਸ-ਪੰਜਾਬ ਲੈਫਟੀਨੈਂਟ ਹਚਿੰਨਸਨ ਨੂੰ ਭੇਜੀ ਗਈ ਰਿਪੋਰਤ ਵਿਚ ਇਹ ਵੀ ਮੰਨਿਆ ਗਿਆ ਹੈ ਕਿ ਸਾਹਿਬ ਸਿੰਘ ਹੋਰਾਂ ਨੇ ਸਿਆਲਕੋਟ ਤੇ ਗੁਰਦਾਸਪੁਰ ਦੇ ਇਲਾਕੇ ਦਾ ਦੌਰਾ ਕੀਤਾ ਤੇ ਕੂਕੇ ਬਣਾਏ। ਸਰਕਾਰੀ ਰਿਕਾਰਡ ਵਿਚ ਇਹ ਗੱਲ ਵੀ ਆਖੀ ਗਈ ਹੈ ਕਿ ਸਾਹਿਬ ਸਿੰਘ ਨੂੰ ਨਿਪਾਲ ਭੇਜੇ ਜਾਣ ਦਾ ਮਨੋਰਥ ਵੀ ਉਥੇ ਫੌਜੀਆਂ ਨੂੰ ਕੂਕੇ ਬਣਾਉਣਾ ਹੀ ਸੀ।

ਇਲਾਕਾ ਫਿਲੌਰ ਜਿਲਾ ਜਲੰਧਰ ਦੇ ਪਿੰਡ ਨਗਰ ਦੇ ਲੰਬੜਦਾਰ ਤੇ ਜੈਲਦਾਰ ਦੇਵਾ ਸਿੰਘ, ਪਿੰਡ ਮੁਠੱਡਾ ਦੇ ਜੈਲਦਾਰ ਤੇ ਲੰਬੜਦਾਰ ਹਰਨਾਮ ਸਿੰਘ

ਪਿੰਡ ਮੋਰੋਂ ਦੇ ਲੰਬੜਦਾਰ ਵਜ਼ੀਰ ਸਿੰਘ ਤੇ ਖਾਨ-ਖਾਨਾ ਦੇ ਜ਼ੈਲਦਾਰ ਤੇ ਲੰਬੜਦਾਰ ਜਵਾਹਰ ਸਿੰਘ ਆਦਿ ਵਲੋਂ ਦਿਤੀ ਗਈ ਇਤਲਾਹ ਅਨੁਸਾਰ "ਸਾਹਿਬ ਸਿੰਘ, ਕਾਨ੍ਹ ਸਿੰਘ, ਤੇ ਸਰਦਾਰ ਮੰਗਲ ਸਿੰਘ ਹੋਰੀਂ ਇਸ ਇਲਾਕੇ ਵਿਚ ਦੋ ਤਿਨ ਦੌਰੇ ਕਰ ਚੁਕੇ ਹਨ। ਉਨਾਂ ਦਾ ਪ੍ਰਚਾਰ ਮੁਖ ਤੌਰ ਤੇ ਇਹੋ ਰਿਹਾ ਹੈ ਕਿ ਜੋ ਕੁਛ ਸੂਬਾ ਲਖਾ ਸਿੰਘ ਨੇ ਕਿਹਾ ਹੈ ਉਨਾਂ ਤੇ ਭਰੋਸਾ ਰਖੋ-ਉਹ ਸਭ ਕੁਛ ਠੀਕ ਹੈ। ਗੁਰੂ ਰਾਮ ਸਿੰਘ ਜੀ ਬਾਦਸ਼ਾਹ ਬਨਣਗੇ, ਤੇ ਜੋ ਲੋਕ ਕੂਕੇ ਬਣ ਜਾਣਗੇ ਉਨਾਂ ਨੂੰ ਜਗੀਰਾਂ ਮਿਲਣਗੀਆਂ। ਮਹਾਰਾਜਾ ਪਟਿਆਲਾ ਦਾ ਚਚੇਰਾ ਭਰਾ ਮੰਗਲ ਸਿਘ ਉਨਾਂ ਦੇ ਨਾਲ ਹੋਣ ਕਾਰਨ ਲੋਕਾਂ ਤੇ ਕਾਫੀ ਪ੍ਰਭਾਵ ਪਿਆ ਤੇ ਕੁਛ ਲੋਕ ਕੂਕੇ ਬਣੇ ਹਨ।"

ਰਾਜਨੀਤਕ ਪ੍ਰਚਾਰ:-

ਕੂਕਿਆਂ ਤੋਂ ਦੋ ਗਲਾਂ ਦੀ ਅੰਗ੍ਰੇਜ਼ ਸਰਕਾਰ ਨੇ ਕਦੇ ਵੀ ਆਸ ਨਹੀ ਸੀ ਰੱਖੀ। ਇਕ ਤਾਂ ਸੀ ਇਨਾਂ ਵਲੋਂ ਝੂਠ ਬੋਲੇ ਜਾਣ ਦੀ ਤੇ ਦੂਜੀ ਅੰਗਰੇਜ਼ੀ ਰਾਜ ਦੀ ਭਗਤੀ ਦੀ। ਹਰ ਕੂਕਾ ਸੁਭਾਵਿਕ ਤੌਰ ਤੇ ਹੀ ਅੰਗਰੇਜ਼ਾਂ ਦੇ ਤੇ ਭਾਰਤ ਵਿਚ ਬ੍ਰਤਾਨਵੀ ਰਾਜ ਦੇ ਵਿਰੁਧ ਹੁਦਾ ਸੀ।

ਸੂਬਾ ਸਾਹਿਬ ਸਿੰਘ ਵਲ ਵੀ ਅੰਗ੍ਰੇਜ਼ ਅਧਿਕਾਰੀ ਇਸੇ ਕਰਕੇ ਕੈਰੀ ਅੱਖੇ ਦੇਖਦੇ ਸਨ ਕਿ ਇਹ ਬ੍ਰਤਾਨਵੀ ਸਾਮਰਾਜ ਵਿਰੁਧ ਪ੍ਰਚਾਰ ਬੜੀ ਹੁਸ਼ਿਆਰੀ ਨਾਲ ਕਰਦਾ ਸੀ।

ਸਾਰੇ ਲੰਬੜਦਾਰਾਂ-ਬੇਲਾ ਸਿੰਘ, ਦੇਵਾ ਸਿੰਘ, ਪ੍ਰਤਾਪ ਸਿੰਘ, ਨਿਹਾਲ, ਤੇ ਦੌਲਤ ਰਾਮ ਦੇ ਬਿਆਨਾਂ ਤੋਂ ਇਹੋ ਸਪਸ਼ਟ ਹੁੰਦਾ ਹੈ ਕਿ ਸਾਹਿਬ ਸਿੰਘ ਤਿੰਨ ਮੁਖੀ ਸੂਬਿਆਂ ਵਿਚੋਂ ਇਕ ਹੈ। ਰਾਇ ਅਹਮਦ ਖਾਂ ਦਾ ਇਹ ਵਿਚਾਰ ਹੈ ਕਿ ਸਾਹਿਬ ਸਿੰਘ ਸਰਕਾਰ ਵਿਰੁਧ ਖੁਲਮ ਖੁਲਾ ਪ੍ਰਚਾਰ ਕਰਦਾ ਹੈ।

ਲੈਫਟੀਨੈਂਟ ਕਰਨਲ ਬੇਲੀ ਅਨੁਸਾਰ ਸਾਰੇ ਪੰਥਕ ਕੰਮਾਂ ਵਿਚ ਸਾਹਿਬ ਸਿੰਘ ਜੀ ਦਾ ਬਹੁਤਾ ਹੱਥ ਹੁੰਦਾ ਹੈ। ਸੂਬਿਆਂ ਦੀ ਨਿਯੁਕਤੀ ਵੀ ਉਸ ਦੇ ਦਿਮਾਗ ਦੀ ਕਾਢ ਹੀ ਦਸੀ ਜਾਂਦੀ ਹੈ। ਉਸ ਬਾਰੇ ਆਮ ਰਾਇ ਇਹੋ ਹੈ ਕਿ ਉਹ ਗੁਰੂ ਰਾਮ ਸਿੰਘ ਜੀ ਦਾ ਉਤਰਾਧਿਕਾਰੀ ਬਣੇਗਾ। ਸਾਰੇ ਸੂਬਿਆਂ ਵਿਚੋਂ ਇਹ ਸਭ ਤੋਂ ਵਧ ਜਾਣਿਆਂ-ਪਛਾਣਿਆਂ ਸੂਬਾ ਹੈ। ਨਵੀਆਂ ਗੋਂਦਾਂ ਗੁੰਦਣ ਤੇ ਯੋਜਨਾਵਾਂ ਉਲੀਕਣ ਵਿਚ (ਗੁਰੂ) ਰਾਮ ਸਿੰਘ ਜੀ ਨੂੰ ਉਕਸਾਉਣ ਵਾਲਾ ਇਹੋ ਸੂਬਾ ਹੈ।

੧੮੬੩ ਈ. ਵਿਚ ਜਲੰਧਰ ਦੇ ਜ਼ਿਲਾ ਪੁਲਿਸ ਕਪਤਾਨ ਨੇ ਗੰਡਾ ਸਿੰਘ ਨਾਮੀ ਇਕ ਸੂਹੀਆ ਭੈਣੀ ਸਾਹਿਬ ਭੇਜਿਆ ਸੀ। ਇਸ ਸੂਹੀਏ ਵਲੋਂ ਦਿਤੀ ਇਤਲਾਹ ਅਨੁਸਾਰ ਸਾਹਿਬ ਸਿੰਘ, ਗੁਰੂ ਰਾਮ ਸਿੰਘ ਜੀ ਦਾ ਮੁਖੀ ਬੰਦਾ ਹੈ, ਤੇ ਉਹ ਭੈਣੀ ਸਾਹਿਬ ਵਿਚ ਕੂਕਿਆਂ ਨੂੰ ਕਵਾਇਦ ਕਰਾਉਂਦਾ ਹੈ। ੧੮੬੬ ਈ. ਵਿਚ ਇਸ ਗੰਡਾ ਸਿੰਘ ਦੀ ਸੂਚਨਾ ਸੀ ਕਿ ਸਾਹਿਬ ਸਿੰਘ, ਗੁਰੂ ਰਾਮ ਸਿੰਘ ਜੀ ਦਾ ਉਤਰਾਧਿਕਾਰੀ ਹੋਵੇਗਾ। ਫਿਰ ਸਾਰੇ ਸੂਬਿਆਂ ਦੀ ਸੂਚੀ ਵਿਚ ਇਸ ਦਾ ਨਾਂ ਸਭ ਤੋਂ ਉਪਰ ਦਰਜ ਹੈ। ਕੈਪਟਨ ਮੈਨਜ਼ੀ ਵੀ ਇਹਨੂੰ ਉਤਰਾਧਿਕਾਰੀ ਗਿਣਦਾ ਹੈ, ੧੮੬੭ ਈ. ਵਿਚ ਕੈਪਟਨ ਮੈਨਜ਼ੀ ਨੇ ਤਾਂ ਇਥੋਂ ਤੱਕ ਵਿਸ਼ਵਾਸ਼ ਪ੍ਰਗਟ ਕਰ ਦਿਤਾ ਸੀ ਕਿ ਲੋਕੀਂ ਗੁਰੂ ਰਾਮ ਸਿੰਘ ਜੀ ਨਾਲੋਂ ਵੀ ਸਾਹਿਬ ਸਿੰਘ ਦੀ ਗੱਲ ਵਧੇਰੇ ਧਿਆਨ ਨਾਲ ਸੁਣਦੇ ਹਨ।

ਸਾਹਿਬ ਸਿੰਘ ਬਾਰੇ ਹਰ ਇਕ ਪੁਲਸ ਅਫਸਰ ਦੀ ਵਖੋ ਵੱਖ ਸ਼ਬਦਾਵਲੀ ਵਿਚ ਪ੍ਰਗਟਾਈ ਰਾਇ ਦਾ ਤੱਤ ਇਕੋ ਹੀ ਹੈ। ਫਿਰੋਜ਼ਪੁਰ ਦਾ ਪੁਲਸ ਕਪਤਾਨ ਉਹਨੂੰ 'ਪ੍ਰਸਿਧ ਸੂਬਾ' ਲਿਖਦਾ ਹੈ, ਹੁਸ਼ਿਆਰਪੁਰ ਦਾ ਪੁਲਸ ਕਪਤਾਨ 'ਰਾਮ ਸਿੰਘ ਦਾ ਵਿਸ਼ਵਾਸ਼ ਪਾਤਰ' ਸੂਬਾ ਕਹਿੰਦਾ ਹੈ ਤੇ ਲਾਹੌਰ ਦਾ ਪੁਲਸ ਕਪਤਾਨ ਲਿਖਦਾ ਹੈ ਕਿ 'ਇਹ ਪ੍ਰਸਿਧ ਤੇ (ਗੁਰੂ) ਰਾਮ ਸਿੰਘ ਨਾਲ ਹਰ ਵਕਤ ਰਹਿਣ ਵਾਲਾ ਸੂਬਾ ਹੈ।'

ਵਿਸ਼ਵਾਸ਼ ਪਾਤਰ ਸੂਬਾ:-

ਸਾਰੇ ਸੂਤਰਾਂ ਤੋਂ ਇਹ ਉਗਾਹੀ ਮਿਲਦੀ ਹੈ ਕਿ ਸਾਹਿਬ ਸਿੰਘ ਗੁਰੂ ਰਾਮ ਸਿੰਘ ਜੀ ਦਾ ਅਤ

ਵਿਸ਼ਵਾਸ ਪਾਤਰ ਸੂਬਾ ਸੀ। ਹਰ ਮੁਖ ਘਟਨਾ ਸਮੇਂ ਉਹ ਸਤਿਗੁਰੂ ਜੀ ਦੇ ਅੰਗ ਸੰਗ ਹੁੰਦਾ ਸੀ।

ਸਰਕਾਰੀ ਰਿਪੋਰਟਾਂ ਅਨੁਸਾਰ,ਜਦੋ ਦਲ ਸਿੰਘ, ਮੰਗਲ ਸਿੰਘ ਤੇ ਦੀਵਾਨ ਸਿੰਘ ਆਦਿ ਰਾਇਕੋਟ ਦੇ ਬੁਚੜ ਬਧ ਦੀ ਪ੍ਰਵਾਨਗੀ ਲੈਣ ਸ੍ਰੀ ਭੈਣੀ ਸਾਹਿਬ ਆਏ ਸਨ। ਤਦ ਸਾਹਿਬ ਸਿੰਘ ਉਥੇ ਮੌਜੂਦ ਸੀ, ਤੇ ਇਸ ਨੂੰ ਸਾਰੀਆਂ ਘਟਨਾਵਾਂ ਦਾ ਪਤਾ ਸੀ। ਖੋਟਿਆਂ, ਲੋਹਗੜ, ਦਮਦਮਾ, ਤੇ ਲੋਹੜੀ (ਸ੍ਰੀ ਭੈਣੀ ਸਾਹਿਬ) ਦੇ ਮੇਲੇ ਤੇ ਵੀ ਹਾਜਰ ਸੀ। ਦਲ ਸਿੰਘ ਦੇ ਬਿਆਨ ਦੇ ਮੁਤਾਬਿਕ ਗੁਰੂ ਰਾਮ ਸਿੰਘ ਜੀ ਅਕਸਰ ਕਿਹਾ ਕਰਦੇ ਸਨ, ਕਿ ਸਾਹਿਬ ਸਿੰਘ ਤੇ ਕਾਹਨ ਸਿੰਘ ਉਹਨਾਂ ਦੇ ਆਪਣੇ ਸਰੀਰ ਦੇ ਹੀ ਅੰਗ ਸਨ।

ਸਰਕਾਰੇ ਦਰਬਾਰੇ:-

ਸੂਬਾ ਸਹਿਬ ਸਿੰਘ ਜੀ ਨੂੰ ਕਈ ਅਤੀ ਜਰੂਰੀ ਮਾਮਲਿਆਂ ਦੇ ਸਬੰਧ ਵਿਚ ਅਕਸਰ ਸਰਕਾਰੇ ਦਰਬਾਰੇ ਵੀ ਭੇਜਿਆ ਜਾਂਦਾ ਸੀ। ੧੮੬੭ ਈ. ਵਿਚ ਕੈਪਟਨ ਮੈਨਜੀ ਨੇ ਲਿਖਿਆ ਸੀ ਕਿ ਅੰਮ੍ਰਿਤਸਰ ਦੀ ਦੀਪਮਾਲਾ ਦੇ ਮੇਲੇ ਤੇ ਵੀ ਉਹਦਾ ਝੁਕਾਉ ਕੁਛ ਦੰਗੇ ਫਸਾਦ ਵਾਲਾ ਸੀ। ਕਰਨਲ ਮੈਕ ਐਂਡਰੀਊ ਦੀ ਰਿਪੋਰਟ ਸੀ ਕਿ ਹੋਰਨਾਂ ਸੂਬਿਆਂ ਦੇ ਮੁਕਾਬਲੇ ਕੇਵਲ ਸਾਹਿਬ ਸਿੰਘ ਸਬੰਧੀ ਬਹੁਤੇ ਮੁਖੀ ਸਿਖਾਂ ਦੇ ਵਿਚਾਰ ਚੰਗੇ ਨਹੀ ਸਨ। ਦੀਵਾਲੀ ਦੇ ਮੇਲੇ ਤੇ ਜਾਣ ਦੀ ਘਟਨਾ ਬਾਰੇ ਇਕ ਸਮਕਾਲੀ ਨਾਮਧਾਰੀ ਲੇਖਕ ਭਾਈ ਸੰਤੋਖ ਸਿੰਘ ਦੇ ਅਣਛਪੇ ਗਰੰਥ ਵਿਚ ਇਉਂ ਲਿਖਿਆ ਹੈ:-

> "ਬਾਬਾ ਸਾਹਿਬ ਸਿੰਘ ਤੇ ਬਾਬਾ ਕਾਨ੍ਹ ਸਿੰਘ ਦੋਵੇ ਲਾਹੌਰ ਗਏ, ਤੇ ਦੀਪਮਾਲਾ ਜਾਣ ਵਾਸਤੇ ਅਰਜੀ ਦਿਤੀ। ਫਰੰਗੀ ਬੋਲਿਆ ਕਿ ਛੁਟੀ ਨਹੀ ਮਿਲੇਗੀ......ਤੁਮਾਰਾ ਤੌਰ ਪਾਤਸ਼ਾਹਾਂ ਵਾਲਾ ਹੈ, ਅਸੀਂ ਤੁਹਾਨੂੰ ਖੁਲੇ ਕਰਕੇ ਆਪਨੇ ਰਾਜ ਸੇ ਹੱਥ ਧੋਇ ਬੈਠੀਏ? ਜਾਓ, ਛੁਟੀ ਨਹੀ ਦਿੰਦਾ।' ਸ੍ਰੀ ਸਤਿਗੁਰੂ ਜੀ ਤੇਜੀ ਮੈ ਹੋਇ ਕੈ ਬਚਨ ਕੀਤਾ, ਚਲੋ ਖਾਲਸਾ ਜੀ ਅੰਮ੍ਰਿਤਸਰ ਕੋ,
>
> (ਪੰਨਾ ੧੯੦)

ਸਿਖ ਰਾਜ ਦੀ ਪੁਨਰ ਸਥਾਪਨਾ:-

ਭਾਂਵੇ ਸਰਕਾਰੀ ਰਿਪੋਰਟਾਂ ਵਿਚ ਕੂਕਾ ਪ੍ਰਚਾਰ ਦਾ ਮਤਵ ਮੁਢਵਿਚ ਕੇਵਲ ਧਾਰਮਿਕ ਤੇ ਸਦਾਚਾਰਕ ਪਧਰ ਨੂੰ ਉਚਿਆਉਣਾ ਹੀ ਲਿਖਿਆ ਗਿਆ ਸੀ। ਪਰ ਅਸਲ ਵਿਚ, ਸੋਵੀਅਤ ਲੇਖਕ, ਬੋਗੋਸਲੋ ਵਾਲੀ ਦੇ ਲੇਖ ਅਨੁਸਾਰ, ਰਾਜਨੀਤਕ ਮੰਤਵ ਨੂੰ ਧਾਰਮਿਕ ਲਬਾਂ ਦੇ ਵਿਚ ਲਪੇਟ ਕੇ ਰਖਿਆ ਗਿਆ ਸੀ ਜਿਸ ਕਰਕੇ ਸਰਕਾਰੀ ਕਰਮਚਾਰੀਆਂ ਨੂੰ ਇਸ ਮਨੋਰਥ ਦੀ ਸ਼ੁਰੂ ਸ਼ੁਰੂ ਵਿਚ ਕੋਈ ਸੂਹ ਨ ਲਗ ਸਕੀ।

ਕੂਕਿਆਂ ਦਾ ਰਾਜਨੀਤਕ ਮੁਖ ਮਨੋਰਥ ਸੀ ਪੰਜਾਬ ਵਿਚੋਂ ਧੋਖੇ ਨਾਲ ਢੋਹੇ ਜਾਂ ਖਤਮ ਕੀਤੇ ਗਏ,ਖਾਲਸੇ ਰਾਜ ਦੀ ਪੁਨਰਸਥਾਪਨਾ ਤੇ ਬ੍ਰਤਾਨਵੀ ਰਾਜ ਦਾ ਪੂਰਨ ਤੌਰ ਤੇ ਕੀਰਤਨ ਸੋਹਿਲਾ ਪੜਨਾ। ਇਸੇ ਕਰਕੇ ਕੂਕਾ ਪ੍ਰਚਾਰ ਬਹੁਤ ਹਰਮਨ ਪਿਆਰਾ ਹੋ ਗਿਆ ਤੇ ਪਿੰਡਾਂ ਦੇ ਪਿੰਡ ਕੂਕੇ ਬਣਨ ਲਗ ਪਏ ਸਨ, ਜਿਸ ਦੀ ਉਗਾਹੀ ਸਮਕਾਲੀ ਮੁਸਲਮਾਨ ਲੇਖਕ ਮੌਲਵੀ ਭੀਖ ਜਲੰਧਰੀ ਤੋਂ ਛੁਟ ਸਰਕਾਰੀ ਰਿਪੋਰਟਾਂ ਵਿਚੋਂ ਵੀ ਮਿਲਦੀ ਹੈ। ਫਿਰ ਵਡੇ ਵਡੇ ਸਰਦਾਰਾਂ ਦੇ ਇਸ ਪੰਥ ਵਿਚ ਸ਼ਾਮਲ ਹੋਣ ਤੋਂ ਸਰਕਾਰ ਨੂੰ ਇਹ ਵੀ ਤੌਖਲਾ ਪੈ ਗਿਆ ਕਿ ਇਹ ਵਡੇ ਵਡੇ ਲੋਕ ਕੋਈ ਦਿਨ ਪਾਕੇ ਖਾਲਸਾ ਰਾਜ ਦੇ ਹਾਮੀ ਜਰੂਰ ਬਣ ਬਹਿਣਗੇ। ਇਸ ਲਈ ਸਰਕਾਰ ਹਰ ਸਮੇ ਕਿਸੇ ਨ ਕਿਸੇ ਅਜਿਹੇ ਬਹਾਨੇ ਦੀ ਭਾਲ ਵਿਚ ਰਹਿੰਦੀ ਸੀ,ਜਿਸਤੋਂ ਇਸ ਲਹਿਰ ਨੂੰ ਦਬਾ-ਉਣ ਦਾ ਮੌਕਾ ਹੱਥ ਲਗੇ।

ਉਧਰ ਕੂਕਿਆ ਦੀ ਰਾਜਨੀਤਕ ਯੋਜਨਾ ਬੜੀ ਸੁਯੋਗਤਾ ਨਾਲ ਬਣਾਈ ਜਾਂਦੀ ਸੀ। ਕਈਆਂ ਹਾਲਤਾਂ ਵਿਚ ਕੂਕੇ ਸਰਕਾਰ ਦੇ ਅਖੀਂ ਘੱਟਾ ਪਾਕੇ ਆਪਣਾ ਕੰਮ ਕਰ ਚੁਕਦੇ ਤਾਂ ਕਿਤੇ ਜਾਕੇ ਅਫਸਰਾਂ

ਨੂੰ ਸੂਹ ਲਗਣੀ ਸ਼ੁਰੂ ਹੁਈ, ਕਿ ਕੂਕੇ ਕੀ ਕੁਛ ਕਰ ਚੁਕੇ ਹਨ। ਉਦਾਹਰਣ ਵਜੋਂ ਜੰਮੂ-ਕਸ਼ਮੀਰ ਵਿਚ ਕੂਕਿਆਂ ਦੀ ਇਕ ਵਖਰੀ ਰਜਮੈਂਟ ਖੜ੍ਹੀ ਹੋਣੀ, ਸੂਬੇ ਗੁਰਬਚਨ ਸਿੰਘ ਦਾ ਰੂਸ ਜਾਣਾ ਆਉਣਾ ਆਦਿ ਘਟਨਾਵਾਂ ਇਸੇ ਸ਼੍ਰੇਣੀ ਵਿਚ ਗਿਣਨ ਯੋਗ ਹਨ।

ਸਿਖ ਰਾਜ ਦੀ ਪੁਨਰ ਸਥਾਪਨਾਂ ਦੇ ਕੂਕਾ-ਮਨੋਰਥ ਸਬੰਧੀ ਸਰਕਾਰੀ ਰਿਕਾਰਡ ਵਿਚ ਥਾਂ ਥਾਂ ਜ਼ਿਕਰ ਆਉਂਦਾ ਹੈ। ੧੮੬੯ ਈ. ਵਿਚ ਬਰਾੜ ਵਾਲਾ ਜਿਲਾ ਫਿਰੋਜਪੁਰ ਦੇ ਨਾਮਧਾਰੀਆਂ ਨੇ ਘਰ ਘਾਟ ਵੇਚ ਜਾਂ ਫੂਕ ਕੇ ਬਗ਼ਾਵਤ ਦਾ ਝੰਡਾ ਖੜ੍ਹਾ ਕੀਤਾ ਸੀ। ਪੰਜਾਬ ਸਰਕਾਰ ਦੇ ਸਕੱਤਰ ਐਲ.ਐਚ. ਗਰਿਫਨ ਨੂੰ ਸ਼ਿਮਲੇ ਤੋਂ ਲਿਖੀ ਆਪਣੀ ਚਿਠੀ ਵਿਚਅੰਬਾਲੇਦੇ ਕਮਿਸ਼ਨਰ ਜੇ. ਡਬਲਿਊ. ਮੈਕਨਬ ਨੇ ਇਹ ਸਪਸ਼ਟ ਕੀਤਾ ਸੀ ਕਿ ' ੪ ਨਵੰਬਰ (੧੮੭੧) ਵਾਲੀ ਰਿਪੋਰਟ ਨੇ ਇਹ ਸਿਧ ਕਰਨ ਵਿਚ ਕੋਈ ਸ਼ਕ ਨਹੀ ਛਡਿਆ ਕਿ ਕੂਕਿਆਂ ਦਾ ਅਸਲ ਨਿਸ਼ਾਨਾ ਸਿਖਰਾਜ ਦੀ ਪੁਨਰ ਸਥਾਪਨਾ ਤੇ ਬਰਤਾਨਵੀ ਰਾਜ ਦਾ ਖਾਤਮਾ ਹੀ ਹੈ।' ਇਸੇ ਵਿਚ ਅਗੇ ਚਲਕੇ ਮੈਕਨਬ ਨੇ ਇਹ ਭਾਵ ਵੀ ਪ੍ਰਗਟ ਕਰਨੋਂ ਸੰਕੋਚ ਨਹੀ ਕੀਤਾ, ਕਿ ਪ੍ਰਾਪਤ ਉਗਾਹੀਆ ਦੇ ਆਧਾਰ ਤੇ ਸਿਖ ਰਾਜ ਦੀ ਸਥਾਪਨਾ ਤੋਂ ਭਾਵ ਹੈ,ਕਿ ਕੂਕੇ ਸਿਰਫ ਆਤਮਕ ਹੀ ਨਹੀ ਸਗੋਂ ਦੁਨਿਆਵੀ ਰਾਜ ਦੀ ਇਛਾ ਵੀ ਰਖਦੇ ਹਨ। ਜਿਹੜਾ ਪ੍ਰਚਾਰ ਕੂਕਿਆਂ ਵਲੋਂ ਛੇਤੀ ਹੀ ਰਾਜ ਕਾਇਮ ਕਰਨ ਦਾ ਕੀਤਾ ਜਾਂਦਾ ਹੈ, ਮੈਕਨਬ ਅਨੁ-ਸਾਰ ਨਵੇ ਕੂਕਿਆਂ ਨੂੰ ਬਗਾਵਤ ਵਾਸਤੇ ਭੜਕਾਉਣ ਦੇ ਇਰਾਦੇ ਨਾਲ ਹੀ ਕੀਤਾ ਜਾਂਦਾ ਹੈ। ਸੂਬਾ ਸਾਹਿਬ ਸਿਘ ਦੇਵਿਚਾਰ. (ਜਿਹਾ ਕਿ ਅਗੇ ਚੱਲਕੇ ਸ਼ਪਸਟ ਹੋ ਜਾਵੇਗਾ.)ਸਿਖ ਰਾਜਦੀ ਸਥਾਪਨਾ ਦੇ ਸਬੰਧ ਵਿਚ ਕੋਈ ਵਖਰੇ ਨਹੀ ਸਨ। ਸਗੋਂ ਕਈ ਗੱਲਾਂ ਵਿਚ ਪਹਿਲ ਕਦਮੀ ਹੀ ਉਸ ਦੇ ਹਿਸੇ ਆਈ ਜਾਪਦੀ ਹੈ, ਇਸੇ ਲਈ ਸਰਕਾਰੀ ਕਰੋਪੀ ਦਾ ਸਭ ਤੋਂ ਵਧ ਸ਼ਿਕਾਰ ਸਾਹਿਬ ਸਿੰਘ ਨੂੰ ਹੀ ਹੋਣਾਪਿਆ।

ਨਿਪਾਲ ਵਿਚ:-

ਹੋਰਨਾਂ ਕੰਮਾਂ ਦੇ ਨਾਲੋ ਨਾਲ ਸੂਬਾ ਸਾਹਿਬ ਸਿੰਘ ਨੇ ਇਕ ਰਾਜਦੂਤ ਦੇ ਫਰਜ ਵੀ ਨਿਭਾਏ ਸਿਧ ਹੁਦੇ ਹਨ। ਗੁਰੂ ਰਾਮ ਸਿੰਘ ਜੀ ਵਲੋਂ ਉਹ ਦੋ ਖਚਰਾਂ ਤੇ ਦੋ ਮਝਾਂ ਲੈਕੇ ਨਿਪਾਲ ਗਏ ਸਨ। ਇਹ ਘਟਨਾ ਸਾਹਿਬ ਸਿੰਘ ਹੋਰਾਂ ਦੀ ਗ੍ਰਿਫਤਾਰੀ ਤੋਂ ਕੋਈ ਸਾਲ ਸਵਾ ਸਾਲ ਪਹਿਲਾਂ ਦੀ ਹੈ,ਤੇ ਇਸ ਸਫਰ ਵਿਚ ਕਾਨ੍ਹ ਸਿੰਘ, ਅਤਰ ਸਿੰਘ, ਜੀਵਨ ਸਿੰਘ, ਤੇ ਦੋ ਹੋਰ ਸਿਖ ਵੀ ਇਨ੍ਹਾਂ ਦੇ ਨਾਲ ਗਏ ਸਨ। ਅਸ਼ਲ ਵਿਚ ਇਹ ਡੰਗਰ ਮਹਾਰਾਣਾ ਨਿਪਾਲ ਜੰਗ ਬਹਾਦਰ ਨੇ ਹਰੀ ਸਿੰਘ, ਕ੍ਰਿਪਾਲ ਸਿੰਘ, ਬੀਰ ਸਿੰਘ, ਤੇ ਬਿਸ਼ਨ ਸਿੰਘ ਰਾਹੀਂ ਮੰਗਵਾ ਭੇਜੇ ਸਨ। ਸਾਹਿਬ ਸਿੰਘ ਹੋਰਾਂ ਦੇ ਬਿਆਨ ਅਨੁਸਾਰ ਖਚਰਾਂ ਤਾਂ ਰਾਣਾ ਜੰਗ ਬਹਾਦਰ ਦੇ ਸਪੁਤ੍ਰ ਬਬਰ ਜੰਗ ਵਾਸਤੇ ਤੇ ਮਝਾਂ ਜੰਗ ਬਹਾਦਰ ਵਾਸਤੇ ਸਨ। ਆਪਣੇ ਬਿਆਨ ਵਿਚ ਸਾਹਿਬ ਸਿੰਘ ਹੋਰਾਂ ਨੇ ਇਹ ਸਪਸ਼ਟ ਕਰਨ ਦਾ ਜਤਨ ਕੀਤਾ ਹੈ ਕਿ ਇਹ ਖਚਰਾਂ ਤੇ ਮੱਝਾਂ ਤਾਂ ਕੇਵਲ ਵਪਾਰਕ ਦ੍ਰਿਸ਼ਟੀਕੋਣ ਨਾਲ ਹੀ ਲੈ ਗਏ ਸਨ, ਪਰ ਮੈਕਨਬ ਆਪਣੀ ਦਲੀਲਬਾਜੀ ਪੇਸ਼ ਕਰਦਾ ਹੋਇਆ ਕਹਿੰਦਾ ਹੈ ਕਿ ਡੰਗਰਾਂ ਨੂੰ ਰੇਲ ਰਾਹੀਂ ਲੈਕੇ ਜਾਣਾ, ਫਿਰ ਉਹਨਾਂ ਦੇ ਵਟਾਂਦਰੇ ਵਿਚ ਜੋ ਕੁਛ ਮਹਾਰਾਣੇ ਨੇ ਭੇਜਿਆ (ਇਹ ਸੀ- ੬੦੦ ਰੁਪਏ ਨਕਦ, ਦੋ ਖੋਖਰੀਆਂ, ਇਕ ਘੋੜਾ, ਇਕ ਸ਼ਾਲ ਤੇ ਕਸਤੂਰੀ ਦੀ ਇਕ ਮਾਲਾ) ਇਸ ਸਭ ਕਾਸੇ ਨੂੰ ਧਿਆਨ ਵਿਚ ਰਖਦਿਆਂ ਇਹੋ ਸਿਧ ਹੁਦਾ ਹੈ ਕਿ ਇਹ ਡੰਗਰ ਸੁਗਾਤ ਵਜੋਂ ਹੀ ਭੇਜੇ ਗਏ ਸਨ।

ਨਿਪਾਲ ਨੂੰ ਕਿਉਂ:-

ਇਥੇ ਇਹ ਸੁਆਲ ਉਠਾਇਆ ਜਾ ਸਕਦਾ ਹੈ ਕਿ ਇਹ ਜਥਾ ਨਿਪਾਲ ਨੂੰ ਕਿਉਂ ਗਿਆ? ਸਾਡੀ ਸਮਝ ਵਿਚ ਗੱਲ ਇਉਂ ਆਉਂਦੀ ਹੈ ਕਿ ਜੰਮੂ, ਕਸ਼ਮੀਰ ਵਿਚ ਕੂਕਿਆਂ ਦੇ ਸਬੰਧ ਚੰਗੇ ਸਥਾਪਤ ਹੋ ਚੁਕੇ ਸਨ, ਕੂਕਿਆਂ ਦਾ ਪ੍ਰਭਾਵ ਕਾਬਲ ਵਾਲੇ ਪਾਸੇ ਵੀ ਚੰਗਾ ਸੀ ਤੇ ਨਿਪਾਲ ਦਾ ਰਾਣਾ ਜੰਗ ਬਹਾਦਰ

ਇਕ ਅਜਿਹਾ ਗੁਆਂਢੀ ਸੀ ਜਿਸ ਤੋਂ ਕੁਛ ਆਸ ਵੀ ਹੋ ਸਕਦੀ ਸੀ ਤੇ ਜਿਸ ਤੇ ਇਹ ਵਿਦਰੋਹੀ ਜਮਾਤ ਕੁਛ ਭਰੋਸਾ ਵੀ ਕਰ ਸਕਦੀ ਸੀ। ਇਹ ਕਹਿਣਾ ਤਾਂ ਪੂਰੀਤਰਾਂ ਠੀਕ ਨਹੀ, ਹੋ ਸਕਦਾ ਕਿ ਮਹਾਰਾਜਾ ਜੰਗ ਬਹਾਦਰ ਅੰਗਰੇਜ਼ਾਂ ਦਾ ਕਟੜ ਵੈਰੀ ਸੀ ਪਰ ਇਨੀ ਗੱਲ ਜ਼ਰੂਰ ਆਖੀ ਜਾ ਸਕਦੀ ਹੈ ਕਿ ਮਹਾ-ਰਾਜਾ ਇਨਾਂ ਹੁਸ਼ਿਆਰ ਸੀ ਕਿ ਉਹ ਨ ਤਾਂ ਅਗ੍ਰੇਜ਼ਾਂ ਨਾਲ ਪੂਰੀਤਰਾਂ ਵਿਗਾੜ ਕੇ ਹੀ ਰਾਜੀ ਸੀ ਤੇ ਨਾ ਹੀ ਵਿਦਰੋਹੀਆਂ ਵਿਚ ਦਿਲਚਸਪੀ ਲੈਣੋਂ ਹਟਦਾ ਸੀ। ਅੰਗ੍ਰੇਜ਼ਾਂ ਤੋਂ ਬਾਗੀ ਹੋ ਕੇ, ਚੁਨਾਰ ਦੇ ਕਿਲੇ ਵਿਚੋਂ ਭਜੀ ਹੋਈ ਸ਼ਾਹੀ ਕੈਦਣ ਮਹਾਂਰਾਣੀ ਜਿੰਦਾਂ ਨੂੰ, ਅੰਗ੍ਰੇਜ਼ਾਂ ਦੀ ਇਛਾ ਦੇ ਵਿਰੁਧ, ਪਨਾਹ ਦੇਣ ਵਾਲਾ ਕੇਵਲ ਇਹੋ ਜੰਗ ਬਹਾਦਰ ਹੀ ਸੀ। ਪੰਜਾਬ ਵਿਚਲੀ ਸਥਿਤੀ ਤੇ ਕੂਕਿਆਂ ਵਿਚ ਉਸ ਦੀ ਚੰਗੀ ਦਿਲ-ਚਸਪੀ ਮਲੂਮ ਹੁੰਦੀ ਹੈ। ਇਸੇ ਜੰਗ ਬਹਾਦਰ ਤੋਂ ਹੀ ਅੰਗਰੇਜ਼ ਰੈਜੀਡੈਂਟ ਨੂੰ ਪਤਾ ਲਗਾ ਸੀ ਕਿ ਪੰਜਾਬ ਵਿਚ ਕਰੀਬ ਤਿੰਨ ਲੱਖ ਕੂਕੇ ਹਨ ਜੋ ਕਿਸੇ ਵੇਲੇ ਵੀ ਸੂਕਾਰ ਲਈ ਸਿਰਦਰਦੀ ਦਾ ਕਾਰਨ ਬਣ ਸਕਦੇ ਹਨ। ਰਾਣੇ ਵਲੋਂ ਗੁਰੂ ਰਾਮ ਸਿੰਘ ਜੀ ਨਾਲ ਦੋਸਤੀ ਦੇ ਹਥ ਵਧਾਉਣ ਵਾਲੀ ਉਕਤ ਘਟਨਾ ਨੇ ਵੀ ਕੂਕਾ- ਆਗੂਆਂ ਨੂੰ ਉਤਸ਼ਾਹਤ ਕੀਤਾ। ਫਿਰ ਸ੍ਰ. ਹਰੀ ਸਿੰਘ ਨਲੂਵਾ ਦਾ ਇਕ ਪੁਤਰ ਅਛੱਰ ਸਿੰਘ ਨਿਪਾਲ ਵਿਚ ਤੋਪਖਾਨੇ ਦਾ ਕਰਨੈਲ ਤੇ ਛੋਟਾ ਪੁਤਰ ਮੋਤੀ ਰਾਮ ਜਮਾਦਾਰ ਸੀ। ਗ੍ਰੰਥ ਗੜ੍ਹ ਦਾ ਕਿਸ਼ਨ ਸਿੰਘ ਵੀ ਪਹਿਲਾਂ ਹੀ ਭਗੌੜਾ ਹੋਕੇ ਨਿਪਾਲ ਗਿਆ ਹੋਇਆ ਸੀ। ਇੰਨਾਂ ਕੁਛ ਹੋਣ ਦੇ ਬਾਵਜੂਦ ਕੂਕਾ-ਆਗੂ ਨਿਪਾਲ ਵੱਲ ਕਿਉਂ ਨ ਵਹੀਰਾਂ ਪਾਉਂਦੇ?

ਘਬਰਾਹਟ ਦਾ ਕਾਰਨ:-

ਅੰਗਰੇਜ਼ ਸੂਕਾਰ ਨੂੰ ਸਾਹਿਬ ਸਿੰਘ ਜੀਦੀ ਜਥੇ ਸਮੇਤ ਕੀਤੀ ਉਕਤ ਨਿਪਾਲ ਯਾਤਰਾ ਤੋਂ ਇੰਨੀ ਘਬਰਾਹਟ ਕਿਉਂ ਹੋਈ? ਇਹ ਇਕ ਹੋਰ ਦਿਲ-ਚਸਪ ਸੁਆਲ ਹੋ ਸਕਦਾ ਹੈ। ਇਸ ਦਾ ਕਾਰਨ ਸ਼ਾਇਦ ਇਹ ਹੋਵੇ ਕਿ ਨਿਪਾਲੀ ਫੌਜ ਵਿਚ ਉਦੋਂ ੧੫-੨੦ ਸਿਖ ਭਰਤੀ ਸਨ। ਤੌਖਲ ਵਾਲੀ ਦੂਜੀ ਗੱਲ ਇਹ ਵੀ ਸੀ ਕਿ ਜਿਸ ਬਿਸ਼ਨ ਸਿੰਘ ਹਥੀਂ ਮਹਾਰਾਜੇ ਨੇ ਗੁਰੂ ਰਾਮ ਸਿੰਘ ਤੋਂ ਇਹ ਡੰਗਰਾਂ ਦੀ ਸੁਗਾਤ ਮੰਗ ਭੇਜੀ ਸੀ। ਇਸ ਦਾ ਭਰਾ ਕਿਸ਼ਨ ਸਿਘ ਹੁਸ਼ਿਆਰਪੁਰ ਵਿਚ ਹੋਏ ਕਤਲ ਵਿਚ ਦੋਸ਼ੀ ਠਹਿਰਾਇਆ ਜਾ ਚੁਕਾ ਸੀ। ਫਿਰ ਜਿਹੜੇ ਸਿੰਘ ਅਤਰ ਸਿੰਘ, ਤੇ ਜੀਵਨ ਸਿੰਘ, ਸਾਹਿਬ ਸਿਘ ਜੀ ਹੋਰਾਂ ਨਾਲ ਨਿਪਾਲ ਗਏ ਸਨ। ਉਨਾਂ ਬਾਰੇ ਮੈਕਨਬ ਨੂੰ ਇਹ ਸ਼ਕ ਸੀ ਕਿ ਮੋਰਿੰਡਾ ਦੇ ਚੌਕੀਦਾਰ ਦੇ ਕਾਤਲ ਉਹੀ ਹਨ ਤੇ ਇਸੇ ਕਰਕੇ ਹੀ ਭਗੌੜੇ ਹੋਏ ਫਿਰਦੇ ਹਨ। ਸੂਕਾਰ ਨੂੰ ਖਤਰਾ ਸੀਕਿ ਵਿਦਰੋਹੀਆਂ ਤੇ ਭਗੌੜਿਆਂ ਦੀ ਮੰਡਲੀ ਇਕੱਠੀ ਹੋਕੇ ਕੋਈ ਨਵਾਂ ਫਤੂਰ ਖੜ੍ਹਾ ਨਾ ਕਰ ਦੇਵੇ। ਇਸੇ ਵਾਸਤੇ ਰਾਣਾ ਜੰਗ ਬਹਾਦਰ ਨੂੰ ਵੀ ਉਹ ਵੇਖਦੇ ਰਹਿੰਦੇ ਸਨ। ਸੂਹੀਏ ਲੋਕਾਂਵਲੋਂ ਮਿਲੀਆਂ ਇਤਲਾਹਾਂ ਦੇ ਆਧਾਰ ਤੇ ਇਹ ਗੱਲ ਵੀ ਆਮ ਧੁਮ ਗਈ ਸੀ ਕਿ ਨਿਪਾਲ ਵਿਚ ਰਹਿੰਦੇ ਸਾਰੇ ਹੀ ਸਿਖ ਕੂਕੇ ਹੋ ਗਏ ਹਨ।

ਗੁਜਰਾਂਵਾਲੇ ਦੇ ਉਪ ਪੁਲਸ ਕਪਤਾਨ ਵਲੋਂ ਇਨਸਪੈਕਟਰ ਜਨਰਲ, ਪੁਲਸ, ਪੰਜਾਬ ਨੂੰ ੨੯ ਮਾਰਚ ੧੮੭੨ ਈ. ਨੂੰ ਭੇਜੀ ਗਈ ਇਕ ਚਿਠੀ ਵਿਚ ਸੂਬਾ ਬ੍ਹਮਾ ਸਿੰਘ ਦੀ ਇਕ ਤਕਰੀਰ ਦਾ ਜ਼ਿਕਰ ਵੀ ਆਉਂਦਾ ਹੈ,ਜਿਸ ਵਿਚ ਦਸਿਆ ਗਿਆ ਹੈ ਕਿ ਨਿਪਾਲ ਵਿਚ ਮਹਾਰਾਜੇ ਵਲੋਂ ਸੂਬਾ ਸਾਹਿਬ ਸਿੰਘ ਹੋਰਾਂ ਸਭਨਾਂ ਦਾ ਸ਼ਾਨਦਾਰ ਸੁਆਗਤ ਕੀਤਾ ਗਿਆ ਸੀ। ਤੇ ਇਨਾਂ ਦੀ ਬੇਨਤੀ ਸਵੀਕਾਰ ਕਰ-ਦਿਆਂ ਮਹਾਰਾਜ ਨੇ ਨਿਪਾਲ ਵਿਚ ਨੌਕਰੀ ਕਰਦੇ ਸਿਖਾਂ ਦੀ ਆਤਮਕ ਸਿਖਿਆ ਵਾਸਤੇ ਇਕ ਗ੍ਰੰਥ ਸਾਹਿਬ ਤੇ ਇਕ ਗ੍ਰੰਥੀ ਦੇ ਦਿਤਾ ਸੀ ਜਿਸ ਦੇ ਫਲ ਸਰੂਪ ਸਾਧਾਰਨ ਸਿਖ ਕੂਕੇ ਵੀ ਬਣ ਗਏ ਸਨ। ਇਕ ਹੋਰ ਖਬਰ ਅਨੁਸਾਰ ਸਾਹਿਬ ਸਿੰਘ ਤੇ ਉਨਾਂ ਦੇ ਸਾਥੀਆਂ ਨੂੰ ਨਿਪਾਲ ਵਿਚ ਠਹਿਰਣ ਦੇ ਦਿਨੀਂ ਹਰ ਰੋਜ਼ ਪੰਜ ਰੁਪਏ ਦਿਤੇ ਜਾਂਦੇ ਸਨ। ਇਨਾਂ ਤੇ ਇਨਾਂ ਵਰਗੀਆਂ ਹੋਰ ਇਤਲਾਹਾਂ ਨੂੰ ਮੁਖ ਰਖਦਿਆਂ ਇਸ ਟੋਲੀ ਬਾਰੇ ਸੂਕਾਰ ਨੂੰ ਪਿੱਸੂ ਪੈਣੇ ਕੋਈ ਅਣ-ਹੋਣੀ ਨਹੀ ਸਗੋਂ ਕੁਦਰਤੀ ਗਲ ਸੀ।

ਮਾਘੀ ੧੮੭੨ ਈ. :-

ਸਾਰੀਆਂ ਉਗਾਹੀਆਂ ਤੋਂ ਇਹੋ ਸਿਟਾ ਨਿਕਲਦਾ ਹੈ ਕਿ ੧੮੭੨ ਈ. ਦੀ ਮਾਘੀ ਦੇ ਮੇਲੇ ਸਮੇਂ ਸਾਰੇ ਸਰਕਰਦਾ ਸੂਬੇ, ਸਮੇਤ ਸਾਹਿਬ ਸਿੰਘ ਦੇ, ਭੈਣੀ ਸਾਹਿਬ ਵਿਚ ਹਾਜ਼ਰ ਸਨ। ਸਾਹਿਬ ਸਿੰਘ ਤੇ ਦੋਸ਼ ਇਹ ਸੀ ਕਿ ਇਸਨੇ ਹੀ ਮਸਤਾਨਿਆਂ ਨੂੰ ਉਕਸਾ ਕੇ ਮਲੇਰ ਕੋਟਲੇ ਤੇ ਧਾਵਾ ਬੋਲਣ ਲਈ ਤਿਆਰ ਕੀਤਾ ਸੀ।

ਆਪਣੇ ਬਿਆਨ ਵਿਚ ਸੂਬਾ ਸਾਹਿਬ ਸਿੰਘ ਨੇ ਇਨਾਂ ਕੁ ਹੀ ਕਿਹਾ ਕਿ ਨਾ ਤਾਂ ਉਹ ਕਵਾਇਦ ਤੋਂ ਜਾਣੂ ਹੀ ਹੈ ਤੇ ਨਾ ਹੀ ਕਵਾਇਦ ਕਰਾਉਂਦਾ ਹੈ। ਉਹ ਕੇਵਲ ਗੁਰਮੁਖੀ ਹੀ ਪੜ੍ਹ ਸਕਦਾ ਹੈ। ਰਾਇਕੋਟ ਦੇ ਬੁਚੜ-ਬਧ ਤੋਂ ਪਹਿਲਾਂ ਉਹ ਗੁਰਮੁਖ ਸਿੰਘ ਤੇ ਮੰਗਲ ਸਿੰਘ ਨੂੰ ਵੀ ਨਹੀ ਮਿਲਿਆ।

ਮਾਘੀ ਦੀ ਘਟਨਾ ਬਾਰੇ ਉਸ ਦਾ ਬਿਆਨ ਹੈ ਕਿ, "ਮੈਨੂੰ (ਗੁਰੂ) ਰਾਮ ਸਿੰਘ ਜੀ ਨੇ ਭੇਜਿਆ ਕਿ ਮਸਤਾਨਿਆਂ ਨੂੰ ਘਰੋ ਘਰੀ ਵਿਦਿਆ ਕਰ ਆਵਾਂ ਪਰ ਉਨਾਂ ਨੇ ਮੈਨੂੰ ਗਾਲਾਂ ਕਢੀਆਂ ਤੇ ਉਥੋਂ ਗਏ ਵੀ ਨਾ। ਮੈਂ ਦੂਜਿਆਂ ਨੂੰ ਵੀ ਬੁਲਾਇਆ, ਅੰਤ ਗੁਰੂ ਸਾਹਿਬ ਆਪ ਆਏ ਤੇ ਉਨਾਂ ਦਾ ਚੁਪ ਚਾਪ ਚਲੇ ਜਾਣ ਲਈ ਤਰਲਾ ਕੀਤਾ। ਉਹ ਕਹਿਣ ਲੱਗੇ ਕਿ ਉਨਾਂ ਨੂੰ ਭੁਖ ਲੱਗੀ ਹੋਈ ਹੈ। ਸੋ ਉਨਾਂ ਨੇ ਉਨਾਂ (ਮਸਤਾਨਿਆਂ) ਨੂੰ ਆਪਣੇ ਵਿਹੜੇ ਵਿਚ ਬਿਠਾ ਦਿਤਾ ਤੇ ਫਿਰ ਉਹ ਚਲੇ ਗਏ। ਮੈਂ ਜਾ ਕੇ ਥਾਨੇਦਾਰ ਨੂੰ ਦਸਿਆ ਤੇ ਉਨਾਂ ਦੇ ਨਾਉਂ ਲਿਖਣ ਲਈ ਕਿਹਾ।"

ਦੂਜੇ ਬੰਨੇ, ਮੈਕਨਬ ਦੇ ਸਾਹਮਣੇ ਦਿਤੀਆਂ ਉਗਾਹੀਆਂ ਵਿਚ ਭੋਲਾ ਸਿੰਘ, ਨਿਹਾਲ ਸਿੰਘ ਆਦਿ ਨੇ ਜੋ ਕੁਛ ਕਿਹਾ ਜਾਂ ਸਰਕਾਰ ਨੇ ਜੋ ਕੁਛ ਉਨਾਂ ਤੋਂ ਅਖਵਾਇਆ ਉਸ ਦੇ ਅਧਾਰ ਤੇ ਮੈਕ-ਨਬ ਇਸ ਸਿਟੇ ਤੇ ਪੁਜਦਾ ਹੈ ਕਿ ਕੁਛ ਅਗਵਾਹ ਤਾਂ ਮਲੌਦ ਵਲ ਨੂੰ ਰਵਾਨਾ ਹੋਈ ਟੋਲੀ ਨੂੰ ਵਸਾਦਾਂ ਵਾਸਤੇ ਉਕਸਾਉਣ ਸਬੰਧੀ ਸਾਹਿਬ ਸਿੰਘ ਦਾ ਨਾਂ ਵਿਸ਼ੇਸ਼ ਕਰਕੇ ਲੈਂਦੇ ਹਨ। ਸਾਹਿਬ ਸਿੰਘ ਇਹ ਸਿਧ ਕਰਨ ਦਾ ਜਤਨ ਕਰ ਰਿਹਾ ਹੈ ਕਿ ਉਹਨੇ ਥਾਨੇਦਾਰ ਨੂੰ ਇਨਾਂ (ਮਸਤਾਨਿਆਂ ਸਬੰਧੀ) ਸੂਚਨਾ ਦੇ ਦਿਤੀ ਸੀ ਪਰ ਸਰਕਾਰੀ ਕਾਗਜ਼ ਤੇ ਉਗਾਹਾਂ ਤੋਂ ਇਹ ਪ੍ਰਮਾਣ ਮਿਲਦੇ ਹਨ ਕਿ ਉਨਾਂ ਕੇਵਲ ਕੁਛ ਨਾਮ ਹੀ ਦਿਤੇ ਸਨ ਉਹ ਵੀ ਉਦੋਂ ਜਦੋਂ ਚੌਕੀ-ਦਾਰ ਤੋਂ ਸੂਚਨਾ ਮਿਲਣ ਤੇ ਥਾਨੇਦਾਰ ਨੇ ਜਾ ਕੇ (ਗੁਰੂ) ਰਾਮ ਸਿੰਘ ਨੂੰ ਇਸ ਮਾਮਲੇ ਵਿਚ ਉਸਦੀ ਸਹਾਇਤਾ ਕਰਨ ਵਾਸਤੇ ਕਿਹਾ।

ਲੁਧਿਆਣੇ ਦੇ ਮਜਿਸਟਰੇਟ ਸੀਸਲ ਬੀਡਨ ਸਾਹਮਣੇ ੧੯ ਅਪਰੈਲ ੧੮੭੨ ਨੂੰ ਦਿਤੇ ਬਿਆਨ ਵਿਚ ਭੈਣੀ ਸਾਹਿਬ ਦਾ ਚੌਕੀਦਾਰ ਭਗਵਾਨਾ ਕਹਿੰਦਾ ਹੈ ਕਿ ਉਹਨੇ ਮਸਤਾਨਿਆਂ ਨੂੰ ਸ਼ਕੀ ਹਾਲਤ ਵਿਚ ਦੇਖਕੇ ਸਰਫਰਾਜਖਾਂ (ਥਾਨੇਦਾਰ) ਨੂੰ ਖਬਰ ਕੀਤੀ ਉਹ (ਗੁਰੂ) ਰਾਮ ਸਿੰਘ ਕੋਲ ਪਹੁੰਚਾ। ਗੁਰੂ ਰਾਮ ਨੇ ਆਸ ਪ੍ਰਗਟਾਈ ਕਿ ਪ੍ਰਸ਼ਾਦਾ ਛਕਕੇ ਮਸ-ਤਾਨ ਖਿਡ ਪੁੰਡ ਜਾਣਗੇ। ਭਗਵਾਨੇ ਮੁਤਾਬਿਕ ਜਦੋਂ ਮਸਤਾਨਿਆਂ ਨੂੰ ਚਾਰ ਵਜੇ ਸ਼ਾਮ ਨੂੰ ਪ੍ਰਸਾਦਾ ਛਕਾਇਆ ਉਦੋਂ ਸਾਹਿਬ ਸਿੰਘ, ਲਖਾ ਸਿੰਘ, ਪਹਾੜਾ ਸਿਘ, ਹੁਕਮਾ ਸਿੰਘ, ਮਾਨ ਸਿੰਘ ਤੇ ਕਾਹਨ ਸਿੰਘ ਅਤੇ ਹੋਰ ਸੂਬੇ ਓਥੇ ਮੌਜੂਦ ਸਨ। ਭਗਵਾਨੇ ਦੇ ਕਹਿਣ ਮੁਤਾਬਿਕ ਇਨਾਂ, ਸਾਰੇ ਸੂਬਿਆਂ ਨੇ ਹੀਰਾ ਸਿਘ ਤੇ ਲਹਿਣਾ ਸਿੰਘ ਨੂੰ ਹਲਾ ਸ਼ੇਰੀ ਦਿਤੀ ਕਿ ਉਹ ਨਾਭੇ ਤੇ ਕੋਟਲੇ ਜਾਕੇ ਹਥਿਆਰ ਅਤੇ ਘੋੜੇ ਕਾਬੂ ਕਰਨ ਤ (ਗੁਰੂ) ਰਾਮ ਸਿੰਘ ਨ ਲਖਾ ਸਿੰਘ (ਸੂਬੇ) ਦੇ ਜਿਮੇ ਇਹ ਕੰਮ ਲਾਇਆ ਕਿ ਉਹ ਲਹਿਣਾ ਸਿੰਘ ਤੇ ਹੀਰਾ ਸਿੰਘ ਦੀ ਇਸ ਕੰਮ ਵਿਚ ਸਹਾਇਤਾ ਕਰੇ।

ਗੰਗਾ ਜਲ ਦੀ ਸਹੁ ਖਾਕੇ ਸੁਖੂ ਲੰਬੜ (ਭੈਣੀ ਸਾਹਿਬ) ਦੀ ਦਿਤੀ ਉਗ੍ਰਾਹੀ ਵਿਚ ਇਹ ਕਿਹਾ ਗਿਆ ਹੈ ਕਿ ਗੁਰੂ ਰਾਮ ਸਿੰਘ ਨੇ ਇਹ ਆਖਿਆ ਸੀ ਕਿ ਜਿਹੜੇ ਬੰਦੇ ਬਹੁਤੇ ਕਾਹਲੇ ਹਨ ਉਹ ਕੋਟਲੇ ਫਿਰ ਨਾਭੇ ਤੇ ਫਿਰ ਪਟਿਆਲੇ ਤੇ ਧਾਵਾ ਕਰਨ। ਸੂਬਿਆਂ ਨੂੰ ਉਨਾਂ ਨੇ ਮਦਦ ਦੇਣ ਦਾ ਬਚਨ ਵੀ ਕੀਤਾ। ਸੁਖੂ ਨੇ ਆਪਣੀ ਉਗਾਹੀ ਵਿਚ ਇਥੋਂ

ਤਕ ਵੀ ਕਿਹਾ ਕਿ ਇਸ ਵਿਚਾਰ ਸਮੇ ਸਾਹਿਬ ਸਿੰਘ, ਜਵਾਹਰ ਸਿੰਘ, ਤੇ ਲਖਾ ਸਿੰਘ ਗੁਰੂ ਜੀ ਦੀ ਚਾਰਪਾਈ ਦੇ ਸਾਹਮਣੇ ਬੈਠੇ ਸਨ ਅਤੇ ਕਾਹਨਸਿੰਘ ਪਹਾੜਾ ਸਿੰਘ, ਹੁਕਮਾ ਸਿੰਘ, ਬ੍ਰਹਮਾ ਸਿੰਘ ਤੇ ਹੋਰ ਸੂਬੇ ਇਕ ਪਾਸੇ।

ਇਸ ਘਟਨਾ ਬਾਰੇ ਜੋ ਕੁਝ ਸਮਕਾਲੀ ਲੇਖਕ ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਉਹ ਇਹ ਹੈ, "ਮਲੋਦ ਤੋਂ ਥਾਨੇਦਾਰ ਰਾਮਦਾਸ ਪੁਰੇ ਆਇਆ। ਦੀਨ ਦਇਆਲ ਜੀ ਕੋ ਥਾਨੇਦਾਰ ਨੇ ਕਹਿਆ ਕਿ ਮਲੌਦ ਮੈ ਫਰੰਗੀ ਨੇ ਯਾਦ ਕੀਤਾ ਹੈ, ਪੰਜ ਸਿੰਘ ਨਾਲ ਆਵਣਾ। ਥਾਣੇਦਾਰ ਕਹਿਕੇ ਚਲਾ ਗਿਆ। ਗੁਰੂ ਸਾਹਿਬ ਪੰਜਾਂ ਸਿੰਘਾਂ ਨਾਲ ਚਲੇ। ਬਾਬਾ ਜਵਾਹਰ ਸਿੰਘ ਬਾਬਾ ਕਾਹਨ ਸਿੰਘ ਬਾਬਾਸਾਹਿਬ ਸਿੰਘ, ਖਜਾਨ ਸਿੰਘ ਤੇ ਜੋਗਾ ਸਿੰਘ"

(ਪੰਨਾਂ ੪੧੭)

ਗ੍ਰਿਫਤਾਰੀ:—

ਸਰਕਾਰੀ ਸੂਚੀਆਂ ਵਿਚ ਸੂਬੇ ਸਾਹਿਬ ਸਿੰਘ ਦਾ ਨਾਂ ਗੁਰੂ ਰਾਮ ਸਿੰਘ ਤੋਂ ਦੂਜੇ ਥਾਂ ਹੀ ਲਿਖਿਆਮਿਲਦਾ ਹੈ। ਪ੍ਰਸਿਧੀ ਤੇਜ, ਤੇ ਰਾਜਨੀਤਕ ਪੈਤੜਿਆਂ ਦਾ ਭੇਤੀ ਹੋਣ ਕਾਰਨ ਇਹ ਅੰਗਰੇਜ ਅਫਸਰਾਂ ਦੀਆਂ ਅਖਾਂ ਦਾ ਰੋੜ ਬਣ ਚੁਕਾ ਸੀ। ੧੮੭੨ ਈ ਦੀ ਮਾਘੀ ਦੇ ਮੇਲੇ ਤੇ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਅਗਵਾਈ ਵਿਚ ਜੋ ਸ਼ਹੀਦੀ ਜਥਾ ਮਲੇਰ ਕੋਟਲੇ ਨੂੰ ਰਵਾਨਾ ਹੋਇਆ ਉਸਨੂੰ ਤਿਆਰ ਕਰਨ ਤੇਹਮਲੇ ਦੀ ਵਿਉਂਤੇ ਸਮਝਾਉਣ ਦਾ ਮੁਖ ਦੋਸ ਸਾਹਿਬ ਸਿੰਘ ਦੇ ਮਥੇ ਹੀ ਮੜ੍ਹਿਆ ਗਿਆ। ਕੋਟਲੇ ਦਾ ਸ਼ਹੀਦੀ ਸਾਕਾ ਹੋਇਆ ੧੭ ਜਨਵਰੀ ੧੮੭੨ ਨੂੰ ੪੯ ਸਿੰਘ ਤੋਪਾਂ ਅਗੇ ਉਡਾਏ ਗਏ (ਇਕ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਇਸ ਨਾਟਿਕ ਦਾ ਮੁਖ ਨਾਇਕ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕਾਵਨ ਸੀ।ਜਿਸਨੇ ਬਿਨਾਂ ਕਿਸੇ ਉਚ ਅਧਿਕਾਰੀਦੀ ਪ੍ਰਵਾਨਗੀ ਤੋਂ ਹੀ ਇੰਨਾ ਵਡਾ ਨਰ ਸੰਘਾਰ ਕੀਤਾ ਸੀ। ਕਮਿਸ਼ਨਰ-ਥਾਮਸ ਫੋਰਸਿਥ ਨੇ ਅਗਲੇਦਿਨ ੧੮ ਜਨਵਰੀ ਨੂੰ ਕੋਟਲੇ ਪਹੁਚਣਾ ਸੀ। ਪਰ ਤੜਕੇ ਨੂੰ ਹੀ ਉਹਨੇ ਗੁਰੂ ਰਾਮ ਸਿੰਘ ਤੇ ਉਨਾਂ ਦੇ ਪ੍ਰਭਾਵ ਸ਼ਾਲੀ ਸੂਬਿਆਂ ਨੂੰ ਲੁਧਿਆਣੇ ਗ੍ਰਿਫਤਾਰ ਕਰਕੇ ਪ੍ਰਯਾਗ ਨੂੰ ਜਲਾਵਤਨ ਕਰ ਦਿਤਾ। ਉਸ ਜਥੇਵਿਚ ਹੀ ਸਾਹਿਬ ਸਿੰਘ ਹੁਰੀਂ ਵੀ ਗੁਰੂ ਰਾਮ ਸਿੰਘ ਦੇ ਨਾਲ ਹੀ ਗ੍ਰਿਫਤਾਰ ਹੋਏ। ਇਨ੍ਹਾਂਦਾ ਭਰਾ,ਸੂਬਾ ਰੂੜ ਸਿੰਘ ਵੀ ਇਥੇ ਜਥੇ ਵਿਚ ਸ਼ਾਮਿਲ ਸੀ। ਗਿਆਰਾਂ ਸੂਬੇ ਤੇ ਬਰ੍ਹਵਾਂ ਸ੍ਰ. ਮੰਗਲ ਸਿੰਘ ਸੀ। ਇਹ ਬਾਰਾਂ ਸਰੀਰ ਬੰਗਾਲ ਦੇ ਐਕਟ ੧੮੧੮ ਦੀ ਧਾਰਾ ਤਿੰਨ ਅਧੀਨ ਜਲਾਵਤਨ ਕੀਤੇ ਗਏਪਰ ਗ੍ਰਿਫਤਾਰੀ ਦੇ ਵਾਰੰਟ ਉਦੋਂ ਅਜੇ ਜਾਰੀ ਨਹੀਂ ਸੀ ਹੋਏ।

ਸ਼ਾਹੀ ਕੈਦੀ ਕਿਥੇ ਗਏ:—

ਇਹ ਬਾਰਾਂ ਦੇ ਬਾਰਾਂ ਆਦਮੀ ਸ਼ਾਹੀ ਕੈਦੀ ਦੇ ਰੂਪ ਵਿਚ ਗ੍ਰਿਫਤਾਰ ਕਰਕੇ ਇਲਾਹਬਾਦ ਭੇਜੇ ਗਏ। ਕੈਪਟਨ ਬੇਲੀ ਦਾ ਵਿਚਾਰ ਸੀ ਕਿ ਇਨਾਂ ਸ਼ਾਹੀ ਕੈਦੀਆਂ ਦੇ ਰਖਣ ਲਈ ਇਲਾਹਬਾਦਢੁਕਵੀ ਥਾਂ ਨਹੀ। ਸਾਹਿਬ ਸਿੰਘ ਤੇ ਕਾਹਨ ਸਿੰਘ ਗੁਰੂ ਰਾਮ ਸਿੰਘ ਦੇ ਬਰਾਬਰ ਦੇ ਨੇਤਾ ਸਨ,ਇਸ ਕਰਕੇ ਬੇਲੀ ਦੇ ਵਿਚਾਰ ਸਨ ਕਿ ਗੁਰੂ ਰਾਮ ਸਿੰਘ ਵਾਂਗ ਇਨ੍ਹਾਂ ਨੂੰ ਵੀਸਮੁੰਦਰੋਂ ਪਾਰ ਭੇਜਣਾ ਚਾਹੀਦਾ ਹੈ। ਜਿਥੋਂ ਇਹ ਪੰਜਾਬੀਆਂ ਨਾਲ ਨਾ ਤਾਂ ਚਿਠੀ ਪਤ੍ਰ ਕਰ ਸਕਣ ਨ ਹੀ ਕਿਸੇ ਹੋਰ ਤਰਾਂ ਸੰਪਰਕਕਾਇਮ ਕਰ ਸਕਣ। ਇਸ ਅਨੁਸਾਰ ਅਜੇ ਸ਼ਾਇਦ ਅੰਡੇ-ਮਾਨ ਟਾਪੂ ਵੀ ਢੁਕਵੀਂ ਥਾਂ ਨਹੀ ਸੀ। ਇਨ੍ਹਾਂ ਵਿਚੋਂ ਤਿੰਨਾਂ ਨੂੰ ਮੌਲਮੀਨ ਭੇਜੇ ਜਾਣ ਦੀ ਸੰਭਾਵਨਾ ਵੀ ਇਸ ਅਫਸਰ ਨੇ ਪ੍ਰਗਟਾਉਂਦਿਆਂ ਹੋਰ ਤਿੰਨਾਂ ਨੂੰ ਅਕਾਬਾਬ ਭੇਜਣ ਦੀ ਰਾਇ ਪ੍ਰਗਟਾਈ ਸੀ। ਕਿਉਂਕਿ ਅਕਾਬਾਬ ਵਿਚ ਨਿਗਰਾਨੀ ਰਖਣ ਵਾਸਤੇ ਕਿਸੇ ਨਾ ਕਸੇ ਫੌਜੀ ਟੁਕੜੀ ਦੇ ਹੋਣ ਦੀ ਆਸ ਵੀ ਕੀਤੀ ਜਾ ਸਕਦੀ ਸੀ। ਬਾਕੀ ਦੇ ਪੰਜ ਸੂਬਿਆਂ ਲਈ ਅਸੀਰਗੜ ਤੇ ਚੁਨਾਰ ਦੀ ਚੋਣ ਕੀਤੀ ਗਈ।

ਨਾਮਧਾਰੀ ਪੰਥ ਦੇ ਰਾਖੇ ਤੇ ਅਮਨ ਦੇ ਪ੍ਰਤੀਕ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਚੁਨਾਰ ਕਿਉਂ ਨਹੀਂ:-

ਜਿਨਾਂ ਕੂਕਿਆਂ ਨੂੰ ਚੁਨਾਰ ਕੈਦ ਕਰਨ ਦਾ ਸੁਝਾਉ ਦਿਤਾ ਗਿਆ ਸੀ ਉਨਾਂ ਬਾਰੇ ਵੀ ਅਫਸਰਾਂ ਦੇ ਵਿਚਾਰ ਅਸਮਿਤ ਸਨ। ਮੇਜਰ ਜਨਰਲ ਥਾਮਸ ਵਲੋਂ ੨੭ ਫਰਵਰੀ ਨੂੰ ਅਲਾਹਬਾਦ ਦੇ ਮੈਜਿਸ-ਟਰੇਟ ਰਾਬਰਟਸਨ ਨੂੰ ਲਿਖੀ ਗਈ ਚਿਠੀ ਵਿਚ ਇਸ ਸੁਝਾਓ ਨੂੰ ਰਦ ਕੀਤਾ ਗਿਆ ਹੈ ਕਿਉਂਕਿ ਉਥੇ ਪਹਿਲਾਂ ਹੀਪੰਜ ਅਰਬੀ ਕੈਦੀ ਤੇ ਅਠ ਜਾਂ ਨੌ ਨੌਕਰ ਰਖੇ ਹੋਇ ਹਨ ਪਰ ਜੇ ਉਥੋਂ ਇਨਾਂ ਕੈਦੀਆਂ ਨੂੰ ਕਿਸੇ ਹੋਰ ਥਾਂ ਬਦਲਿਆ ਜਾ ਸਕੇ ਤਦ ਕੂਕਿਆ ਨੂੰ ਰਖਣ ਵਾਸਤੇ ਅਲਾਹ ਬਾਦ ਨਾਲੋਂ ਇਹ ਥਾਂ ਢੁਕਵਾਂ ਵੀ ਜਿਆਦਾ ਹੋਇਗਾ। ਫਿਰ ਵੀ ਜਨਰਲ ਥਾਮਸ ਨੇ ਜਬਾਨੀ ਗਲਬਾਤ ਦੌਰਾਨ ਰਾਬਰਟਸਨ ਨੂੰ ਇਹ ਭਰੋਸਾ ਦਿਵਾਇਆ ਸੀ ਕਿ ਉਹ ਗੁਰਦਾਮ ਸਿੰਘ ਤੇ ਇਕ ਸੇਵਕ ਦੇ ਅਲਾਹਬਾਦ ਦੇ ਕਿਲੇ ਵਿਚ ਰਖਣ ਦੇ ਪ੍ਰਬੰਧ ਕਰ ਸਕਦਾ ਹੈ।

ਸਾਹਿਬ ਸਿੰਘ ਹੋਰੀਂ ਅਦਨ ਨੂੰ:-

ਇਨ੍ਹਾਂ ਸਾਰ ਕੈਦੀਆਂ ਦੀ ਕੈਦ ਬਾਰੇ ਸਰਕਾਰੀ ਅਫਸਰਾਂ ਵਿਚਕਾਰ ਵਿਚਾਰ ਵਟਾਂਦਰਾ ਹੁੰਦਾ ਰਿਹਾ ਛੇਤੀ ਹੀ ਇਹ ਕੈਦੀ ਵਖੋ ਵਖ ਦੂਰ ਦੁਰੇਡੀਆਂ ਥਾਵਾਂ ਵਿਚ ਵੰਡ ਦਿਤੇ ਗਏ। ਸਰਕਾਰ ਵਲੋਂ ਜਾਰੀ ਕੀਤੇ ਗਏ ਹੁਕਮ ਅਨੁਸਾਰ ਸਾਹਿਬ ਸਿੰਘ ਤੇ ਕਾਹਨ ਸਿੰਘ ਦੋਨੋਂ ਅਦਨ ਨੂੰ ਰਵਾਨਾਂ ਕੀਤੇ ਗਏ।

ਇਹ ਦੋਵੇਂ ਵਿਦਰੋਹੀ ਸੂਬੇ ੨੪ ਮਾਰਚ੧੮੭੩ ਨੂੰ ਅਦਨ ਜਾ ਪਹੁਚੇ। ਵਿਸ਼ੇਸ ਤੌਰ ਤੇ ਤਿਆਰ ਕੀਤੇ ਕਮਰਿਆਂ ਵਿਚ ਇਨ੍ਹਾਂ ਨੂੰ ਥਾਂ ਦਿਤਾ ਗਿਆ ਇਨ੍ਹਾਂ ਕਮਰਿਆਂ ਤੇ ੨੬੮ ਰੁਪੈ ਖਰਚ ਹੋਇਆ। ਦੋਹਾਂ ਕੈਦੀਆਂ ਦੀ ਖਾਦ ਖੁਰਾਕ ਸਮੇਤ ਹੋਰ ਮਾਸਕ ਖਰਚ ੫੭ ਰੁਪੈ ੭ ਆਨੇ ਬਣਦਾ ਸੀ। ਫਿਰ ਗਵਰਨਰ ਜਨਰਲ ਨੇ ਇਨਾਂ ਨੂੰ ਜੇਲ ਤੋਂ ਬਾਹਰ ਪਰ ਪੁਲਿਸ ਦੀ ਨਿਗਰਾਨੀ ਹੇਠ ਰਖਣ ਦੀ ਸਿਫਾ-ਰਸ਼ ਕੀਤੀ। ਇਸ ਨਿਗਰਾਨੀ ਲਈ ੧੫-੧੫ਰੁਪੈ ਪ੍ਰਤੀ ਮਹੀਨੇ ਦੇ ਹਿਸਾਬ ਦੋ ਆਦਮੀ ਹੋਰ ਰਖੇਗਏ। ਇਸ਼ਨਾਨ ਲਈ ਪਾਣੀ, ਤੇਲ ਆਦਿ ਦਾ ਸਾਰਾਖਰਚ ਪਾਕੇ ਇਨ੍ਹਾਂ ਦਾ ਖਰਚ ੧੦੨ ਰੁਪੈ ਤਕ ਪਹੁੰਚ ਜਾਂਦਾ ਸੀ।

ਸਜ਼ਾਵਾਂ ਦਾ ਸਮਾ:-

ਆਪਣੀ ਰਿਪੋਟ ਤਿਆਰ ਕਰਨ ਵੇਲੇ ਮੈਕਨਬ ਨੇ ਹਰੇਕ ਕੈਦੀ ਦੀ ਸਜਾ ਦੀ ਲੰਬਾਈ ਬਾਰੇਸੁਝਾਓ ਦਿੰਦਿਆਂ ਹਰੇਕ ਦਾ ਦੋਸ਼ ਨਿਰਧਾਰਤ ਕਰਕੇ ਉਸ ਅਨੁਸਾਰ ਵਖੋ ਵਖ ਸਮੇ ਤਕ ਕੈਦ ਰਖਣ ਦਾਸੁਝਾਉ ਪੇਸ਼ ਕੀਤਾ ਸੀ। ਸੂਬਾ ਸਾਹਿਬ ਸਿੰਘ ਬਾਰੇ ਉਸਦੀ ਸਿਫਾਰਸ਼ ਇਹ ਸੀ ਕਿ ਉਸਨੂੰ ਸਾਰੀ ਉਮਰ ਜਲਾ-ਵਤਨੀ ਵਿਚ ਹੀ ਕੈਦ ਰਖਿਆ ਜਾਵੇ! ਜੇ ਕਦੇ ਵਾਪਸ ਪੰਜਾਬ ਭੇਜਣਾ ਯੋਗ ਸਮਝਿਆ ਵੀ ਜਾਵੇ ਤਦ ਵੀ ਪੁਲਸ ਦੀ ਨਿਗਰਾਨੀ ਹੇਠਾਂ ਰਖਿਆਜਾਵੇ ਨਾਲ ਹੀ ਇਹ ਪਾਬੰਦੀ ਵੀ ਲਾਗੂ ਰਖਣ ਦੀ ਗਲ ਕੀਤੀ ਗਈ ਸੀ ਕਿ ਨਾ ਤਾਂ ਸਾਹਿਬ ਸਿੰਘ ਆਪ ਕੋਈ ਮੇਲਾ (ਇਕਠ) ਕਰ ਸਕੇ ਤੇ ਨਾ ਹੀ ਕਿਸੇ ਹੋਰ ਵਲੋਂ ਬੁਲਾਏ ਇਕਠ ਵਿਚ ਜਾ ਕੇ ਹਿਸਾ ਲਵੇ।

ਪਰ ਸਾਹਿਬ ਸਿਘ ਦੇ ਭਰਾ ਰੂੜ ਸਿੰਘ ਬਾਰੇ ਮੈਕਨਬ ਦੇ ਵਿਚਾਰ ਸਨ ਕਿ ਉਹਨੂੰ ਕੇਵਲ ਦੋ ਸਾਲ ਕੈਦ ਰਖਕੇ ਛਡ ਦਿਤਾ ਜਾਵੇ। ਮੈਕਨਬ ਦਾਖਿਆਲ ਸੀ ਕਿ ਰੂੜ ਸਿੰਘ ਦਾ ਆਪਣਾ ਕੋਈ ਵਿਸ਼ੇਸ਼ ਚਰਿਤਰ ਨਹੀਂ ਹੈ ਸਗੋਂ ਉਸ ਦੀ ਪ੍ਰਸਿਧੀ ਕੇਵਲ ਸਾਹਿਬ ਸਿੰਘ ਦਾ ਭਰਾ ਹੋਣ ਕਾਰਣ ਹੀ ਹੈ।

ਇਨ੍ਹਾਂ ਸਾਰੇ ਕੈਦੀਆਂ ਦੀ ਕੈਦ ਬਾਰੇ ਜੋ ਸਮਾ ਮੈਕਨਬ ਨੇ ਸੁਝਾਉ ਦੇ ਰੂਪ ਵਿਚ ਪੇਸ਼ ਕੀਤਾ ਸੀ ਪੰਜਾਬ ਸਰਕਾਰ ਦੇ ਖਿਆਲ ਵਿਚ ਇਸ ਤਰਾਂ ਸਮਾਂ ਨੀਯਤ ਕਰਨ ਦਾ ਕੋਈ ਲਾਭ ਨਹੀਂ ਸੀ। ਉਸ ਅਨੁਸਾਰ ਕਿਸੇ ਕੈਦੀ ਦੀ ਦੇਸ ਵਾਪਸੀ ਦੀ ਗਲ ਪ੍ਰਾਂਤਕ ਸੋਚ ਵਿਚਾਰ ਤੇ ਅਧਾਰਤ ਹੋਣੀ ਚਾਹੀਦੀਹੈ ਸਥਾਨਿਕ ਸਰਕਾਰ ਦੀ ਸੰਮਤੀ ਤੋਂ ਬਿਨਾ ਨਹੀ ਹੋਣੀ ਚਾਹੀਦੀ। ਇਸ ਦੇ ਨਾਲ ਸਗੋਂ ਸ਼ਰਤ ਇਹ ਹੋਵੇ ਕਿ ਸਾਰੇ ਮੁਕਦਮੇ ਸਾਲ ਪਿਛੋਂ ਦੇਖੇ ਘੋਖੇ ਜਾਣ ਤੇ ਕਾਨੂਣ ਅਨੁਸਾਰ ਤੋਰੇ ਜਾਣ।

ਅਸੰਮਤੀ ਦਾ ਕਾਰਨ:—

ਮੈਕਨਬ ਦੀ ਰਿਪੋਟਗਵਨਰ ਜਨਰਲ ਦੀਕੌਂਸਲੇ ਦੇ ਮੈਂਬਰਾਂ ਵਿਚ ਫੇਰੀ ਗਈ। ਇਸਤੇ ਟਿਪਣੀ ਕਰਦਿਆਂ ਇਕ ਮੈਂਬਰ (ਏਲੀ) ਟੀ. ਸੀ. ਬੀ. ਨੇ ੧੭ ਜੁਲਾਈ ੧੮੭੨ ਨੂੰ ਬਹੁਤ ਹੀ ਲੰਮੀ ਚੌੜੀ ਰਾਇ ਪੇਸ਼ ਕੀਤੀ ਹੈ ਜਿਸ ਵਿਚ ਉਸਨੇ ਕਈ ਕੈਦੀ ਸੂਬਿਆਂ ਦੇ ਮੁਕਦਮਿਆਂ ਸਬੰਧੀ ਵਖਰੀ ਵਖਰੀ ਰਾਇ ਵੀ ਦਰਜ ਕੀਤੀ ਹੈ। ਮੈਕਨਬ ਦੇ ਸੁਝਾਉ ਬਾਰੇ ਸਮੁਚੇ ਤੌਰ ਤੇ ਵਿਚਾਰ ਪ੍ਰਗਟਾਉਂਦਿਆਂਇਹ ਮੈਂਬਰ ਲਿਖਦਾ ਹੈ "ਮੈਕਨਬ ਨੇ ਦੋਸ਼ੀਆਂ ਕੂਕਿਆਂ ਬਾਰੇ ਕੈਦੀਆਂ ਵਲੋਂ ਪਾਏ ਗਏ ਹਿਸੇ ਸਬੰਧੀਪ੍ਰਾਪਤ ਹੋਈਆਂ ਉਗਾਹੀਆਂ ਤੋਂ ਬਹੁਤਾ ਪ੍ਰਭਾਵ ਗ੍ਰਹਿਣ ਕੀਤਾਹੈ। ਫਿਰ ਉਹ ਵੀ ਉਨਾਂ ਦੇ ਨਿਜੀ ਚਾਲਚਲਣ ਤੋਂ ਮੇਰਾ ਵਿਚਾਰ ਹੈ ਕਿ ਉਹਨਾਂ ਦਾ ਸਬਾਨਿਕ ਅਸਰ ਰਸੁਖ ਤੇ ਅਹੁਦਾ ਵੀ ਬਹੁਤੇ ਖਤਰਨਾਕ ਨੁਕਤੇ ਹਨ ਜਿਨ੍ਹਾਂ ਵਲ ਮੈਕਨਬ ਨੇ ਬਹੁਤਾ ਖਿਆਲ ਨਹੀਂ ਦਿਤਾ ਜਾਪਦਾ।

ਅਗੇ ਚਲਕੇ ਇਹੋ ਮੈਂਬਰ ਹੋਰ ਵਿਸਥਾਰ ਦਿੰਦਾ ਹੋਇਆ ਕਹਿੰਦਾ ਹੈ"ਇਹ ਠੀਕ ਹੈ ਕਿ ਅਜੇ ਅਹੁਦੇ ਤੇ ਅਸਰ ਰਸੂਖ ਨੂੰ ਇਕਠਿਆਂ ਵੀ ਨ ਦੇਖਿਆ ਜਾਵੇ ਤਾਂ ਕਿਸੇਦਾ ਅਹੁਦਾ ਹੀ ਖਤਰਨਾਕ ਹੋ ਸਕਦਾ ਹੈ। ਉਦਾਹਰਣ ਵਜੋਂ ਸਾਹਿਬ ਸਿੰਘ ਸ਼ਾਇਦ (ਗੁਰੂ) ਰਾਮ ਸਿੰਘ ਦਾ ਉਤ੍ਰਾਧਿਕਾਰੀ ਹੈ ਤੇ ਰੂੜ ਸਿੰਘ ਉਸਦਾ ਭਰਾ ਹੈ! ਬੁਚੜਾਂ ਦੇ ਕਤਲ ਹੋਣ ਤੋਂ ਪਹਿਲਾਂ ਰੂੜ ਸਿੰਘ ਨੂੰ ਇਸ ਸਭ ਕਾਸੇ ਦੀ ਖਬਰ ਸੀ ਪਰ ਮੈਕਨਬ ਇਸ ਨੂੰ ਕੋਈ ਵਿਸ਼ੇਸ਼ ਘਟਨਾ ਨਾ ਖਿਆਲ ਕਰਕੇ ਰੂੜ ਸਿਘ ਨੂੰ ਸਿਰਫ ਸਾਹਿਬਸਿਘ ਦੇ ਪ੍ਰਵਾਰ ਵਿਚੋਂ ਹੋਣ ਦੇ ਨਾਤੇ ਦੋ ਸਾਲ ਦੀ ਕੈਦ ਦੀ ਹੀ ਸਿਫਾਰਸ਼ ਕਰਦਾ ਹੈ। ਕਾਰ ਗੁਜਾਰੀ ਦੇਲਿਹਾਜ ਨਾਲ ਸਭ ਤੋਂ ਪਹਿਲੀ ਵਾਰੀ ਸਾਹਿਬ ਸਿੰਘ ਦੀ ਹੈ ਜੋ (ਗੁਰੂ) ਰਾਮ ਸਿੰਘ ਵਲੋਂ ਰਾਜਦੂਤ ਬਣਕੇ ਨਿਪਾਲ ਗਿਆ। ਫਿਰ ਸਾਰੇ ਪੁਲਿਸ ਅਫਸਰਾਂ ਦੀਆਂ ਕਿਤਾਬਾਂ ਵਿਚ ਉਸਨੂੰ ਉਤ੍ਰਾਧਿਕਾਰੀ, ਵਿਸ਼ਵਾਸਪਾਤਰ ਸੂਬਾ, ਰਾਮ ਸਿੰਘ ਦਾ ਲੈਫਟੀਨੈਂਟ,ਹਰ ਸਮੇਂ ਰਾਮ ਸਿੰਘ ਦੇ ਨਾਲ ਰਹਿਣ ਵਾਲਾ, ਸਾਰੇ ਸੂਬਿਆਂ ਚੋਂ ਵਧ ਜਾਣਿਆਂ ਪਛਾਣਿਆਂ ਆਦਿ ਵਿਸ਼ੇਸ਼ਣ ਦਿਤੇ ਗਏ ਹਨ। ਮੈਕਨਬ ਦੀ ਉਸ ਬਾਰੇ ਆਪਣੀ ਰਾਇ ਹੈ, ਪੜ੍ਹਿਆ ਲਿਖਿਆ, ਰਾਜ ਦਾ ਇਛੁਕ, ਘਾੜਤਾਂ ਘੜਨ ਵਾਲਾ, ਸਜਰੀਆਂ ਗੋਂਦ ਵਿਚ ਰਾਮ ਸਿੰਘ ਨੂੰ ਉਕਸਾਉਣ ਵਾਲਾ ਆਦਿ। ਪ੍ਰਚਾਰ ਦੇ ਸਬੰਧ ਵਿਚ ਉਹ ਸਾਰੇ ਕੂਕਿਆਂ ਨਾਲੋ ਵਧ ਹਰਕਤ ਵਿਚਹੈ,ਇਸ ਬਾਰੇ ਸਬੂਤ ਮੌਜੂਦ ਹਨ। ਜੋ ਪਿਛ ਨਹੀਂ ਸੁਟਣੇ ਚਾਹੀਦੇ। ਇਸ ਗਲ ਦੇ ਪ੍ਰਮਾਣ ਵੀ ਹਨ ਕਿ ਉਹ ਲੋਹੜੀ ਦੇ ਮੇਲੇ ਸ੍ਰੀ ਭੈਣੀ ਸਾਹਿਬਵਿਚ ਮੌਜੂਦ ਸੀ ਅਤੇ ਹੀਰਾ ਸਿੰਘ ਤੇਲਹਿਣਾ ਸਿੰਘ ਦੇ ਜਥੇ ਨੂੰ ਮਲੇਰ ਕੋਟਲੇ ਵਲ ਤੋਰਨ ਲਈ ਉਕਸਾਉਣ ਵਾਲਾ ਵੀ ਉਹ ਹੀ ਸੀ। ਇਸਤਰਾਂ ਦਾ ਦਲੀਲ ਬਹਿਸ ਤੋਂ ਇਸ ਮੈਂਬਰ ਦਾ ਭਾਵ ਇਹੋ ਸਿਧ ਕਰਣ ਦਾ ਹੈ ਕਿ ਮੈਕਨਬ ਵਲੋਂ ਦਿਤੇ ਸੁਝਾਉ ਠੀਕ ਨਹੀ! ਸ਼ਾਇਦ ਇਸਦਾ ਅੰਦਰੂਨੀ ਭਾਵ ਇਹ ਹੋਵੇ ਕਿ ਰੂੜ ਸਿੰਘ ਨੂੰ ਵੀ ਵਧ ਸਜਾ ਹੋਣੀ ਚਾਹੀਦੀ ਹੈ। ਮੈਕਨਬ ਦਾ ਪੈਮਾਨਾ ਠੀਕ ਨਹੀਂ।

ਸਾਹਿਬ ਸਿੰਘ ਅਸਵਸਥ:—

ਲਗਪਗ ਦੋ ਸਾਲ ਨੌ ਮਹੀਨੇ ਅਦਨ ਰਹਿਣ ਨਾਲ ਸਾਹਿਬ ਸਿੰਘ ਤੇ ਕਾਹਨ ਸਿਘ ਹੁਰਾਂ ਦੀ ਸਿਹਤ ਖਰਾਬ ਹੋ ਗਈ। ਆਮ ਹਾਲਤਾਂ ਵਿਚ ਸਰਕਾਰ ਅਜਿਹੇ ਖਤਰਨਾਕ ਆਗੂਆਂ ਦੀ ਸਿਹਤ ਨਾਲ ਖੰਡ ਵੀ ਲੈਂਦੀ ਹੁੰਦੀ ਹੈ ਪਰ ਖਰਤਾਨਵੀ ਸਰਕਾਰ ਦੇ ਰਿਕਾਰਡ ਵਿਚੋਂ ਸਾਹਿਬ ਸਿੰਘ ਤੇ ਕਾਹਨ ਸਿੰਘ ਦੀ ਸਿਹਤ ਖਰਾਬ ਹੋਣ ਦੇ ਕਾਰਨ ਅਜੇ ਤਕ ਕੋਈ ਲਿਖਤ ਨਹੀਂ ਮਿਲੀ। ਅਦਨ ਦੇ ਜੇਲ ਸੁਪਟੈਂਡੈਂਟ ਦੀ ੨ ਜਨਵਰੀ ੧੮੭੫ ਦੀ ਚਿਠੀ ਵਿਚ ਲਿਖਿਆ ਹੋਇਆ ਸੀ ਕਿ ਸਾਹਿਬ ਸਿਘ ਤੇ ਕਾਹਨ ਸਿਘ ਦੀ ਸਿਹਤ ਪਹਿਲਾਂ ਨਾਲੋਂ ਖਰਾਬ ਤੇ ਕਮਜੋਰ ਹੈ। ਕਾਹਨ ਸਿੰਘ ਦੇ ਸਰੀਰ ਤੇ ਫੋੜੇ ਨਿਕਲ ਆਏ ਹਨ ਤੇ ਅਖਾਂ ਵੀ ਖਰਾਬ ਹੋ ਗਈਆਂ ਹਨ। ਇਨਾਂ ਦੋਹਾਂ ਨੂੰ ਵਾਪਸ ਹਿੰਦੁਸਤਾਨ ਭੇਜਣ ਲਈਗਵਰਨਰ ਜਨਰਲ ਤੋਂ ਪੁਛਿਆ ਗਿਆ ਤਦ ਉਤਰ ਵਿਚ

ਉਸਨੇ ਲਿਖਿਆ ਕਿ ਅਲਾਹਬਾਦ ਨੂੰ ਛਡਕੇ ਪੰਜਾਬੋਂ ਬਾਹਰ ਕਿਤੇ ਵੀ ਇਨਾਂ ਨੂੰ ਭੇਜਿਆ ਜਾ ਸਕਦਾ ਹੈ ਪਰ ਲਗਦੇ ਹਥ ਉਸਨੇ ਹਜਾਰੀ ਬਾਗ ਦੀ ਸਿਫਾਰਸ਼ ਵੀ ਕਰ ਦਿਤੀ।

ਜੋੜੀ ਹਜਾਰੀ ਬਾਗ ਵਿਚ:-

ਗਵਨਰ ਜਨਰਲ ਦੇ ਹੁਕਮ ਅਨੁਸਾਰ ਸਾਹਿਬ ਸਿੰਘ ਤੇ ਕਾਹਨ ਸਿੰਘ ਦੋਵੇਂ ਜਣੇ ਮਈ ੧੮੭੫ ਵਿਚ, ਦੋ ਦੋ ਦੇਸੀ ਸਿਪਾਹੀਆਂ ਨਾਲ, ਹਜਾਰੀ ਬਾਗ ਵਿਚ ਭੇਜ ਦਿਤੇ ਗਏ। ਇਥੇ ਪਹੁੰਚਕੇ ਸਿਹਤ ਵਧੇਰੇ ਖਰਾਬ ਹੋ ਗਈ। ਜੇਲ ਸੁਪਰਡੈਂਟ ਦੀ ੨੧. ੫. ੧੮੭੫ ਦੀ ਚਿਠੀ ਅਨੁਸਾਰ ਸਾਹਿਬ ਸਿੰਘ ਜਿਆਬਤੀਸ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਤੇ ਇਹ ਰੋਗ ਸੀ ਵੀ ਬੜੀ ਭੈੜੀ ਹਾਲਤ ਵਿਚ। ਅਗਲੇ ਹੀ ਦਿਨ ਸੁਪਰਟੈਂਡੈਂਟ ਨੇ ਜੇਲਾਂ ਦੇ ਇਨਸਪੈਕਟਰ ਜਨਰਲ ਨੂੰ ਲਿਖਿਆ ਕਿ ਸਿਵਲ ਸਰਜਨ ਵਲੋਂ ਜੋ ਵੀ ਮਦਦ ਸੰਭਵ ਹੋਵੇ ਸਾਹਿਬ ਸਿੰਘ ਨੂੰ ਦਿਤੀ ਜਾਣੀ ਚਾਹੀਦੀ ਹੈ।

ਪੰਜਾਬ ਸਰਕਾਰ ਦੀ ਅੜੀ:-

ਜੇਲ੍ਹਾਂ ਦੇ ਇਨਸਪੈਕਟਰ ਜਨਰਲ ਨੂੰ ਸਰਕਾਰ ਦੇ ਧਿਆਨ ਵਿਚ ਇਹ ਗਲ ਵੀ ਲਿਆਂਦੀ ਕਿ ਪਿਛਲੇ ਮੁਆਇਨੇ ਸਮੇ ਸਾਹਿਬ ਸਿੰਘ ਤੇ ਕਾਹਨ ਸਿੰਘ ਨੇ ਬਰਤਾਨਵੀ ਬਰ੍ਹਮਾਂ ਵਿਚ ਬਦਲੀ ਕਰਵਾਉਣ ਲਈ ਬੇਨਤੀ ਕੀਤੀ ਸੀ। ਭਾਂਵੇਂ ਉਨਾਂ ਨੂੰ ਇਥੇ ਵੀ ਕੋਈ ਮੁਸ਼ਕੱਤ ਨਹੀ ਸੀ ਫਿਰ ਵੀ ਰੰਗੂਨ ਤੇ ਮੌਲਮੀਨ ਵਿਚਲੇ ਕੈਦੀਆਂ ਨਾਲੋਂ ਤੰਗੀ ਵਧੇਰੇ ਹੈ। ਇਹਦੇ ਨਾਲ ਹੀ ਇਹ ਗਲ ਵੀ ਖਤਰਨਾਕ ਬਣ ਜਾਂਦੀ ਹੈ। ਜਦ ਕਿ ਇਨਾਂ ਨੂੰ ਅਸੀਮਤ ਸਮੇ ਲਈ ਕੈਦੀ ਰਖਿਆ ਜਾਣਾ ਹੈ। ਇਸ ਤੇ ਡਾ. ਲੈਥਬ੍ਰਿਜ ਨੇ ਬਰਤਾਨਵੀ ਬਰਮਾ ਵਿਚ ਪ੍ਰੋਮ ਸ਼ਹਿਰ ਵਿਚ ਭੇਜਣ ਦੀ ਸਿਫਾਰਸ਼ ਕੀਤੀ ਕਿਉਂਕਿ ਉਥੇ ਇਹ ਬਹੁਤੀ ਨਿਜੀ ਸੁਤੰਤਰਤਾ ਮਾਣ ਸਕਦੇ ਸਨ। ਲੈਫਟੀਨੈਂਟ ਗਵਰਨਰ ਇਸ ਕਰਕੇ ਇਸ ਸੁਝਾਉ ਨਾਲ ਸਹਿਮਤ ਨਾ ਹੋਇਆ ਕਿ ਉਥੋਂ ਦਾ ਪੌਣ ਪਾਣੀ ਇਧਰ ਨਾਲੋਂ ਵਖਰਾ ਹੈ। ਮਿਸਟਰ ਐਡਨ ਦਾ ਵਿਚਾਰ ਸੀ ਕਿ ਇਨਾਂ ਦੋਹਾ ਨੂੰ ਜੇਲ ਤੋਂ ਬਾਹਰ ਯੋਗ ਨਿਗਰਾਨੀ ਵਿਚ ਰਖਿਆ ਜਾਵੇ। ਪੰਜਾਬ ਸਰਕਾਰ ਕਹਿੰਦੀ ਸੀ ਕਿ ਪੰਥਕ ਪਧਰ ਤੇ ਸਾਹਿਬ ਸਿੰਘ, ਗੁਰੂ ਰਾਮ ਸਿੰਘ ਤੋਂ ਦੂਜੇ ਦਰਜੇ ਤੇ ਹੈ ਤੇ ਕਾਹਨ ਸਿੰਘ ਵੀ ਬਹੁਤੇ ਕਟੜ ਤੇ ਸਕਤੀ ਸ਼ਾਲੀ ਕੂਕੇ ਨੇਤਾਵਾਂ ਵਿਚੋਂ ਇਕ ਹੈ। ਇਸ ਲਈ ਇਨ੍ਹਾਂ ਵਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਤੇ ਜੇ ਇਹ ਜੇਲੋਂ ਬਾਹਰ ਰਖੇ ਗਏ ਤਾਂ ਦੂਜੇ ਲੋਕਾਂ ਨਾਲ ਮੇਲ ਮੁਲਾਕਾਤ ਦਾ ਕੋਈ ਨ ਕੋਈ ਰਾਹ ਜਰੂਰ ਲਭ ਲੈਣਗੇ। ਪਰ ਕੁਛ ਚਿਰ ਪਿਛੋਂ ੨੮ ਮਈ ੧੮੭੮ ਨੂੰ ਇਸ ਸ਼ਰਤ ਤੇ ਲੈਫਟੀਨੈਂਟ ਗਵਰਨਰ ਨੇ ਇਨਾਂ ਨੂੰ ਜੇਲੋਂ ਬਾਹਰ ਰਖਣ ਦੀ ਪ੍ਰਵਾਨਗੀ ਦੇ ਦਿਤੀ ਕਿ ਬੰਗਾਲ ਸਰਕਾਰ ਯੋਗ ਪ੍ਰਬੰਧ ਕਰ ਸਕੇ।

ਪੁਨਰ ਗਠਨ ਦਾ ਖਤਰਾ:-

ਸਰਕਾਰੀ ਅਫਸਰਾਂ ਦੇ ਪੈਰਾਂ ਹੇਠੋਂ ਮਿਟੀ ਨਿਕਲਦੀ ਜਾ ਰਹੀ ਸੀ। ਉਨਾਂ ਨੇ ਕਾਗਜਾਂ ਵਿਚ ਇਹ ਪ੍ਰਭਾਵ ਦਿਖਾਉਣ ਦਾ ਜਤਨ ਕੀਤਾ ਕਿ ਕੂਕਾ ਲਹਿਰ ਪੂਰੀ ਤਰਾਂ ਨਾਲ ਕੁਚਲੀ ਜਾ ਚੁਕੀ ਹੈ ਪਰ ਅਸਲੀਅਤ ਇਹ ਨਹੀਂ ਸੀ।

ਮੈਕਨਬ ਨੇ ਆਪਣੀ ਰਿਪੋਰਟ ਵਿਚ ਇਹ ਸਿਫਾਰਸ਼ ਕੀਤੀ ਸੀ ਕਿ ਸਾਹਿਬ ਸਿਘ ਨੂੰ ਕਦੇ ਵੀ ਪੰਜਾਬ ਪਰਤਣ ਦੀ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ ਸਗੋਂ ਸਾਰੀ ਉਮਰ ਹੀ ਜੇਲ ਵਿਚ ਰਖਣਾ ਚਾਹੀਦਾ ਹੈ। ਜੇ ਇਹ ਵਾਪਸ ਪੰਜਾਬ ਪਹੁੰਚ ਗਿਆ ਤਾਂ 'ਕੂਕਾ ਪੰਥ ਦਾ ਪੁਨਰ ਗਠਨ ਹੋ ਜਾਇਗਾ ਤੇ ਬਿਪਤਾ ਖੜ੍ਹੀ ਹੋ ਜਾਵੇਗੀ। ਇਸੇ ਸਿਫਾਰਸ਼ ਤੇ ਸਹੀ ਪਾਉਂਦਿਆਂ ਈ.ਸੀ ਬੇਲੀ ਨੇ ਸਾਹਿਬ ਨੂੰ 'ਖਤਰਨਾਕ ਗਦਾਰ' ਦਸਿਆ ਤੇ ਲਿਖਿਆ ਕਿ ਇਹ ਬੰਦਾ ਕਿਉਂਕਿ ਪੰਥ ਦੇ ਰਾਜਨੀਤਕ ਵਿਭਾਗ ਦਾ ਦੁਸਤ ਆਗੂ ਰਿਹਾ ਹੈ ਇਸ ਲਈ ਛੇਤੀ ਹੀ ਵਿਸਫੋਟਕ ਸਮਗਰੀ ਹਥਾਂ ਹੇਠ ਕਰ ਲਵੇਗਾ।

ਮੁਕਦਮੇ ਕਿਉਂ ਨਹੀਂ ਚਲਾਏ ?:

ਸਰਕਾਰ ਸਾਰੇ ਹੀ ਕੂਕਾ ਕੈਦੀਆਂ ਤੇ ਖੁਲਾ ਮੁਕਦਮਾ ਚਲਾਉਣ ਤੋਂ ਬਹੁਤੀ ਹਿਚਕਚਾਉਂਦੀ ਸੀ ਗਵਰਨਰ ਜਨਰਲ ਲਾਰਡ ਨੇਪੀਅਰ ਦਾ ਵਿਚਾਰ ਸੀ ਕਿ ਮੁਕਦਮਾ ਚਲਾਉਣ ਨਾਲ ਵਕੀਲ ਇਹਨੂੰ ਪ੍ਰਸਿਧੀ ਦੇਣ ਦੇ ਜਤਨ ਕਰਨਗੇ "ਫਿਰ ਦੇਸੀ ਲੋਕਾਂ ਦੀਆਂ ਉਗਾਹੀਆਂ ਵੀ ਭਰੋਸੇ ਯੋਗ ਨਹੀਂ। ਜੇ ਮੁਕਦਮੇ ਅਸਫਲ ਹੋ ਗਏ ਤਾਂ ਸਗੋਂ ਹੋਰ ਸ਼ਰਾਰਤ ਖੜੀ ਹੋ ਜਾਵੇਗੀ। ਜੇ ਕੈਦੀ ਰਿਹਾ ਕਰ ਦਿਤੇ ਗਏ ਤਦ ਉਹ ਹੋਰ ਵੀ ਖਰੂਦੀ ਹੋ ਜਾਣਗੇ ਤੇ ਜੇ ਕੁਛ ਕੁ ਬਹੁਤੇ ਭੈੜਿਆਂ ਤੇ ਮੁਕਦਮੇ ਚਲਾਏ ਵੀ ਜਾਣ ਤਾਂ ਬਾਕੀਆਂ ਦਾ ਕੀ ਕੀਤਾ ਜਾਵੇਗਾ ? ਉਹ ਹਰਹਾਲਤ ਵਿਚ ਹੀ ਰਿਹਾ ਕਰਨੇ ਪੈਣਗੇ।"

ਗਵਰਨਰ ਜਨਰਲ ਦੀ ਕੌਂਸਲ ਦੇ ਇਕ ਦੋ ਹੋਰ ਮੈਂਬਰਾਂ ਦੀ ਵੀ ਪੂਰੀ ਸੰਮਤੀ ਉਕਤ ਵਿਚਾਰਾਂ ਨਾਲ ਹੀ ਸੀ। ਪਹਿਲਾ ਮੈਂਬਰ ਹੈ ਆਰ. ਟੀ. (ਸ਼ਾਇਦ ਰਿਚਰਡ ਟੈਂਪਲ ?। ਜਿਹਨੇ ੨੭ ਫਰਵਰੀ੧੮੭੨ ਨੂੰ ਆਪਣੀ ਰਾਇ ਦਿੰਦਿਆਂ ਲਿਖਿਆ ਸੀ 'ਜਿਥੋਂ ਤਕ ਹੋ ਸਕੇ ਮੁਕਦਮਾ ਚਲਾਉਣ ਦੇ ਮੈ ਵਿਰੁਧ ਹਾਂ। ਇਹ ਗਲ ਬੜੀ ਅਫਸੋਸ ਵਾਲੀ ਤਾਂ ਹੈ ਪਰ ਇਸ ਸਚਾਈ ਨੂੰ ਵੀ ਅਖ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਜਦੋਂ ਵੀ ਰਾਜਨੀਤਕ ਜੁਰਮ ਦੇ ਸਬੰਧ ਵਿਚ ਕੋਈ ਮੁਕਦਮਾ ਚਲਾਇਆ ਜਾਂਦਾ ਹੈ ਤਦ ਅਫਸੋਸ ਦੀ ਗਲ ਇਹੋ ਹੁੰਦੀ ਹੈ ਕਿ, ਅੰਗਰੇਜ਼ੀ ਵਕੀਲ, ਜੋ ਆਪਣੀਆਂ ਆਸਾਮੀਆਂ ਨੂੰ ਨਿਆਇਪੂਰਬਕ ਬਚਾਉਣ ਤੋਂ ਸੰਤੁਸ਼ਟ ਹੀ ਨਹੀ ਹੁੰਦੇ ਸਾਰੀਆਂ ਜਾਇਜ਼ ਹਦਾਂ ਟਪ ਜਾਂਦੇ ਹਨ ਤੇ ਇਕ ਤਰਾਂ ਦੀ ਰਾਜਨੀਤਕ ਉਤੇਜਨਾ ਪੈਦਾ ਕਰ ਦਿੰਦੇ ਹਨ ਜੋ ਦੇਸੀ ਲੋਕਾਂ ਦੇ ਮਨਾਂ ਲਈ ਬਹੁਤ ਹਾਨੀ ਕਾਰਕ ਹੈ। ਇਕ ਸਮੇ ਸਰਕਾਰ ਦੀ ਵਿਚਾਰ ਅਜਿਹੀ ਵੀ ਬਣੀ ਸੀਕਿ ਕੂਕਿਆਂ ਤੇ ਮੁਕਦਮੇ ਉਨਾਂ ਇਲਾਕਿਆਂ ਵਿਚ ਚਲਾਏ ਜਾਣ ਜਿਥੇ ਕੋਈ ਕੂਕਾ ਨ ਹੋਏ ਪਰ ਉਗਾਹਾਂ ਦੇ ਬੈਠਣ ਦੇ ਡਰ ਤੋਂ ਹੀ ਇਹ ਵੀ ਯੋਜਨਾ ਵਿਚੇ ਹੀ ਛਡਣੀ ਪਈ ਸੀ। ਕੂਕਿਆਂ ਦੇ ਸਗਠਨ ਤੋਂ ਤਾਂ ਸਰਕਾਰ ਇਨੀ ਘਬਰਾਈ ਹੋਈ ਸੀ ਕਿ ਲਾਹੌਰ ਦੇ ਕੇਂਦਰੀ ਪੁਲਸ ਦਫਤਰ ਵਲੋਂ ਜੋ ਰਿਪੋਟਾਂ ਕੂਕਿਆਂ ਸਬੰਧੀ ਛਪਵਾਈਆਂ ਜਾਂਦੀਆਂ ਸਨ, ਆਮ ਕਰਕੇ ਹਰੇਕ ਰਿਪੋਰਟ ਨਾਲ ਹਿਦਾਇਤ ਹੁਦੀ ਸੀ ਕਿ ਇਹ ਲਾਹੌਰ ਦੇ ਕਿਸੇ ਪ੍ਰੈਸ ਵਿਚੋਂ ਨ ਛਪਵਾਈ ਜਾਵੇ ਕਿਉਂਕਿ ਲਾਹੌਰ ਵਿਚ ਦੀਵਾਨ ਬੂਟਾ ਸਿਘ (ਨਾਮਧਾਰੀ) ਦਾ ਆਪਣਾ ਤਕੜਾ ਛਾਪਾਖਾਨਾ ਸੀ ਤੇ ਬੂਟਾਦੀਵਾਨ ਸਿੰਘ ਬਹੁਤ ਅਸਰ ਰਸੂਖਵਾਲਾ ਬੰਦਾ ਹੋਣ ਕਾਰਨ ਸਰਕਾਰ ਸਮਝਦੀ ਸੀ ਕਿ ਲਾਹੌਰ ਵਿਚ ਕੋਈ ਵੀ ਰਿਪੋਰਟ ਪੁਲਸ ਅਫਸਰਾਂ ਦੇ ਹਥਾਂ ਤਕ ਪਹੁੰਚਣ ਤੋਂ ਪਹਿਲਾਂ ਦੀਵਾਨ ਬੂਟਾ ਸਿਘ ਰਾਹੀਂ ਕੂਕਾ ਆਗੂਆਂ ਨੂੰ ਜਰੂਰ ਪਹੁੰਚ ਜਾਵੇਗੀ। ਅਜੇਹੀ ਵਿਚਾਰ ਕਾਰਨ ਹੀ ਇਨਾਂ ਸ਼ਾਹੀ ਕੈਦੀਆਂ ਤੇ ਕੋਈ ਮੁਕਦਮਾ ਨਹੀਂ ਚਲਾਇਆ ਗਿਆ।

ਅੰਤਮ ਦਿਨ:-

ਹਜਾਰੀ ਬਾਗ ਦਾ 'ਯੂਰਪੀਨ ਪ੍ਰਸ਼ਚਿਤ ਗ੍ਰਿਹ' ਬਹੁਤ ਵਡੇ ਇਲਾਕੇ ਵਿਚ ਹੈ। ਇਸ ਵਿਚ ੧੬ ਕੋਠੜੀਆਂ ਦੇ ਇਕ ਭਾਗ ਵਿਚ ਇਕਲੇ ਸਾਹਿਬ ਸਿੰਘ ਨੂੰ ਤੇ ਦੂਜ ਪਾਸੇ ਇੰਨੇ ਵਡੇ ਖੇਤਰ ਵਿਚ ਹੀ ਕਾਹਨ ਸਿੰਘ ਨੂੰ ਰਖਿਆ ਗਿਆ ਸੀ। ਇਕ ਦੂਜੇ ਨੂੰ ਮਿਲਣ ਦਾ ਕੋਈ ਸੁਆਲ ਹੀ ਨਹੀ ਸੀ ਉਠ ਸਕਦਾ। ਦੋਵੇ ਜਣੇ ਅਸਵਸਥ ਸਨ। ਸਾਹਿਬਸਿਘ ਦੀ ਸਿਹਤ ਦਿਨੋ ਦਿਨ ਹੋਰ ਵਿਗੜਦੀ ਜਾ ਰਹੀ ਸੀ ਪਰ ਕੋਈ ਅਮਲੀ ਕਾਰ ਗੁਜਾਰੀ ਕਰਨ ਦੀ ਥਾਂ ਸਰਕਾਰੀ ਮਸ਼ੀਨਰੀ ਸਿਫਾਰਸ਼ਾਂ ਤਕ ਹੀ ਸੀਮਤ ਰਹੀ ਜਾਪਦੀ ਹੈ। ਹੋ ਸਕਦਾ ਹੈ ਇਹ ਜਾਣ ਬੁਝ ਕੇ ਅਪਣਾਈ ਗਈ ਨੀਤੀ ਦਾ ਸਿਟਾ ਹੀ ਹੋਵੇ। ਇਸ ਨੀਤੀ ਦਾ ਸ਼ਿਕਾਰ ਹੋਕੇ ਹੀ, ਨਾਮਧਾਰੀ ਪੰਥ ਦਾਇਹ ਨਿਧੜਕ ਜਰਨੈਲ, ਸੂਬਾ ਸਾਹਿਬ ਸਿੰਘ ਹਜਾਰੀ ਬਾਗ ਦੀ ਇਸ ਉਕਤ ਨਾਂ ਦੀ ਵਡੀ ਜੇਲ ਵਿਚ ਹੀ ੧੦ ਜੂਨ ੧੮੭੯ ਨੂੰ ਦਮ ਤੋੜ ਗਿਆ।

ਚਰਿਤ੍ਰ:—

ਸੂਬਾ ਸਾਹਿਬ ਸਿੰਘ ਉਚ ਚਰਿਤ੍ਰ ਦਾ ਕੂਕਾ ਆਗੂ ਸੀ। ਅੰਗ੍ਰੇਜ਼ ਅਫਸਰਾਂ ਦੀ ਇਹ ਗਿਣੀ ਮਿਥੀ ਨੀਤੀ ਸੀ ਕਿ ਭਾਰਤੀ ਸੁਤੰਤ੍ਰਤਾ ਸੰਗਰਾਮੀਆਂ ਨੂੰ ਉਹ ਬਦਨਾਮ ਵਿਸ਼ੇਸ਼ਣ ਦੇ ਕੇ ਲੋਕਾਂ ਵਿਚ ਪੇਸ਼ ਕਰਦੇ ਸਨ ਤਾਂ ਕਿ ਆਮ ਜਨਤਾ ਉਨਾਂ ਤੋਂ ਪ੍ਰਭਾਵਤ ਹੋਕੇ ਸਰਕਾਰ ਵਿਰੁਧ ਭੜਕ ਨ ਸਕੇ। ਸ਼ਿਵਾ ਜੀ ਮਰਹਟਾ ਨੂੰ ਡਾਕੂ, ਮਹਾਰਾਜਾ ਦਲੀਪ ਸਿਘ ਨੂੰ ਗੋਲੀ ਦਾ ਲੜਕਾ ਲਿਖਣਾ ਇਸੇ ਨੀਤੀ ਦੇ ਹੀ ਸੰਕੇਤ ਹਨ। ਕੂਕਾ ਵਿਦਰੋਹੀਆਂ ਨੂੰ ਭਲਾ ਉਹ ਕਿਵੇਂ ਮੁਆਫ ਕਰ ਸਕਦੇ ਸਨ ? ਉਨਾਂ ਨੇ ਕਈ ਤਰਾਂ ਦੇ ਦੋਸ਼ ਇਨਾਂ ਆਗੂਆਂ ਤੇ ਵੀ ਥਪੇ ਪਰ ਸੂਬਾ ਸਾਹਿਬ ਸਿੰਘ ਤੇ ਥਪਣ ਲਈ ਅਜਿਹਾ ਕੋਈ ਦੋਸ਼ ਇਨਾਂ ਨੂੰ ਨਹੀ ਮਿਲ ਸਕਿਆ। ਸੂਬਾ ਸਾਹਿਬ ਸਿਘ ਦੀ ਜਾਣਕਾਰੀ ਰਖਣ ਵਾਲੇ ਵੀ ਕੋਈ ਸਾਧਾਰਨ ਬੰਦੇ ਨਹੀਂ ਸਗੋਂ ਤਹਿਸੀਲਦਾਰ ਉਦੇ ਰਾਮ (ਜਲੰਧਰ) ਤੇ ਮੁਹੰਮਦ ਸ਼ਾਹ ਖਾਨ, ਆਨਰੇਰੀ ਮੈਜਿਸਟਰੇਟ (ਅੰਮ੍ਰਿਤਸਰ) ਵਰਗੇ ਅਫਸਰ ਲੋਕ ਹੀ ਸਨ।

ਮਹਿਤਾਬ ਸਿੰਘ ਪੁਤਰ ਅਤਰ ਸਿੰਘਲੰਬੜਦਾਰ (ਸੇਖਵਾਂ)ਆਪ ਕੂਕਾ ਸੀ। ਉਸਵਲੋਂ ਦਿਤੀਉਗਾਹੀ ਅਨੁਸਾਰ ਸੂਬਾ ਸਾਹਿਬ ਸਿੰਘ ਨੇ ਪੰਥਕ ਉਦੇਸ਼ ਤੇ ਦੇਸ ਦੀ ਆਜਾਦੀ ਨੂੰ ਮੁਖਰਖਕੇ ਸਾਰੀ ਉਮਰਵਿਆਹ ਨਹੀਂ ਸੀ ਕਰਵਾਇਆ। ਜੇ ਸੁਤੰਤਰਤਾ ਮਹਲ ਦੀਆਂ ਇਨਾਂ ਨੀਹਾਂ ਨੂੰ ਅਜ ਅਸੀਂ ਅਖ ਪਰੋਖੇ ਕਰੀਏ ਤਾਂ ਸਾਡੇ ਵਰਗਾ ਅਕ੍ਰਿਤਘਣ ਕੌਣ ਹੋਵੇਗਾ?

ਸਿਖੀ ਸਿਦਕ ਵਲੋਂ ਖਬਰਦਾਰ ਹੋਇਆ

ਹਰਨਾਮ ਸਿੰਘ 'ਰਵੀ" ਮੰਡੀ ਹਿਮਾਚਲ

ਪੜਕੇ ਵਿਦਯਾ ਨਾਗੇ ਉਦਾਸੀਆਂ ਤੋਂ, ਸਾਹਿਬ ਦਾਸ ਸਾਧੂ ਹੋਣਹਾਰ ਹੋਇਆ।
ਅਠਾਹਠਾਂ ਤੀਰਥਾਂ ਦਾ ਭਰਮਣ ਕਰ ਪਹਿਲਾਂ, ਭੈਣੀ ਸਾਹਿਬ ਦਾ ਜੋ ਤਲਬਗਾਰ ਹੋਇਆ।
ਚੀਨੀ ਵਾਲ ਦੀ ਸਰਨ ਗ੍ਰਹਿਣ ਕਰਕੇ, ਸਦਾ ਵਾਸਤੇ ਹੀ ਸੇਵਾਦਾਰ ਹੋਇਆ।
ਜਟਾਂ ਖੋਲਣ ਦਾ ਗੁਰਾਂ ਜਾਂ ਹੁਕਮ ਕੀਤਾ, ਓਸੇ ਵਕਤ ਸੀ ਆਗਿਆ ਕਾਰ ਹੋਇਆ।
ਅੰਮ੍ਰਿਤ ਛਕਕੇ ਬਣਕੇ ਨਾਮਧਾਰੀ, ਸਾਹਿਬ ਸਿਘ ਸੂਬਾ ਇਕ ਮੁਖਤਾਰ ਹੋਇਆ।
ਡਾਕ, ਅਦਾਲਤ ਦੇ ਮਹਿਕਮੇ ਕਰ ਜਾਰੀ, ਪੰਥਕ ਕੰਮਾਂ ਦੇ ਵਿਚ ਹੁਸ਼ਿਆਰ ਹੋਇਆ।
ਰਾਜ ਦੂਤ ਬਣ ਕਾਬਲ ਨਿਪਾਲ ਪਹੁੰਚਾ, ਰਾਜਨੀਤੀ ਵਾਲਾ ਸਮਝਦਾਰ ਹੋਇਆ।
ਫੁਰਤੀ ਡਾਕ ਤੇ ਕੰਮਾਂ ਦੀ ਵੇਖ ਕਰਕੇ ਮਸ਼ਹੂਰ ਸਰਕਾਰ ਦਰਬਾਰ ਹੋਇਆ।
ਭਾਣਾ ਵਰਤਿਆ ਉਨੀ ਸੋ ਅਠਾਈ ਨੂੰ ਜਾਂ ਨਾਲ ਸਤਿਗੁਰਾਂ ਦੇ ਗ੍ਰਿਫਤਾਰ ਹੋਇਆ।
ਪ੍ਰਾਗ ਰਾਜ ਦੇ ਕਿਲੇ ਵਿਚ ਰਹੇ ਕਠੇ ਫਿਰ ਅਦਨ ਜਾਕੇ ਸਜਾਵਾਰ ਹੋਇਆ।
ਕਰਦਾ ਓਥੇ ਪ੍ਰਚਾਰ ਵੀ ਸੁਣ ਕਰਕੇ ਗੋਰਾ ਮਨ ਵਿਚ ਬੜਾ ਬੇਜ਼ਾਰ ਹੋਇਆ।
ਹਜਾਰੀ ਬਾਗ ਦੀ ਜੇਹਲ ਵਿਚ ਬੰਦ ਕੀਤਾ ਸਖਤ ਸਜਾ ਦਾ ਹੋਰ ਸ਼ਿਕਾਰ ਹੋਇਆ।
ਦਿਤੇ ਕਈ ਤਸੀਹੇ ਸਰਕਾਰ ਭਾਂਵੇ ਰਤਾ ਜਿੰਨਾ ਨਾ ਬੇ ਕਰਾਰ ਹੋਇਆ।
ਸੁਰਤੀ ਸਤਿਗੁਰਾਂ ਵਲ ਹੀ ਲਾਈ ਰਖਦਾ ਸਿਖੀ ਸਿਦਕ ਵਲੋਂ ਖਬਰਦਾਰ ਹੋਇਆ।
ਅਠਾਰਾ ਸੋ ਉਣਾਸੀ ਦੀ ਜੂਨ ਦਸ ਨੂੰ ਦਿਹਾਂਤ ਜਿਸਦਾ ਵਿਚ ਬਿਹਾਰ ਹੋਇਆ।
ਹਠੀ ਜਪੀ ਸੂਰਾ "ਰਵੀ" ਵਾਂਗ ਜਿਹੜਾ ਅਮਰ 'ਆਤਮਾ' ਉਹ ਸੰਸਾਰ ਹੋਇਆ।

ਗੁਰੂ ਰਾਮ ਸਿੰਘ ਜੀ ਦਾ ਜਾ ਨਸ਼ੀਨ

ਵਲੋਂ– ਪ੍ਰੀਤਮ ਸਿੰਘ ਜੀ 'ਕਵੀ'

੧੦ ਜੂਨ ੧੯੭੯ ਨੂੰ ਸੂਬਾ ਸਾਹਿਬ ਸਿੰਘ ਜੀ ਹਜ਼ਾਰੀ ਬਾਗ ਜੇਲ ਵਿਚ ਪੂਰੇ ਹੋ ਗਏ ! ਇਹ ਸਾਲ ਉਨਾਂ ਦੀ ਸ਼ਹਾਦਤ ਦਾ ਸ਼ਤਾਬਦੀ ਵਰ੍ਹਾ ਹੈ। ਸਾਹਿਬ ਸਿੰਘ ਜੀ ਉਦੋਂ ਗੁਰੂ ਰਾਮ ਸਿੰਘ ਜੀ ਦੇ ਸੰਪ੍ਰਕ ਵਿਚ ਆਏ ਜਦੋਂ ਸਤਿਗੁਰੂ ਜੀ ਬਤਾਲੀਆਂ ਵਰਿਆਂ ਦੇ ਸਨ, ਅਤੇ ਸਾਹਿਬ ਸਿੰਘ ਵੀਹ ਵਰਿਆਂ ਦੇ ਜਵਾਨੀ ਚੜਦੇ ਯੁਵਕ। ਸਾਹਿਬ ਸਿੰਘ ਜੀ ਇਕ ਨਾਂਗਾ ਮੰਡਲੀ ਦੇ ਆਗੂ ਦੇ ਰੂਪ ਵਿਚ ਭੈਣੀ ਸਾਹਿਬ ਵਿਚ ਨਾਂਗੇ ਵਾਲੇ ਖੂਹ ਦੇ ਪਾਸ ਬੋਹੜ ਹੇਠ ਆ ਉਤੱਰੇ। ਵੱਡੀ ਛੋਟੀ ਉਮਰ ਦੇ ਹੋਰ ਵੀ ੧੫–੨੦ ਨਾਂਗੇ ਸਾਧੂ ਆਪ ਦੇ ਸੰਗੀ ਸਨ। ਕਲਪਨਾ ਕਰੋ ਦਰਮਿਆਨੇ ਕੱਦ ਦੇ ਗੋਰੇ ਨਸ਼ੋਹ, ਜਟਾਧਾਰੀ, ਬਿਭੂਤ ਮਲੀ, ਵੱਡੀ ਚਿੱਪੀ ਲਈ, ਕੁਪੀਨ ਧਾਰੀ, ਜਾਦੂ ਕਰ–ਕ੍ਰਰ ਧਰਦੀਆਂ ਅਖਾਂ ਵਾਲੇ ਜੁਆਨ ਦੀ। ਪਤਾ ਨਹੀ ਇਹ ਕਿਸਦਾ ਚੇਲਾ ਸੀ ਤੇ ਕਦੋਂ ਦਾ ਸਾਧੂ ਰੂਪ ਵਿਚ ਸੀ। ਤਪਦੀਆਂ ਧੂਣੀਆਂ ਵਿਚ ਇਕ ਦਿਨ ਗੁਰੂ ਰਾਮ ਸਿੰਘ ਜੀ ਆ ਗਏ।

ਗੁਰੂ ਰਾਮ ਸਿੰਘ ਜੀ ਪਹਿਲੀ ਉਮਰ ਵਿਚ ਹੀ ਕੋਟ ਵਾਲੇ ਇਕ ਨਾਂਗੇ ਸਾਧ ਤੋਂ ਪ੍ਰਭਾਵਤ ਸਨ, ਜਾਂ ਇੰਜ ਕਹਿ ਲਓ ਉਸ ਨੂੰ ਸਹੀ ਸਾਧੂ ਮੰਨਦੇ ਸਨ। ਇਸਦੀ ਸੰਗਤ ਦਾ ਹੀ ਪ੍ਰਭਾਵ ਸੀ ਕਿ ਫਿਰ ਵੀ ਜਦੋਂ ਨਾਂਗਿਆਂ ਨਾਲ ਵਾਹ ਪਿਆ ਸਤਿਗੁਰੂ ਜੀ ਨੇ ਉਦਾਰਤਾ ਵਰਤੀ ਤੇ ਸੰਗ ਸਰਫੇ ਦੀ ਗ੍ਰਿਸਤੀ ਵਿਚੋਂ ਵੀ ਜੋ ਸਰਿਆ ਆਣ ਭੇਟਾ ਧਰਿਆ।

ਪਰ ਜਦੋਂ ਸਾਹਿਬ ਸਿੰਘ ਜੀ ਆਪਣੀ ਜਮਾਤ ਨਾਲ ਭੈਣੀ ਸਾਹਿਬ ਆਣ ਉਤਰੇ ਉਦੋਂ ਰਾਮ ਸਿੰਘ ਜੀ ਇਕ ਬਾਂਕਾ ਸਿਪਾਹੀ ਨ ਰਹਿ ਇਕ ਵਡੇ ਮਨੋ–ਰਥ ਲਈ ਅਗਵਾਈ ਕਰਨ ਦੇ ਰੂਪ ਵਿਚ ਪ੍ਰਗਟ ਹੋ ਰਹੇ ਸਨ। ਉਹਨਾਂ ਉਹ ਅੰਤਰੀਵ ਦੈਵੀ ਸ਼ਕਤੀਆਂ ਵਿਕਾਸ ਲਈਆਂ ਸਨ। ਜਿਨਾਂ ਨਾਲ ਘਰ ਬੈਠਿਆਂ ਹੀ ਦੂਰ ਤੋਂ ਦੂਰ ਮਾਰ ਕੀਤੀ ਜਾ ਸਕਦੀ ਹੈ। 'ਸੰਤ ਖ਼ਾਲਸਾ' ਦੀ ਸਿਰਜਨਾ ਸਮੇ (ਅਪ੍ਰੈਲ ੧੮੫੭) ਆਪ ਨੇ ਅਮ੍ਰਿਤਸਰ ਦੇ ਭਾਈ ਲਾਭ ਸਿੰਘ ਸੂਰਮੇ (ਨੇਤਰ ਹੀਨ) ਨੂੰ ਸੁਪਨੇ ਵਿਚ ਸੱਚੇ ਗੁਰੂ ਦੀ ਭਾਲ ਲਈ ਬੇਤਾਬ ਕਰ ਦਿਤਾ ਸੀ। ਆਲੋ ਮੁਹਾਰੀਏ (ਜਿਲਾ ਸਿਆਲਕੋਟ) ਭਾਈ ਆਤਮਾ ਸਿੰਘ ਨੂੰ ਕਮੰਦ ਪਾ ਲਈ ਸੀ। ਗ਼ੈਬੋਂ ਅਵਾਜ ਦੇ ਕੇ ਕਿ ਉਹ ਭੈਣੀ ਆਵੇ ਜੇ ਮੁਕਤੀ ਦਾ ਤਲਬਗਾਰ ਹੈ। ਇੰਞ ਹੀ ਸੱਚੇ ਗੁਰੂ ਦੀ ਭਾਲ ਵਿਚ ਵਾਏ ਹੋਏ ਫਿਰਦੇ ਬਾਬਾ ਕਾਨ੍ਹ ਸਿੰਘ, ਬਾਬਾ ਨੈਣਾ ਸਿੰਘ ਆਦਿ ਆਪ ਦੀ ਸੇਵਾ ਵਿਚ ਆ ਪਹੁੰਚੇ ਸਨ।

ਏਥੇ ਪਿੰਡ ਵਿਚ ਆਪਣੇ ਆਪ ਚੱਲ ਕੇ ਆ ਗਏ ਇਕ 'ਕੰਮ ਦੇ ਆਦਮੀ' ਨੂੰ ਸਤਿਗੁਰੂ ਜੀ ਨੇ ਸਾਧ ਰੂਪ ਵਿਚ ਬੈਠਿਆਂ ਪਛਾਣ ਲਿਆ। ਨਾਂਗਾ–ਟੋਲੇ ਦਾ ਆਗੂ ਜੁਆਨ ਸੀ ਤੇ ਕੁਛ ਪੜ੍ਹਿਆ ਲਿਖਿਆ ਵੀ ਸੀ। ਸਤਿਗੁਰੂ ਜੀ ਨੇ ਦੇਸ਼ ਭਗਤੀ ਅਤੇ ਗੁਰ–ਸਿਖੀ ਦੇ ਪ੍ਰੇਰਨਾ ਭਰੇ ਬੋਲਾਂ ਨਾਲ ਉਸ ਨੂੰ ਕਾਬੂ ਕਰ ਲਿਆ। ਸਤਿਗੁਰੂ ਜੀ ਆਪ ਵੀ ਤੇਜ ਵੰਤ

ਸ਼ਖਸੀਅਤ ਦੇ ਮਾਲਿਕ ਸਨ। ਚਿਹਰੇ ਦਾ ਜਲਉ, ਤਿਖੇ ਨੈਣ ਨਕਸ਼, ਵਰਸ਼ਕੀ ਉਚਾ ਲੰਮਾ ਸਰੀਰ ਤੇ ਵਿਸ਼ਵਾਸ ਭਰੀ ਬਾਣੀ ਨਾਲ ਸਾਧੂ ਮੰਡਲੀ ਮੁਠੀ ਗਈ।

ਵਧੇਰੇ ਅਪਣੱਤ ਭਰੀ ਪੁੱਛ ਗਿਛੱ ਤੋਂ ਪਤਾਲਗਾ ਕਿ ਸੰਤ ਦਾ ਨਾਮ ਸੁਤੇ ਪ੍ਰਕਾਸ਼ (ਸੰਤ ਚਕੱਰਵਰਤੀ ਜੀ ਨੇ ਇਸੇ ਨਾਮ ਨੂੰ 'ਸ਼ੁਧ ਬ੍ਰਹਮ' ਦੇ ਰੂਪ ਵਿਚ ਮਾਲਵਿੰਦਰ ਅੰਦਰ ਵਰਤਿਆ ਹੈ) ਹੈ ਅਤੇ ਜਿਲਾ ਅੰਮ੍ਰਿਤਸਰ ਦੇ ਤਸੀਲ ਤਰਨਤਾਰਨ ਦੇ ਪਿੰਡ ਬਰਮਾਲੀ ਪੁਰ ਦੇ ਇਕ ਰਾਮਗੜ੍ਹੀਆ ਪ੍ਰਵਾਰ ਦਾ ਮੈਂਬਰ ਹੈ।

ਸਤਿਗੁਰੂ ਜੀ ਨੇ ਸੁਤੇ ਪ੍ਰਕਾਸ਼ ਨੂੰ ਜਦੋਂ ਉਹਦੇ ਯੋਗ ਅਥਵਾ ਸੰਨਿਆਸ ਨੂੰ ਦੇਸ਼ ਦੀ ਵਰਤਮਾਨ ਸਥਿਤੀ ਨਾਲ ਤੁਲਨਾਇਆ ਤੇ ਦਸਿਆ ਕਿ ਕਿਵੇਂ ਦੇਸ਼ ਅੰਦਰ ਸਿਖੀ ਮਲੇਛਤਾ ਦਾ ਰੂਪ ਧਾਰ ਰਹੀ, ਖਾਲਸਾ ਰਾਜ ਦੀ ਪ੍ਰਾਪਤੀ ਵਿਦੇਸ਼ੀ ਗੁਲਾਮੀ ਵਿਚ ਬਦਲ ਗਈ ਹੈ ਅਤੇ ਅਜੇ ਵੀ ਵੇਲਾ ਹੈ ਕਿ ਇਸਨੂੰ ਮੁੜ ਸਵੈ-ਰਾਜ ਵਿਚ ਬਦਲਿਆ ਜਾ ਸਕੇ ਤਾਂ ਸਤਿਗੁਰਾਂ ਤੋਂ ਅੱਧੀ ਉਮਰ ਦ ਨਾਂਗਾ-ਆਗੂ ਨੂੰ ਸਤਿਗੁਰਾਂ ਵਾਲਾ ਭਵਿਖ ਨਕਸ਼ਾ ਅਤਿ ਲੋੜੀਂਦਾ ਜਾਪਿਆ। ਸੁਤੇ ਪ੍ਰਕਾਸ਼ ਸਾਥੀਆਂ ਸਮੇਤ ਸਿੰਘ ਸੱਜ ਗਿਆ ਤ ਜੋ ਕੁਛ ਉਸਨੇ ਗੁਰੂ ਰਾਮ ਸਿੰਘ ਤੋਂ ਸੁਨਿਹਾ ਲਿਆ ਸੀ, ਉਹ ਪ੍ਰਚਾਰਨ ਹਿਤ ਜਿਲਾ ਅੰਮ੍ਰਿਤਸਰ ਪਹੁੰਚ ਗਿਆ।

ਸਤਿਗੁਰਾਂ ਨੇ ਸੁਤੇਪ੍ਰਕਾਸ਼ ਨੂੰ ਜਰੂਰ ਅੰਦਰੋਂ ਪਹਿਚਾਣ ਲਿਆ ਹੋਵੇਗਾ, ਉਹ ਜੱਟ ਨਹੀਂ ਸੀ ਜੋ ਭਾਦਰੋਂ ਦੀ ਧੁੱਪ ਤੇ ਹੁੱਟ ਵਿਚ ਹੱਲ ਵਾਹੁਣੋਂ ਡਰਦਾ ਸਾਧ ਬਣ ਗਿਆ ਹੋਵੇ, ਉਹ ਤਾਂ ਉਨ੍ਹਾਂ ਕਿਰਤੀਆਂ ਵਿਚੋਂ ਸੀ ਜੋ ਆਪਣੇ ਕਾਰਖਾਨੇ ਵਿਚ ਬੈਠੇ ਬੈਠੇ ਵਧੀਆ ਕਮਾਈ ਕਰ ਲੈਂਦੇ ਤੇ ਆਲੇ ਦੁਆਲੇ ਵਿਚ ਆਪਣੀ ਖੂਬਸੂਰਤ ਕਾਰੀਗਰੀ ਦੁਆਰਾ ਅਪਣੀ ਹੋਂਦ ਦੀਆਂ ਧੁਮਾਂ ਪਾ ਸਕਦੇ ਹਨ! ਤੇ ਸਤਿਗੁਰੂ ਆਪ ਵੀ ਤਾਂ ਏਸੇ ਭਾਈ ਚਾਰੇ ਦੇ ਹੀਰੇ ਸਨ।ਸਤਿਗੁਰਾਂ ਤੋਂ ਭਜਨ ਪੁਛ, ਕਛਹਿਰਾ ਪਹਨ, ਪੂਰਾ ਸਿਖ ਬਣ ਇਹ ਵਾਪਸ ਤਾਂ ਚਲਾ ਗਿਆ ਸੀ, ਪਰ ਚੈਨ ਕਿਥੇ?

ਹੁਣ ਬੇਚੈਨੀ ਸੀ ਉਸ ਮੁਖੜੇ ਨੂੰ ਬਾਰ ਬਾਰ ਨਿਹਾਰਨ ਦੀ, ਉਸ ਦੀ ਸੇਵਾ ਵਿਚ ਤਨ ਮਨ ਅਰਪਣ ਦੀ ਜਿਸਦੀ ਸੰਗਤ ਨੇ ਬਿਭੂਤੀਓਂ ਕੱਢ ਸੁੰਦਰ ਜੀਵਨ ਦੀ ਜਾਚ ਸਿਖਾ ਦਿਤੀ ਸੀ। ਸਤਿਗੁਰੂ ਜੀ ਦੀ ਦਿਤੀ ਹੋਈ ਦ੍ਰਿਸ਼ਟੀ ਤੋਂ ਜਦੋਂ ਸੁਤੇ ਪ੍ਰਕਾਸ਼ ਜਿਸ ਦਾ ਨਾਮ ਹੁਣ ਸਾਹਿਬ ਸਿੰਘ ਸੀ-ਨੇ ਅਪਣੇ ਗਿਰਦੇ ਨਜ਼ਰ ਮਾਰੀ ਤਾਂ ਸੱਚਮੁਚ ਲੋਕ, ਅਤੇ ਉਹ ਲੋਕ ਵੀ ਜਿਹੜੇ ਹੁਣ ਤੱਕ ਖਾਲਸਾ ਰਾਜ ਵਿਚ ਅਹੁਦੇ ਭੋਗ ਰਹੇ ਸਨ, ਗੁਲਾਮੀ ਦੀਆਂ ਗੋਲੀਆਂ ਖਾਈ ਊਂਘਦੇ ਨਜਰ ਪਾਏ। ਉਸਨੂੰ ਗੁਰੂ ਨਾਨਕ ਦੇਵ ਜੀ ਦਾ ਸਮਾ ਯਾਦ ਆ ਗਿਆ ਜਦੋਂ ਕਲਿਜੁਗ ਨੇ ਸੰਕੇਤਕ ਤੌਰ ਤੇ ਇਕ ਹੱਥ ਇੰਦਰੀ ਤੇ ਦੂਜਾ ਜੀਭ ਨੂੰ ਪਾਕੇ ਸਪਸ਼ਟ ਕਰ ਦਿਤਾ ਸੀ। ਕਲਿਜੁਗ ਦੁਹਾਂ ਸੁਆਦਾਂ ਵਿਚ ਹੀ ਦੁਨੀਆਂ ਡੋਬੀ ਰਖੇਗਾ। ਸਾਹਿਬ ਸਿੰਘ ਨੂੰ ਹੁਣ ਵੀ ਹਰ ਪਾਸੇ ਜਬਾਨ ਦਾ ਚਸਕਾ ਤੇ ਵਿਸ਼ੇ-ਵਾਸ਼ਨਾ ਹੀ ਹਰ ਇਕ ਦਾ ਮਨੋਰਥ ਜਾਪ ਰਿਹਾ ਸੀ।

ਸਾਹਿਬ ਸਿੰਘ ਦਾ ਨਾ ਘਰ ਹੀ ਜੀ ਲਗਾ ਤੇ ਨਾ ਹੀ ਹੋਰ ਉਪਦੇਸ਼ ਕਰਨ ਦੀ ਸਮਰਥਾ ਜਾਪੀ। ਅਤੇ ਇਕ ਦਿਨ ਫਿਰ ਭੈਣੀ ਵਿਚ ਆ ਗਿਆ ਜਿਸਨੂੰ ਸਾਹਿਬੀ ਪ੍ਰਾਪਤ ਹੋ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਨੂੰ ਦਰਸ਼ਨ ਪਰਸਦਿਆਂ ਹੀ ਅਰਜ ਗੁਜ਼ਾਰੀ! ਹੁਣ ਦੂਰ ਨਹੀ ਰਿਹਾ ਜਾਂਦਾ। ਰਾਂਝੇ ਵਾਂਗੂ ਮੈਂਮਝੀਂ ਚਾਰ ਲਿਆਇਆ ਕਰਾਂਗਾ, ਪਰ ਵਿਛੋੜਾ ਨਹੀ ਝਾਕਿਆ ਜਾਂਦਾ। ਸਤਿਗੁਰਾਂ ਡਿਡੋਲਿਕੇ ਹੋਏ ਸਿਖ ਨੂੰ ਚਰਨੋਂ ਚੁਕ ਗਲ ਨਾਲ ਲਾ ਲਿਆ। ਮੈ ਤੈਨੂੰ ਆਪਣੇ ਵਰਗਾ ਕਰ ਦਿਆਂਗਾ। ਡੋਲਣਾ ਕਿਉਂ ਏ! ਆਹ ਘਰ-ਬਾਰ, ਡੇਰਾ-ਡੰਡਾ ਸਭ ਤੇਰਾ ਏ।

ਅਤੇ ਸਾਹਿਬ ਸਿੰਘ ਦੀ ਸੁਰਤ ਵਿਚ ਇਕ ਦੈਵੀ ਅਨੰਦ ਛਾ ਗਿਆ।

ਪਰ ਉਹਨੀ ਦਿਨੀਂ ਭੈਣੀ ਸਾਹਿਬ ਵਿਚ ਕੋਈ ਬਹੁਤੀ ਸੰਗਤ ਨਹੀਂ ਸੀ ਰਹਿੰਦੀ। ਭਾਈ ਰਾਇ ਸਿੰਘ ਦੇ ਦੱਖਣ ਦਿਸ਼ਾ ਵਲ ਅਰਥਾਤ ਹਜ਼ੂਰ ਸਾਹਿਬ ਜਾਕੇ ਗੁਰੂ ਗੋਬਿੰਦ ਸਿੰਘ ਜੀਦੀ ਅਸਲੀ ਮਰਿਆਦਾ

ਲਿਖ ਲਿਆਉਣ ਤੋਂ ਥੋੜੇ ਕੁ ਦਿਨ ਪਹਿਲਾਂ ਦੀ ਗੱਲ ਸੀ। ਸਤਿਗੁਰਾਂ ਨੇ ਦੋ ਕਮ ਸਾਹਿਬ ਸਿੰਘ ਜੀ ਨੂੰ ਦੇ ਦਿਤੇ, ਸਿੰਘਾਂ ਸਿੰਘਣੀਆਂ ਨੂੰ ਗੁਰਮੁਖੀ ਅੱਖਰ ਸਿਖਾਣੇ, ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਣਾ ਅਤੇ ਮਾਇਆ ਦੀ ਸੰਭਾਲ ਕਰਨੀ ਲੰਗਰ ਅਤੇ ਹੱਟੀ ਆਦਿ ਦਾ ਹਿਸਾਬ ਰਖਣਾ।

ਇਸ ਵਾਰ ਦੇ ਆਉਣ ਤੋਂ ਪਿਛੋਂ ਸਾਹਿਬ ਸਿੰਘ ਜੀ ਦੀ ਸਤਿਗੁਰਾਂ ਨਾਲ ਏਨੀ ਇਕ ਸੁਰਤਾ ਹੋ ਗਈ ਕਿ ਸਤਿਗੁਰੂ ਜੀ ਨੇ ਬਹੁਤ ਵਿਰਲਾ ਹੀ ਭਾਂਵੇ ਕਲਿਆਂ ਰਹਿਣ ਦਿਤਾ ਹੋਵੇ ਨਹੀਂ ਤਾਂ ਸਦਾ ਹੀ ਨਾਲ ਰਖਣਾ। ਸਗੋਂ ਭਾਈ ਕੀ ਡਰੋਲੀ ਵਾਲ ਬਾਬਾ ਜਵਾਹਰ ਸਿੰਘ, ਕਾਨ੍ਹ ਸਿੰਘ ਜੀ ਨਿਹੰਗ ਚੱਕ ਵਾਲੇ, ਬਾਬਾ ਲੱਖਾ ਸਿੰਘ, ਅਤੇ ਬਾਬਾ ਸੁਧੱ ਸਿੰਘ, ਤੇ ਸਾਹਿਬ ਸਿੰਘ ਜੀ ਉਹ ਵਿਅਕਤੀ ਸਨ, ਜਿਹੜੇ ਸਤਿਗੁਰੁ ਰਾਮ ਸਿੰਘ ਜੀ ਦੇ ਸਲਾਹਕਾਰ ਵੀ ਸਨ ਤੇ ਇਹਨਾਂ ਦੀ ਤਾਬਿਆ ਹੁਕਮ ਵਜਾਨ ਵਾਲੇ ਵੀ ਉਸ ਉਬਾਲ ਦੀਇਹੋਚਿੰਗਾਰੀਸਨ ਜਿਹੜਾ ਗੁਰੂ ਰਾਮ ਸਿੰਘ ਜੀ ਨੇ ੧੮੫੭ ਈ: ਤੋਂ ੧੮੬੭ ਤੱਕ ਦੇਸ਼ ਵਿਚ ਲੈ ਆਂਦਾ। ਵਿਸ਼ਾਲ ਪੰਜਾਬ ਦੇ ਸਭਨਾ ਜਿਲਿਆਂ ਵਿਚ, ਖਾਸ ਕਰਕੇ ਕੇਂਦਰੀ ਪੰਜਾਬ ਵਿਚ ਪਿੰਡਾਂ ਦੇ ਪਿੰਡ ਲੋਕੀ ਨਾਮਧਾਰੀ ਬਣ ਗਏ। ਸ਼ਬਦ ਕੀਰਤਨ ਹੋਣ ਲਗਾ ਤੇ ਮਸਤੀ ਵਿਚ ਕੂਕਾਂ ਵਜੱਨ ਲਗੀਆਂ। ਇਹ ਪਹਿਲਾ ਸਮਾ ਸੀ ਜਦੋਂ ਥੋਕ ਰੂਪ ਵਿਚ ਚੰਗੇਰੇ ਸਭਿਆਚਾਰ ਦੇ ਜਾੜ ਦੇਸ਼ ਵਿਚ ਵਧੇ ਫੈਲੇ। ਉਪ੍ਰੋਕਤ ਸੱਜਣਾਂ ਨੇ ਸਤਿਗੁਰੂ ਜੀ ਦੇ ਦੌਰਿਆਂ ਨਾਲ ਜਾਕੇ ਜਾਂ ਵੱਖ ਵੱਖ ਇਲਾਕਿਆਂ ਵਿਚ ਵੱਖੋ ਵਖਰੇ ਜਾਕੇ ਦੇਸ਼ ਵਿਚ ਵਾਪਰਨ ਵਾਲੀ ਨਵੀਂ ਤਬਦੀਲੀ ਦਾ ਸੁਨੇਹਾ ਦਿਤਾ।

ਸਾਹਿਬ ਸਿੰਘ ਜੀ,ਜਦੋਂ ਸੂਬਿਆਂ ਦੀ ਸਥਾਪਨਾ ਹੋਈ ਓਦੋਂ ਤੋਂ ਹੀ ਪਹਿਲੇ ਨੰਬਰਾਂ ਵਿਚ ਸਨ। ਸਮਾਜਿਕ ਜਿਮੇਂਵਾਰੀਆਂ ਤੋਂ ਬਿਨਾਂ ਭੈਣੀ ਸਾਹਿਬ ਡੇਰੇ ਦੀ ਨਿਗਰਾਨੀ ਵੀ ਆਪ ਦੇ ਜਿਮੇ ਓਦੋਂ ਆ ਪੈਂਦੀ ਜਦੋਂ ਸਤਿਗੁਰੂ ਜੀ ਕਦੇ ਦੂਰ-ਦੌਰਿਆਂ ਵਿਚ ਜਾਂਦੇ। ਇਸ ਤੋਂ ਪਤਾ ਲਗਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨਾਲ ਸਾਹਿਬ ਸਿੰਘ ਜੀ ਦੀ ਕਿੰਨੀ ਆਤਮੀਅਤਾ ਸੀ।

ਅਣਛਪੇ ਤੇ ਬਹੁਤ ਘਟ ਲਿਖੇ ਗਏ ਉਸ ਵੇਲੇ ਦੇ ਨਾਮਧਾਰੀ ਇਤਿਹਾਸ ਵਿਚੋਂ ਕਿਤੇ ਕਿਤੇ ਝਲਕ ਮਿਲਦੀ ਹੈ। ਸੂਬਾ ਸਾਹਿਬ ਸਿੰਘ ਜੀ ਦੀ ਨਿੱਕੀਆਂ ਨਿਕੀਆਂ ਤੇ ਘਟ ਮਿਠੀਆਂ ਦਾਤਾਂ ਨੂੰ ਇਥੇ ਅਕਤ ਕਰਨਾ ਭਾਂਵੇ ਮਕਸਦ ਨਹੀ, ਪਰ ਕੁਝ ਇਕ ਉਤੇ ਝਾਤ ਪੁਆਣੀ ਉਨਾਂ ਦੇ ਸੰਬੰਧ ਵਿਚ ਜਰੂਰ ਚਾਨਣ ਪਵੇਗਾ ਜੋ ਸਰਕਾਰੀ ਤੌਰ ਤੇ ਗੁਰੂ ਰਾਮ ਸਿੰਘ ਜੀ ਦਾ ਜਾਨਸ਼ੀਨ ਬਣਨ ਵਾਲਾ ਸੀ।

ਅਜੇ ਸਤਿਗੁਰੂ ਜੀ ਪਾਸ ਆਇਆਂ ਨੂੰ ਸਾਹਿਬ ਸਿੰਘ ਜੀ ਨੂੰ ਚਾਰ ਕੁ ਸਾਲ ਹੀ ਹੋਏ ਸਨ ਕਿ ਸਤਿਗੁਰਾਂ ਹਰਿਦੁਆਰ ਅਧ ਕੁੰਭੀ ਤੇ ਜਾਣ ਦਾ ਪ੍ਰੋਗ੍ਰਾਮ ਬਣਾ ਲਆ। (੧੮੬੧ ਈ.) ਭਲਾ ਅਜਿਹੇ ਵਿਚ ਸਾਧੂ ਮਤ ਵਿਚੋਂ ਆਏ ਸਾਹਿਬ ਸਿੰਘ ਪਿਛੋਂ ਕਿਵੇਂ ਰਹਿ ਜਾਂਦੇ! ਹਰਿਦੁਆਰ ਗਿਆਂ ਇਕ ਦਿਨ ਗੁਰੂ ਰਾਮ ਸਿੰਘ ਜੀ ਨੇ ਕੇਸੂ-ਫੁਲਾਂ ਨੂੰ ਭਿਉਂ ਕੇ ਅਪਣੀ ਅਤੇ ਸਾਹਿਬ ਸਿੰਘ ਜੀ ਦੀ ਦਸਤਾਰ ਰੰਗ ਲਈ। ਸ਼ਰਧਾਲੂ ਲੋਕ ਇਸਦ ਅਰਥ ਜਾਣਦੇ ਸਨ, ਉਹਨੀ ਦਿਨੀ ਗੁਰੂ ਹਰੀ ਸਿੰਘ ਜੀ ਅਰਥਾਤ ਬੁਧ ਸਿੰਘ ਜੀ ਏਜੰਡੇ ਉਤੇ ਨਹੀਂ ਸਨ ਹੁੰਦੇ, ਉਹ ਤਾਂ ਵਿਚਾਰੇ ਗੁਰੂ ਰਾਮ ਸਿੰਘ ਜੀ ਦੇ ਭਾਈ ਹੀ ਸਨ ਤੇ ਜਾਂ ਕਿਰਤ ਕਰਕੇ ਘਰ-ਗ੍ਰਿਸਤੀ ਤੋਰਨ ਵਾਲੇ,ਤਾਂ ਵੀ ਇਕ ਸੰਕੇਤ ਭਵਿਖ ਨੂੰ ਵਿਚਾਰਦਿਆਂ ਗੁਰੂ ਹਰੀ ਸਿੰਘ ਜੀ ਬਾਰੇ ਦੇ ਦਿਤਾ ਗਿਆ ਸੀ।

ਸੂਬਾ ਸਾਹਿਬ ਸਿੰਘ ਜੀ ਸਤਿਗੁਰੂ ਜੀ ਉਤੇ ਮੁਗਧ ਸਨ ਤੇ ਜਦੋਂ ਕਦੇ ਆਪ ਦੀਵਾਨ ਵਿਚ ਬੈਠਦੇ ਜਾਂ ਕੋਲ ਹੁੰਦੇ ਤਾਂ ਇਕ ਟੱਕ ਸਤਿਗੁਰੂ ਜੀ ਦੇ ਮੁਖ ਮੰਡਲ ਵਲ ਵੇਖਦੇ ਰਹਿੰਦੇ। ਤਿਆਗ ਦੀ ਭਾਵਨਾ ਅਜਿਹੀ ਪੈਦਾ ਹੋ ਗਈ ਕਿ ਇਕ ਵੇਰ ਜੇਠ ਗੜੇਮਾਰ ਤੋਂ ਫਸਲਾਂ ਅਤੇ ਲੋਕਾਂ ਨੂੰ ਬਚਾਣ ਲਈ ਗੁਰੂ ਰਾਮ ਸਿਘ ਜੀ ਨੇ ਭਜਨ ਸਿਮਰਨ ਦੀ ਭੇਟ ਦੀ ਮੰਗ ਕੀਤੀ ਤਾਂ ਸਾਹਿਬ ਸਿੰਘ ਜੀ ਨੇ ਅਗਲਾ ਪਿਛਲਾ ਤੇ ਹੋਣ ਵਾਲਾ ਸਾਰਾ ਸਿਮਰਨ-ਫੱਲ ਹੀ

ਮਥਾ ਟੇਕ ਦਿਤਾ। ਦੂਜੇ ਪਾਸੇ ਜਿਉਂ ਜਿਉਂ ਆਦਰ ਸਤਿਕਾਰ ਵਧਦਾ ਗਿਆ, ਸਾਹਿਬ ਸਿੰਘ ਜੀ ਵਿਚ ਵੀ ਇਹ ਅਹਿਸਾਸ ਜ਼ੋਰ ਫੜ ਗਿਆ ਕਿ ਉਹ ਜੋ ਚਾਹੁਣ ਸੋ ਕਰ ਸਕਦੇ ਹਨ। ਇਕ ਦਿਨ ਦੁਤਾਰੀਏ ਗਾਇਕ ਨੂੰ ਸਤਿਗੁਰੂ ਜੀ ਨੇ ਇਕ ਰੁਪੈਆ ਦੇ ਦੇਣ ਲਈ ਸਾਹਿਬ ਸਿੰਘ ਜੀ ਨੂੰ ਆਗਿਆ ਕੀਤੀ। ਸਾਹਿਬ ਸਿੰਘ ਜੀ ਨੇ ਆਖਿਆ! ਕਿਹੜਾ ਇਸਨੇ ਸ਼ਾਸਤ੍ਰੀ ਗਾਇਨ ਕੀਤਾ ਏ, ਵਿਚੋਂ ਤਾਂ ਦੋ ਤਾਰਾਂ ਤੂੰਬੀ ਦੀਆਂ ਹੀ ਖੜਕਾਈਆਂ ਹਨ ਨ! ਇਸ ਨੂੰ ਪੋਲੀ ਜਾਂ ਅਠੰਨੀ ਹੀ ਕਾਫ਼ੀ ਹੈ। ਅਜਿਹੇ ਸਮੇਂ ਸਾਰੇ ਹੀ ਗੁਰੂ ਕੇ ਖਜਾਨਚੀਆਂ ਤੋਂ ਆਉਂਦ ਰਹਿੰਦੇ ਹਨ। ਉਸ ਵੇਲ ਗੁਰਬਾਣੀ ਦੀ ਇਹ ਤੁਕ ਠੀਕਤਰਾਂ ਲਾਗੂ ਹੁੰਦੀਹੈ ਉਨਾਂ ਤੇ,ਦਾਤ ਪਿਆਰੀ,ਵਿਸਰਿਆ ਦਾਤਾਰ। ਗੁਰੂ ਰਾਮ ਸਿੰਘ ਜੀ ਨੇ ਬਣਨ ਵਾਲੇ ਜਾਨਸ਼ੀਨ ਦੀ ਇਹ 'ਮਰਜੀ' ਵੇਖਕੇ ਦੁਤਾਰੀਏ ਨੂੰ ਪਚੀਆਂ ਦੀ ਪਸ਼ਮੀਨੇ ਦੀ ਲੋਈ ਦੇਕੇ ਨਿਵਾਜ ਲਿਆ।

ਦੂਰ ਨੇੜੇ ਰਹਿਣ ਦਾ ਫ਼ਾਸਲਾ ਫਰਕ ਕਿੰਨਾ ਕੁ ਹੁੰਦਾ ਹੈ,-ਇਕ ਦਿਨ ਸੂਬਾ ਜੀ ਨੇ ਸਤਿਗੁਰੂ ਜੀ ਨੂੰ ਪੁਛ ਲਿਆ। ਅਸਲ ਵਿਚ ਮਨੁਖ ਸਦਾ ਹੀ ਅਪਣੀ ਕਰਨੀ ਨੂੰ ਸਰਵੋਤਮ 'ਸਮਝਣ' ਲਈ ਬਹਾਨੇ ਤੇ ਕਾਰਨ ਤਲਾਸ਼ਦਾ ਰਹਿੰਦਾ ਹੈ। ਸਤਿਗੁਰੂ ਜੀ ਨੇ ਆਪਣੀ ਅਤਿ ਨਿਕਟੀ ਤੇ ਪਿਆਰੇ ਨੂੰ ਜੋ ਉਤਰ ਦਿਤਾ ਉਹ ਸਾਡੇ ਸਭਦੇ ਸਮਝਣ ਯੋਗ ਹੈ ਸਤਿਗੁਰੂ ਜੀ ਫਰਮਾਇਆ! ਚਿੱੜ ਅਸਲੋਂ ਥਣ ਦੇ ਕੋਲ ਰਹਿਕੇ ਲਹੂ ਪੀਂਦਾ ਹੈ, ਪਰ ਵੱਛਾ ਕਿਲਿਓਂ ਛੁਟ ਕੇ ਵੀ ਦੁਧ ਡੀਕ ਲਿਜਾਂਦਾ ਹੈ। ਸੁਆਲ ਦੂਰ ਨੇੜੇ ਦਾ ਨਹੀਂ, ਸੁਆਲ ਭਾਵਨਾ ਦਾ ਹੈ, ਵਿਸ਼ਵਾਸ ਦਾ ਹੈ।

ਇਕ ਦਿਨ ਸੂਬਾ ਸਾਹਿਬ ਸਿੰਘ ਜੀ ਨੂੰ ਆਪਣੇ ਜਪ–ਤਪ ਤੇ ਭਜਣ ਬਾਣੀ ਦਾ ਪੁੰਨ ਪ੍ਰਤਾਪ ਯਾਦ ਆ ਗਿਆ। ਉਹਨਾਂ ਸਤਿਗੁਰਾਂ ਨੂੰਪੁੱਛ ਹੀ ਲਿਆ! ਜੇ ਕੋਈ ਤੁਹਾਡੀ ਰੀਤੀ ਪੂਰੀਤਰਾਂ ਰਖਦਾ ਨਿਬਾਹੁੰਦਾ ਹੋਵੇ ਅਤੇ ਦੂਜੇ ਬੰਨੇ ਕੋਈ ਪੰਜੇ ਐਬ ਸ਼ਰਈਹੋਵੇ, ਦੁਹਾਂ ਦਾ ਸਥਾਨ ਕੀ ਹੋਵੇਗਾ? ਉਸ ਘੜੀ ਸਾਹਿਬ ਸਿੰਘ ਜੀ ਨੂੰ ਆਪਣੇ ਤੋਂ ਕਿਸੇ ਕਮਜ਼ੋਰ ਸਿੰਘ ਦੀ ਕਮਜ਼ੋਰੀ ਯਾਦ ਆ ਗਈ ਹੋਵੇਗੀ। ਸਤਿਗੁਰਾਂ ਸਮਾਧਾਨ ਕੀਤਾ! ਜਿਸ ਨੇ ਚੁਅੱਖਰੇ ਦਾ ਜਾਪ ਕੀਤਾ ਹੈ ਉਸਦੀ ਚੁਰਾਸੀ ਤਾਂ ਕੱਟੀ ਹੀ ਗਈ–ਬਾਕੀ ਦੇ ਭੋਗਾਂ ਦੀ ਸਜ਼ਾ ਸਮਾ ਦੇ ਦਿੰਦਾ ਹੈ।

ਪਰ ਅਜਿਹੀਆਂ ਗੱਲਾਂ ਤੇ ਵਾਕਿਆਤ ਗੁਰੂ-ਚੇਲੇ ਵਿਚ ਦੁਬਿਧਾ ਦੀ ਲੀਕ ਨਹੀ ਸਨ ਪੈਣ ਦਿੰਦੇ। ਇਹ ਪਿਉ–ਪੁਤਰ ਦੀ ਸਾਂਝ ਵਿਚ ਜਾਨਣ ਦੀ ਲਾਲਸਾ ਤੇ ਅਗੇ ਵਧਣ ਦੀ ਤਾਂਘ ਦੇ ਹੀ ਲਖਾਇਕ ਸਨ। ਜਦੋਂ ਸਤਿਗੁਰੂ ਜੀ ਅਤੇ ਨਾਮਧਾਰੀਆਂ ਲਈ ਪਾਬੰਦੀਆਂ ਦਾ ਦੌਰ ਦੌਰਾ ਸੀ ਉਸ ਵੇਲੇ ਭਾਂਵੇ ਅੰਮ੍ਰਿਤਸਰ ਦਾ ਵਸਾਖੀ ਦਿਵਾਲੀ ਹੋਵੇ ਭਾਂਵੇ ਅਨੰਦਪੁਰ ਸਾਹਿਬ ਦਾ ਹੋਲਾ, ਲੁਧਿਆਣੇ ਜਾਕੇ ਡਿਪਟੀ ਕਮਿਸ਼ਰ ਨੂੰ ਦਰਖਾਸਤ ਇਹੋ ਦਿੰਦੇ। ਪਿਆਰੇ ਦਰਸ਼ਨ, ਮਿਠੇ ਬੋਲ, ਧੀਰਾ ਸੁਭਾਵ, ਅਤੇ ਹਾਲਾਤ ਪ੍ਰਤੀ ਚੌਕਸੀ, ਇਹ ਉਹ ਲੱਛਣ ਸਨ ਜਿਹੜੇ ਆਪ ਨੂੰ ਹਰ ਥਾਂਏ ਜਿੱਤ ਦਿਵਾਂਦੇ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਦੀ ਦੇਸ਼ਭਗਤੀ ਭਰੀ ਸਿਖੀ ਸੁਧਾਰਕ ਤਹਿਰੀਕ ਸੰਪਰਦਾਇਕ ਹਦ ਬੰਨੇ ਉਲੰਘਦੀ ਦੇਸ ਦੇਸਾਂਤਰਾਂ ਤਕ ਲੋੜੀਂਦੀ ਪ੍ਰਤੀਤ ਹੋਣ ਲਗੀ ਓਦੋਂ ਜੰਮੂ ਅਤੇ ਕਸ਼ਮੀਰ ਵੀ ਇਸਤੋਂ ਵਾਂਜਿਆ ਨ ਰਹੇ। ਓਹ ਕੂਕਿਆਂ ਦੀ ਪਲਟਨ ਤਿਆਰ ਹੋਣ ਲਗੀ ਅਤੇ ਨੈਪਾਲ ਦੇ ਰਾਣੇ ਨੇ ਵੀ ਜਰਿਆਸਾ ਦਸ ਘਲੀ ਗੁਰੂ ਜੀ ਨਾਲ ਦੋਸਤੀ ਲਈ ਅਜਿਹੀਆਂ ਕੂਟ ਨੀਤਕ ਮਿਲਣੀਆਂ ਵਾਸਤੇ ਗੁਰੂ ਰਾਮ ਸਿੰਘ ਜੀ ਆਪਣਾ ਸੰਦੇਸ਼ ਦੇ ਸੂਬਾ ਸਾਹਿਬ ਸਿੰਘ ਜੀ ਨੂੰ ਹੀ ਘਲਦੇ। ੧੮੬੭ ਤਕ ਸਰਕਾਰੀ ਚੋਕਸੀ ਤੇ ਪਾਬੰਦੀਆਂ ਚਲਦੀਆਂ ਰਹੀਆਂ। ਅੰਗ-ਰੇਜੀ ਸਰਕਾਰ ਪਾਸ ਨਾਮਧਾਰੀਆਂ ਦੇ ਹਕ ਵਿਚ ਤੇ ਬਰਖਿਲਾਫ ਰਪੋਟਾਂ ਜਾਂਦੀਆਂ ਰਹੀਆਂ, ਝੂਠੀਆਂ ਸਚੀਆਂ ਰਪੋਟਾਂ ਨੇ ਸਰਕਾਰ ਨੂੰ ਚੋਕਸ ਤਾਂ ਕਰ ਦਿਤਾ ਪਰ ਵਿਚੋ ਵਿਚ ਜੋ ਕੁਝ ਰਿਝ ਪਕਰਿਹਾ ਸੀ ਇਸ ਦੀ ਸਾਫ ਤਸਵੀਰ ਕਿਸੇ ਧਿਰ ਪਾਸ ਵੀ ਨਹੀ ਸੀ, ਦਿਨਾਂ ਵਿਚ ਹੀ ਗੁਰੂ ਰਾਮ ਸਿੰਘ ਜੀ ਦੇ ਪਿਛੇ ਲਖਾਂ ਲੋਕਾਂ ਦਾ ਲਗ ਤੁਰਨਾ ਕੋਈ ਜਾਦੂ ਹੀ ਤਾਂ ਸੀ, ਏਸੇ ਲਈ ਗੁਰਦੁਆਰਿਆਂ ਦੇ ਪੁਜਾਰੀ ਤੇ

ਮੜੀਆਂ-ਮਸਾਣੀਆਂ ਦੇ ਮਜੌਰ ਗੁਰੂ ਰਾਮ ਸਿੰਘ ਜੀ ਤੋਂ ਖਾਰ ਖਾਣ ਲਗੇ। ਪਹਿਲਾ ਪ੍ਰਗਟਾਵਾਉਦੋਂ ਹੋਇਆ ਜਦੋਂ ਅੰਮ੍ਰਿਤਸਰ ਦੀਵਾਲੀ ਤੇ ਗੁਰੁ ਰਾਮ ਸਿੰਘ ਜੀ ਦੇ ਨਾਲ ਸੈਂਕੜੇ ਸਿੰਘ (ਕਾਨੂੰਨੀ ਤੌਰ ਤੇ ਪੰਜਾਹ) ਅਕਾਲ ਤਖਤ ਤੇ ਹਰਿਮੰਦਰ ਦਰਸ਼ਨ ਨੂੰ ਗਏ। ਅਕਾਲ ਤਖਤ ਦਾ ਪੁਜਾਰੀ ਜੋ ਅੰਗਰੇਜੀ ਸਰਕਾਰ ਨੂੰ ਹੀ ਗਨੀਮਤ ਸਮਝਦਾ ਸੀ, ਉਸਨੇ ਸਤਿਗੁਰੂ ਜੀ ਦੀ ਅਰਦਾਸ ਕਰਨੀ ਅਸਵੀਕਾਰ ਕਰ ਦਿਤੀ। ਸੂਬਾ ਸਾਹਿਬ ਸਿੰਘ ਜੀ ਨੇ ਪਹਿਲਾਂ ਹੀ ਅਰਜ ਕੀਤੀ ਸੀ ਗੁਰੂ ਜੀ ਸਰਬਗ ਹੈਂ। ਕੀ ਕਰਨਾ ਹੈ ਜਾਇਕੇ। ਏਥੇ ਹੀ ਮਥਾ ਟੇਕ ਲਵੋ। ਜੇ ਜਾਈਦਾ ਹੈ ਤਾਂ ਸਾਨੂੰ ਤਨਖਾਹੀਏ ਕਹਿੰਦੇ ਹੈਂ। ਉਹਸ਼ਰਮਿੰਦੇ ਨਹੀਂ ਹੁੰਦੇ, ਸਾਨੂੰ ਤਨਖਾਹੀਏ ਕਹਿੰਦੇ ਹੈਂ ?

ਸੂਬਾ ਸਾਹਿਬ ਸਿੰਘ ਜੀ ਦੀ ਅੰਦਰੂਨੀ ਨੇੜਤਾ ਦਾ ਇਸ ਘਟਨਾ ਤੋਂ ਹੋਰ ਵੀ ਪਤਾ ਲਗਦਾ ਹੈ ਕਿ ਇਕ ਦਿਨ ਸਤਿਗੁਰਾਂ ਦੇ ਪਿਤਾ ਬਾਬਾ ਜਸਾ ਸਿੰਘ ਜੀ ਨੇ ਸਤਿਗੁਰਾਂ ਤੋਂ ਵਰ ਲੈਣ ਦੀ ਸਿਫਾਰਸ਼ਕਰਨ ਦੀ ਬੇਨਤੀ ਕੀਤੀ। ਬਾਬਾ ਜੀ ਨੇ ਕਿਹਾ ਮੈਨੂੰ ਵਰ ਲੈ ਦੇਵੋ। ਤੁਸੀਂ ਸਚੇ ਪਾਤਸ਼ਾਹ ਜੀ ਦੀ ਦੇਹ ਹੋ। ਕੋਲੋਂ ਬਾਬੇ ਕਾਹਨ ਸਿੰਘ ਨੇ ਭੀ ਕਹਾ ਮੈਨੂੰ ਭੀ ਵਰ ਲੈ ਦਿਓ। ਕੋਲੋਂ ਸੂਬਾ ਬ੍ਰਹਮਾ ਸਿੰਘ ਕਹਾ ਮੈਨੂੰ ਵੀ ਵਰ ਲੈ ਦਿਓ। ਇਸਦਾ ਮਤਲਬ ਇਹ ਹੈ ਕਿਸਾਹਿਬ ਸਿੰਘ ਵਕਤ ਦੀ ਨਜ਼ਾਕਤ ਅਤੇ ਮੂਡ ਨੂੰ ਸਮਝਦੇ ਸਨ। ਕਿਸੇ ਦੂਜੇ ਦੇ ਦੇਹ-ਪ੍ਰਾਣ ਬਣਨ ਲਈ ਉਸ ਨਾਲ ਪੂਰੀ ਪੂਰੀ ਇਕ ਸੁਰਤਾ ਜੋੜੀਦੀ ਹੈ। ਇਹ ਇਕ ਸੁਰਤਾ ਸਾਹਿਬ ਸਿੰਘ ਜੀ ਨੇ ਸਤਿਗੁਰੂ ਜੀ ਵਾਸਤੇ ਪ੍ਰਾਪਤ ਕਰ ਲਈ ਸੀ।

ਪੁਲਸੀਏ ਸੂੰਹੀਏ ਅਤੇ ਮੁਖਬਰ ਜਦੋਂ ਕਿਤੇ ਭੈਣੀ ਸਾਹਿਬ ਜਾਂਦੇ ਜਾ ਹੋਰ ਸਮਾਗਮਾਂ ਤੇ ਦੀਵਾਨ ਵਿਚ ਬੈਠੇ ਸਰਗਰਮੀਆਂ ਨੋਟ ਕਰਦੇ ਓਦੋਂ ਸੂਬਾ ਸਾਹਿਬ ਸਿੰਘ ਜੀ ਸਤਿਗੁਰਾਂ ਦੇ ਸਜੇ ਜਾਂ ਖਬੇ ਮੋਢੇ ਕੋਲ ਬੈਠੇ ਦਿਸਦੇ। ਸਤਿਗੁਰੂ ਜੀ ਨਾਲ ਅਠੇ ਪਹਿਰ ਦਾ ਸੰਗ ਸਾਥ ਅਤੇ ਹਰ ਗਲ ਦੀ ਸਲਾਹਕਾਰੀ ਕਾਰਨ ਹੀ ਸਰਕਾਰੀ ਕਾਗਜਾਂ ਵਿਚ ਸਤਿਗੁਰਾਂ ਦਾ ਜਾ ਨਸ਼ੀਨ ਸੂਬਾ ਸਾਹਿਬ ਸਿੰਘ ਜੀ ਨੂੰ ਮੰਨਿਆ ਗਿਆ ਹੈ। ਬਾਬਾ ਲਖਾ ਸਿੰਘ, ਜਵਾਹਰ ਸਿੰਘ, ਕਾਹਨ ਸਿੰਘ ਅਤੇ ਬ੍ਰਹਮਾ ਸਿੰਘ ਜੀ ਵੀ ਸਤਿਗੁਰੂ ਜੀ ਦੇ ਡਾਢੇ ਵਿਸ਼ਵਾਸਪਾਤਰ ਸਨ ਪਰ ਫਿਰ ਵੀ ਸਤਿਗੁਰੂ ਸੂਰਜ ਦਾ ਨਿਕਟੀ ਉਪਗ੍ਰਹਿ ਸਾਹਿਬਸਿੰਘ ਹੀ ਸੀ।

ਸਾਰੇ ਸੂਬਿਆਂ ਦਾ ਨਿਤਕਰਮ ਸੌ ਪਤਰੇਰੋਜਾਨਾ ਗ੍ਰੰਥ ਸਾਹਿਬ ਜੀ ਦਾ ਪਾਠ ਅਤੇ ਢਾਈ ਮਾਲਾ ਪਕੀਆਂ ਭਜਨ ਕਰਨਾ ਸੀ। ਇਹ ਸਾਰੇ ਨੇਮ ਨਿਭਾਉਂਦਿਆਂ ਸੂਬਾ ਸਾਹਿਬ ਸਿੰਘ ਭੈਣੀ ਸਾਹਿਬ ਡੇਰੇ ਦੇ ਤਮਾਮ ਮਸਲਿਆਂ ਨੂੰ ਨਜਿਠਦਾ ਅਤੇ ਦੌਰੇ ਨਾਲ ਗਿਆ ਵੀ ਹਰ ਤਰਾਂ ਦੇ ਪ੍ਰਬੰਧ ਦੀ ਨਿਗਰਾਨੀ ਕਰਦਾ।

੧੮੬੩ ਦੀ ਵੈਸਾਖੀ ਅਤੇ ਥੋੜਿਆਂ ਦੇ ਮੇਲੇਸਮੇ ਭੈਣੀ ਸਾਹਿਬ ਦੀ ਸਪੁਰਦਦਾਰੀ ਸੂਬਾ ਸਾਹਿਬ ਸਿੰਘ ਜੀ ਹਥ ਹੀ ਸੀ।ਛਬੀ ਸਾਲ ਦੇ ਪ੍ਰਭਾ-ਵਸ਼ਾਲੀ ਜਵਾਨ ਸਾਹਿਬ ਸਿੰਘ ਬਾਰੇ ਜੋ ਰੀਪੋਰਟ ਜਲੰਧਰ ਛਾਉਣੀ ਦੇ ਮਜਿਸਟ੍ਰੇਟ ਕ. ਮਿਲਰ ਨੂੰ ਉਸਦੇ ਜ਼ਾਤੀ ਮੁਖਬਰ ਗੋਂਦੇ ਨੇ ਦਿਤੀ ਤੇ ਜੋ ਅਗਾਂਹਮਿਲਰ ਨੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਤੇ ਸੁਪਰਡੈਂਟ ਨੂੰ ਦਿਤੀ ਉਸ ਅਨੁਸਾਰ ਰਾਤ ਵੇਲੇ ਕਢੀ ਅਤੇ ਹਰ ਇਕ ਨੇ ਆਪਣੀ ਲਾਠੀ ਸਾਹਿਬ ਸਿੰਘ ਤੋਂ ਲੈ ਲਈ ਸਾਹਿਬ ਸਿੰਘ ਨੇ ਸਾਰੀ ਟੋਲੀ ਨੂੰ ਦੋ ਘੰਟੇ ਕਵਾਇਦ ਕਰਵਾਈ ਤੇ ਉਹ ਅਕਾਲ ਅਕਾਲ ਬੁਲਾਉਂਦੇ ਰਹੇ (ਨਾਮਧਾਰੀ ਇਤਹਾਸ ਲੇਖਕ ਨਾਹਰ ਸਿੰਘ)

ਸੂਬਾ ਸਾਹਿਬ ਸਿੰਘ ਬਾਰੇ ਨਾਮਧਾਰੀਇਤਹਾਸ ਦਾ ਲੇਖਕ ਸ੍ਰ, ਨਾਹਰ ਸਿੰਘ ਐਮ. ਏ. ਲਿਖਦਾ ਹੈ ਬਾਬਾ ਸਾਹਿਬ ਸਿੰਘ ਬਹੁਤ ਚਤੁਰ ਤੇ ਹੁਸ਼ਿਆਰ ਆਦਮੀ ਸੀ, ਉਹ ਅੰਮ੍ਰਿਤ ਛਕਣ ਦੇ ਸਮੇ ਤੋਂ ਹੀ ਗੁਰੂ ਰਾਮ ਸਿੰਘ ਜੀ ਨਾਲ ਭੈਣੀ ਸਾਹਿਬ ਹੀ ਟਿਕਦਾ ਸੀ। ਉਸਨੂੰ ਹਰ ਇਕ ਅਸਲੀ ਅਤੇ ਇਤਬਾਰੀ ਨਾਮਧਾਰੀਮੁਤਅਲਿਕ ਪੂਰੀ ਪੂਰੀ ਵਾਕਫੀਅਤ ਸੀ। ਸਤੰਬਰ ੧੮੬੬ ਵਿਚ ਦੂਜੀ ਵਾਰੀ ਮੁਖਬਰਗੋਂਦੇ ਨੇ ਰਿਪੋਟਭੇਜੀ ਜੇ ਸਾਹਿਬਸਿੰਘ ਆਗੂ ਬਣਗਿਆ ਤਦ ਜਰੂਰ ਹੀ ਬਲਵਾ ਹੋ ਜਾਵੇਗਾ ਕੂਕੇ ਬੜੇ ਜੋਸ਼ ਵਿਚ ਹਨ।

ਮੀਆਂ ਫਜ਼ਲ ਹੁਸੈਨ ਨੇ ਅਨੰਦਪੁਰ ਹੋਲੇ (੨੦ ਮਾਰਚ ੧੯੬੭) ਨੂੰ ਵੇਖ ਜੋ ਰਿਪੋਟ ਤਿਆਰਕੀਤੀ ਉਸ ਅਨੁਸਾਰ ੨੨ ਸੂਬਿਆਂ ਨੂੰ ਭਜਨ ਦਸਣ ਦੇ ਥਾਂ ਪਰ ਥਾਂ ਜਾਕੇ ਉਪਦੇਸ਼ ਦੇਣ ਦਾ ਅਧਿਕਾਰ ਸੀ ਅਤੇ ਇਨਾਂ ਵਿਚੋਂ ਸੂਬਾ ਸਾਹਿਬ ਸਿੰਘ ਵੀ ਇਕ ਸੀ।

ਪ੍ਰਤੀਤ ਇਹ ਹੁੰਦਾ ਹੈ ਕਿ ਸੂਬਾ ਸਾਹਿਬ ਸਿੰਘ ਜੀ ਨੇ ਸਤਿਗੁਰੂ ਜੀ ਵਾਲੇ ਜਥੇ ਬੰਦ ਗੁਣ ਨੂੰਬੜੀ ਅਛੀ ਤਰਾਂ ਗ੍ਰਹਿਣ ਕੀਤਾ। ਇਕ ਨਾਂਗਾ ਸਾਧ ਗੁਰੂ ਜੀ ਦੀ ਸੰਗਤ ਵਿਚ ਆ ਏਨਾ ਚਤੁਰ ਦਿਮਾਗ ਹੋ ਗਿਆ ਕਿ ਉਹ ਹਾਲਾਤ ਦੇ ਲਹਾ ਚੜਾ ਬਾਰੇ ਹਰ ਤਰਾਂ ਚੁਕੰਨਾਂ ਰਹਿੰਦਾ। ਉਂਜ ਵੀ ਅੰਮ੍ਰਿਤਸਰ ਜਿਲੇ ਦੇ ਜਮ ਪਲ ਆਮ ਕਰਕੇ ਹਾਲਾਤ ਨਾਲ ਨਜਿਠਣ ਦਾ ਗੁਣ ਰਖਦੇ ਹਨ ਪਰ ਏਧਰ ਸਤਿਗੁਰੂ ਜੀ ਦੀ ਪਾਣ ਨੂੰ ਛੋਟੀ ਉਮਰ ਦੇ ਸਾਹਿਬ ਸਿੰਘ ਨੂੰ ਵਡਿਆਂ ਦੇ ਰਸ਼ਕ ਕਰਨ ਜੋਗ ਬਣਾ ਦਿਤਾ।

੧੮੭੦–੭੧ਤਕ ਤਾਂ ਤਹਿਰੀਕ ਦਾ ਚੜਾਅ ਹੀ ਸੀ ਜਿਧਰ ਨਜ਼ਰ ਜਾਂਦੀ ਸੀ ਨਾਮਧਾਰੀਆਂ ਦੇ ਪਿੰਡਾਂ ਦੇ ਪਿੰਡ ਟੋਲਿਆਂ ਦੇ ਟੋਲੇ ਹਰਿਗੁਣ ਗਾਉਂਦੇ, ਨਚਦੇ ਨਚਾਉਂਦੇ, ਦਸੇ ਗਏ ਭਵਿਖ ਨਕਸ਼ੇ ਦੀ ਕਲਪਣਾ ਨਾਲ ਨਸ਼ਿਆਏ ਗੋਰਿਆਂ ਦੀ ਸਰਕਾਰ ਨੂੰ ਇਕ ਦਿਨ ਉਲਟਾਅ ਧਰਨ ਨੂੰ ਤਿਆਰ ਦੇਸ ਦੇ ਹਰ ਪਾਸੇ ਜੋਸ਼ ਖਰੋਸ਼ ਨੂੰ ਉਤਸ਼ਾਹਤ ਰਖਦੇ, ਪਰ ਉਹ ਦਿਨ ਵੀ ਆ ਗਏ ਜਿਨਾਂ ਦੀ ਭਿਆਨਕਤਾ ਕਦੇ ਕਦੇ ਗੁਰੂ ਰਾਮ ਸਿੰਘ ਜੀ ਚੇਤੇ ਕਰਵਾਂਦੇ ਰਹਿੰਦੇ ਸਨ।

ਜਦੋਂ ਹੋਸ਼ ਵਾਲਿਆਂ ਦੇ ਉਡਦੀ ਜੋਸ਼ ਵਾਲੇ ਮਸਤਾਨੇ ਹੋ ਵਗੇ ਤਾਂ ਸਾਰੇ ਸੋਝੀਵਾਨਾਂ ਦਾ ਮਥਾ ਠਣਕਿਆ। ਮਸਤਾਨਿਆਂ ਦੇ ਇਰਾਦੇ ਨੂੰ ਭਾਂਪ ਇਕ ਦਿਨ ਸਾਹਿਬ ਸਿੰਘ ਜੀ ਨੇ ਸ੍ਰ. ਹੀਰਾ ਸਿੰਘਤੇ ਲਹਿਣਾ ਸਿੰਘ ਨੂੰ ਆਖ ਹੀ ਦਿਤਾ "ਸੰਗਤ ਦਾ ਪ੍ਰਸਾਦਾ ਬਣਿਆ ਹੋਇਆ ਸੀ, ਨ ਗਵਾਓ। ਹੀਰਾ ਸਿੰਘ ਮਸਤਾਨਾ ਮੁਖੀ ਨੇ ਅਖਾਂ ਵਿਚ ਜਰਾਸ਼ਰਾਰਤ ਲਿਆ ਜਵਾਬ ਵਿਚ ਚੋਭ ਲਾਈ "ਓ ਮਸੰਦਾ, ਅੰਨ ਖਾਇਕੇ ਪੇਟ ਬਧਾਇਆ ਹੈ। ਜਿਨਾ ਚਿਰ ਗਿਆਨਾ ਸਿੰਘ ਦਾ ਬੈਰ ਲੈਂਦੇ ਨਹੀ ਓਨਾਂ ਚਿਰ ਸਾਨੂੰ ਪ੍ਰਸਾਦਾ ਛਕਣਾ ਹਾਰਾਮ ਹੈ।

ਏਥੇ ਸੂਬਾ ਸਾਹਿਬ ਸਿੰਘ ਦੀ ਹੱਦ ਸੀ। ਛਤੀ ਸਾਲ ਦੇ ਸਿਖ ਨੇ ਇਹ ਗਲ ਪੀ ਲਈ। ਪਰ ਮੁਨਾ-ਸਬ ਸਮਾ ਮਿਲਣ ਤੇ ਗੁਰੂ ਰਾਮ ਸਿੰਘ ਜੀ ਦੇ ਕੰਨੀ ਇਹੋ ਗਲ ਪਾਕੇ ਨਿਕਲਣ ਵਾਲੇ ਨਤੀਜਿਆਂ ਤੋਂ ਵੀ ਸੋਘਿਆਂ ਕੀਤਾ।ਗੁਰੂ ਰਾਮ ਸਿੰਘ ਜੀ ਨੇ ਮਸ-ਤਾਨਿਆਂ ਦੇ ਜਲਾਲ ਨੂੰ ਵੇਖ ਉਨਾਂ ਨੂੰ ਕਚੀ ਨ ਛੇੜਨ ਲਈ ਰੋਕਿਆ। ਪਰ ਉਹਨਾਂਪਾਸ ਸਤਿਗੁਰੂ ਜੀ ਲਈ ਵੀ ਜਵਾਬ ਹੈ ਸੀ। ਤੁਰਤ ਸ੍ਰ. ਹੀਰਾ ਸਿੰਘ ਲਹਿਣਾ ਸਿੰਘ ਨੇ ਆਖਿਆ "ਸਾਨੂੰ ਨੌਵੇਂ ਗੁਰੂ ਬਾਰ ਬਾਰ ਦਰਸ਼ਨ ਦੇਕੇ ਕੁਰਬਾਨੀ ਦੇਣ ਲਈ ਵੰਗਾਰਦੇ ਹਨ"

ਤੇ ਇਸ ਦਿਨ ਤੋਂ ਪਿਛੋਂ ਇਤਹਾਸ ਨੇਅਜਿਹਾ ਗੇੜਾ ਖਾਧਾ ਕਿ ੬੬ ਕੂਕੇ ਮਲੇਰ ਕੋਟਲੇ ਵਿਖੇ ਤੋਪਾਂ ਅਗੇ ਉਡਾ ਦਿਤੇ ਗਏ। ਅੰਮ੍ਰਿਤਸਰ ਤੇ ਰਾਇਕੋਟ ਦੇ ਬੁਚੜ ਬਧ ਦੇ ਅਰਥ ਵੀ ਸਮਝ ਆਉਣ ਲਗੇ ਤਾਂ ਵਿਦੇਸ਼ੀ ਸਰਕਾਰ ਨੇ ਆਪਣੇ ਸ਼ਰੀਕ ਨੂੰ ਡਾਢੇ ਹਥ ਪਾਉਣ ਦਾ ਇਰਾਦਾ ਕਰ ਲਿਆ।

ਗੁਰੂ ਰਾਮ ਸਿੰਘ ਜੀ ਨੂੰ ਕਾਵਨ ਨੇ ਮਲੋਦ ਸਦ ਘਲਿਆ। ਸਤਿਗੁਰੂ ਜੀ ਪੰਜਾਂ ਸਿੰਘਾਂ ਨਾਲਘੋੜਿਆਂ ਤੇ ਸਵਾਰ ਹੋਕੇ ਗਏ। ਸੂਬਾ ਸਾਹਿਬ ਸਿੰਘ, ਬਾਬਾ ਜਵਾਹਰ ਸਿੰਘ,ਬਾਬਾ ਲਖਾ ਸਿੰਘ, ਬਾਬਾ ਕਾਹਨ ਸਿੰਘ,ਖਜਾਨ ਸਿੰਘ,ਤੇ ਜੋਗਾ ਸਿੰਘ ਹੀ ਨਾਲ ਸਨ। ਮਲੋਦ ਦੀ ਪੁਛ ਪੜਤਾਲ ਤੇ ਗਲ ਬਾਤ ਤੋਂ ਅੰਗ ਕੇ ਹੀ ਬਾਬਾ ਜਵਾਹਰ ਸਿੰਘ ਨੇ ਸੂਬਾ ਸਾਹਿਬ ਸਿੰਘ ਜੀ ਨੂੰ ਕਿਹਾ ਸੀ : ਹੁਣ ਨਹੀ ਪੀਣੀ ਮਿਲਣੀਕੋਠੜੀ ਦੇ ਵਿਚ ਬੈਠਕੇ ਸ਼ਰਦਾਈ।

ਅਸਲ ਵਿਚ ਸੂਬਾ ਸਾਹਿਬ ਸਿੰਘ ਦੀ ਤਾਰੀਖ਼ ਗੁਰੂ ਰਾਮ ਸਿੰਘ ਤੇ ਕੂਕਾ ਤਹਿਰੀਕ ਨਾਲੋਂ ਕੋਈ ਵਖਰੀ ਨਹੀ। ਸਾਰੀ ਤਹਿਰੀਕ ਦਾ ਤਾਣਾ ਪੇਟਾ ਸਤਿਗੁਰੂ ਅਤੇ ਸੂਬੇ ਹੀ ਸਨ। ਇਸ ਉਣਤ ਬੁਣਤ

ਵਿਚ ਨਾਮਧਾਰੀ ਸ਼ਹੀਦਾਂ ਨੇ ਪਿੜੀਆਂ ਪਾਈਆਂ, ਭਾਰਤ ਭੂਮੀ ਲਈ ਉਹ ਸਾਲੂ ਤਿਆਰ ਕੀਤਾਗਿਆ ਜਿਸਨਾਲ ਉਸਨੇ ਆਪਣੀ ਇਜਤ ਪਤ ਸੰਭਾਲਣੀ ਸੀ। ਕੋਈ ਸੰਦੇਹ ਨਹੀਂ ਸੀ ਕਿ ਜੇ ਸੰਨ ਸਤਵੰਜਾ ਦੀ ਬਗਾਵਤ ਤੋਂ ਪਿਛੋਂ ਇਕ ਨਵੇਂ ਅਨੁਭਵ ਦੀ ਲੜਾਈ ਬਰਤਾਨਵੀ ਤਾਜ ਦੇ ਖਿਲਾਫ ਲੜੀ ਜਾਣੀ ਸੀ ਤਾਂ ਉਸਦੀ ਦਾਗ ਬੇਲ ਗੁਰੂ ਰਾਮ ਸਿੰਘ ਜੀ ਅਤੇ ਉਨਾਂ ਦੇ ਸੂਬਿਆਂ ਨੇ ਰਖ ਦਿਤੀ ਸੀ।

੧੭ ਜਨਵਰੀ ੧੮੭੨ ਨੂੰ ਸ਼ਾਮ ਵੇਲੇ ਜਦੋਂ ਗੁਰੂ ਰਾਮ ਸਿੰਘ ਜੀ ਆਪਣੇ ਪਿਆਰੇ ਭੈਣੀਸਾਹਿਬ ਤੋਂ, ਜੁੜੀ ਹੋਈ ਸੰਗਤ ਤੋਂ ਅਤੇ ਪਿਆਰੇ ਪਿਤਾ,– ਭ੍ਰਾਤਾ,ਤੋਂ ਜੁਦਾ ਹੋ ਨਿਰਵਾਸਨ ਦਾ ਰਾਹ ਫੜ ਰਹੇ ਸਨ ਤਾਂ ਉਹ ਇਕਲੇ ਨਹੀ ਸਨ ਆਪਦੇ ਨਾਲ ਜਾ ਰਹੇ ਸਨ ਸੂਬਾ ਸਾਹਿਬ ਸਿੰਘ, ਬਾਬਾ ਜਵਾਹਰ ਸਿੰਘ (ਦੋਵੇਂ ਸੂਬੇ) ਭਾਈ ਨਾਨੂੰ ਸਿੰਘ ਅਤੇ ਗਡੇ ਦੇ ਵਾਹਕ ਭਾਈ ਗੁਰਦਿਤ ਸਿੰਘ ਜੀ। ਬਾਬਾ ਲਖਾ ਸਿੰਘ ਜੀ ਨੂੰ ਮਸਤਾਨਿਆਂ ਬਾਰੇ ਸੂਚਨਾ ਦੇਣ ਗਿਆਂ ਪਹਿਲਾਂ ਹੀ ਲੁਧਿਆਣੇ ਗ੍ਰਿਫਤਾਰ ਕਰ ਲਿਆ ਸੀ।

੧੮ ਜਨਵਰੀ ਅੰਮ੍ਰਿਤ ਵੇਲੇ ਚੀਨੀ ਅਸਵਾਰ ਪਖਲੀਆਂ ਲਗੇ ਗਡੇ ਉਤੇ ਅਪਣੇ ਸੰਗ੍ਰਾਮੀਸਾਥੀਆਂ ਨਾਲ ਲੁਧਿਆਣੇ ਪੁਜੇ,ਜਿਥੋਂ ਆਪ ਨੂੰ ਪਰਾਗਰਾਜ ਦੇ ਕਿਲੇ ਵਿਚ ਭੇਜ ਦਿਤਾ ਗਿਆ। ਹੁਣ ਸੂਬਾ ਸਾਹਿਬ ਸਿੰਘ ਨੂੰ ਜੇਲ ਦੀ ਚਾਰ ਦੀਵਾਰੀ ਵਿਚਉਹ ਇਕਾਂਤ ਮਿਲੀ ਜਿਸ ਵਿਚ ਉਨਾਂ ਅਪਣੇ ਪੰਜ ਸਾਲ ਦੇ ਨਾਂਗਾ ਜੀਵਨ ਨੂੰ ਅਤੇ ਫਿਰ ਗੁਰੂ ਰਾਮ ਸਿੰਘ ਜੀ ਨਾਲ ਭੋਗੇ ਦੁਖ ਸੁਖ ਦਾ ਲੇਖਾ ਜੋਖਾ ਕਰਨਾ ਸੀ।

ਦੂਜੇ ਬੰਨੇ ਅੰਗਰੇਜੀ ਹਾਕਮ, ਉਨਾਂ ਦੇ ਪਿਠੂ ਤੇ ਸਲਾਹ ਬਾਤ ਸੋਚ ਰਹੇ ਸਨ ਕਿ ਗੁਰੂ ਰਾਮ ਸਿੰਘ ਤੇ ਉਸਦਾ ਜਾ ਨਸ਼ੀਨ ਦੇਸ ਬਦਰ ਕਰਕੇ ਸਦਾ ਲਈ ਨਾਮਧਾਰੀ ਤਹਿਰੀਕ ਦੇ ਪੰਨੇ ਠਪ ਦਿਤੇ ਹਨ-ਪਰ ਉਹ ਭੁਲਦੇ ਸਨ ਕਿਉਂਕਿ ਜਿਸ ਅਪਣੇ ਭਰਾ,ਭਾਈ ਬੁਧ ਸਿੰਘ ਨੂੰ,ਉਨਾਂ ਅਜੇ ਤਕ ਸਮਾਜ ਵਿਚ ਅਗੇ ਨਹੀ ਸੀ ਆਉਣ ਦਿਤਾ ਉਹ ਅਸਲ ਵਿਚ ਗੁਰੂ ਰਾਮ ਸਿੰਘ ਜੀ ਦਾ ਜਾ ਨਸ਼ੀਨ ਸੀ। ਕਿਨੂੰ ਪਤਾ ਸੀ ਕਿ ਹਰਦੁਆਰ ਅਧ ਕੁੰਭੀ ਤੇ ਅਗ ਲਗੀ ਬਹੁਤ ਵਜਨੀ ਗੋਲੀ ਨੂੰ ਗੰਗਾ ਵਿਚ ਗੁਰੂ ਰਾਮ ਸਿੰਘ ਜੀ ਨਾਲ ਮਿਲਕੇ ਵਗਾਹ ਮਾਰਨ ਵਾਲਾ ਬੁਧ ਸਿੰਘਅਗੇ ਜਾਕੇ ਗੁਰੂ ਹਰੀ ਸਿੰਘ, ਟੁਟੀ ਗੰਢਣ ਹਾਰ, ਜੋਤ ਕਾ ਜਾਮਾ ਬਣਕੇ ਉਨਾਂ ਸਾਰੀਆਂ ਮੁਸੀਬਤਾਂ ਲਈ ਜਾ ਨਸ਼ੀਨ ਬਣੇਗਾ ਜਿਨਾਂ ਦਾ ਆਗਾਜ ਗੁਰੂ ਰਾਮਸਿੰਘ ਜੀ ਦੇ ਵਿਚਾਰਾਂ ਤੋਂ ਹੀ ਹੋਇਆ।

ਜਦੋਂ ਗੁਰੂ ਰਾਮ ਸਿੰਘ ਨੂੰ ਜਲਾਵਤਨ ਕਰਕੇ ਰੰਗੂਨ ਵਿਚ ਤੇ ਫਿਰ ਮਰਗੋਈ ਵਿਚ ਸ਼ਾਹੀ ਕੈਦੀ ਦੇ ਰੂਪ ਵਿਚ ਰਖਿਆ ਗਿਆ,ਉਦੋਂ ਉਨਾਂ ਦੇ ਸਰਕਾਰੀ ਜਾ ਨਸ਼ੀਨ ਸੂਬਾ ਸਾਹਿਬ ਸਿੰਘ ਜੀ ਨੂੰ ਬਾਬਾ ਕਾਹਨ ਸਿੰਘ ਜੀ ਨਾਲ ਅਦਨ ਵਿਖੇ ਲੈ ਜਾਕੇ ਨਜ਼ਰਬੰਦ ਕੀਤਾ ਗਿਆ,ਜਿਨਾਂ ਨੂੰ ਪਿਛੋਂ ਹਜਾਰੀ ਬਾਗ ਜੇਲ ਵਿਚ ਲਿਜਾਕੇ ਬੰਦ ਕਰ ਦਿਤਾ ਗਿਆ।

ਮੈਨੂੰ ਤਾਂ ਕਈ ਵਾਰ ਰਹਿ ਰਹਿ ਕੇ ਚਿੜ ਉਠਦੀ ਹੈ ਕਿ ਨਾਮਧਾਰੀ ਸਤਿਗੁਰੂ, ਸ਼ਹੀਦ ਅਤੇ ਸੂਬੇ ਜੋ ਕਿ ਸਮੁਚੇ ਦੇਸ਼ ਦਾ ਮਾਣ ਅਤੇ ਤਾਣ ਹੋ ਸਕਦੇ ਸਨ, ਉਹ ਤੰਗ ਨਜਰੀ ਤੇ ਫਿਰਕਾ ਪ੍ਰਸਤੀ ਦਾ ਸ਼ਿਕਾਰ ਹੋਏ ਹੁਣ ਸਾਡੇ ਜੋਗੇ ਹੀ ਰਹਿ ਗਏ ਹਨ? ਦੇਸ਼ ਆਜ਼ਾਦ ਹੋ ਗਿਆ ਹੈ। ਉਹਨਾਂ ਦੀ ਜਗਾਈ ਹੋਈ ਜੋਤ ਹੀ ਸਾਡੀ ਪਥ ਪਰਦਰਸ਼ਕ ਬਣੀ ਪਰ ਅਸੀਂ ਉਹਨਾਂ ਦੇ ਆਦਰਸ਼ਾਂ ਤੋਂ ਬੇਮੁਖ ਹੋਏ ਬੈਠੇਹਾਂ।

ਰੁਬਾਈ

ਜਨਮ ਕਾਲ ਤੋਂ ਜੋ ਵਿਰਕਤੀ ਕਰਕੇ ਘਰੋਂ ਕਿਨਾਰਾ।
ਰਲਕੇਸਾਧ ਮੰਡਲੀਆਂ ਵਿਚਜੋ ਤਪੀਆ ਬਣਿਆਭਾਰਾ
ਚੀਨੀ ਵਾਲੇ ਪਾਰਸ ਤੋਂ ਜੋ ਕਚਹੁ ਕੰਚਨ ਹੋਇਆ,
ਰਹੇਚਮਕਦਾਉਹ ਹਮੇਸਾਂ,ਸੂਬਾਸਾਹਿਬਸਿੰਘਪਿਆਰਾ।

ਸੁਰਜੀਤ ਸਿੰਘ ਜੀ
(ਸ੍ਰੀ ਜੀਵਨ ਨਗਰ)

ਇਕ ਇਤਹਾਸਿਕ ਵਾਰਤਾ:–

ਜਿਵ ਤੂ ਰਖਹਿ ਤਿਵ ਰਹਉ

ਸਨਖਤ੍ਰਵੀ

(੧)

ਬਮ ਬਮ ਭੋਲੇ ! ਬਮ ਬਮ ਭੋਲੇ !!
ਅਲਖ ਨਿਰੰਜਨ !
ਸ਼ਿਵ ਸ਼ੰਕਰ ! ਭੋਲੇ ਮਹਾਂਦੇਵ !! ਤੇਰੀ ਸਦਾ ਜੈ ਹੋ।
ਸ਼ਿਵ ਜੀ ਭਰੇਂਗੇ ਭੰਡਾਰ।
ਸ਼ਿਵ ਸ਼ੰਕਰ ਸਭ ਕਾ ਭਲਾ ਕਰੇਂ।
ਇਸ ਨਗਰੀ ਮੇ ਕੋਈ ਹੈ ਸ਼ਿਵ ਸ਼ੰਕਰ ਕਾ ਭਗਤ,
ਜੋ ਸਾਧੂਆਂ ਕੀ ਮੰਡਲੀ ਲੀਏ ਧੂਣੀਆਂ ਲਈ ਈਂਧਨ,
ਭੋਜਨ ਲੀਏ ਸੀਧਾ ਵਗੈਰਾ, ਯਹਾਂ ਲਿਆ ਕਰ ਦੇਵੇ?
ਹਮ ਸਾਧੂ ਲੋਕ ਨਗਰੀ ਕੇ ਬਾਹਰ ਹੀ ਰਹਿਤੇ ਹੈਂ।
ਔਰ ਆਸਣ ਪਰ ਆਇਆ ਹੂਆ ਪਦਾਰਥ ਹੀ ਇਸਤੇਮਾਲ ਕਰਤੇ ਹੈਂ?
ਆਓ ਕੋਈ ਭਾਗਵਾਨ ਸਾਧੂ ਮਹੰਤੋਂ ਕੀ
ਸੇਵਾ ਕੇ ਲੀਏ?
ਭੋਲੇ ਮਹਾਂਦੇਵ ਆਪ ਕੋ ਸੁਖ ਦੇਂਗੇ।
ਸਭ ਕੀ ਮਨੋ ਕਾਮਨਾ ਪੂਰੀ ਹੋਂਗੀ।
ਸਾਧੂ ਕੀ ਸੇਵਾ ਕਭੀ ਨਿਸਫਲ ਨਹੀ ਜਾਤੀ।
ਸ਼ਿਵ ਜੀ ਭਰੇਂਗੇ ਭੰਡਾਰ
ਨਗਰ ਖੇੜੇ ਕਾ ਭਲਾ ਹੋ।
ਬਮ ਬਮ ਭੋਲੇ ! ਬਮ ਬਮ ਭੋਲੇ !!

(੨)

ਅੰਮ੍ਰਿਤਸਰ ਜਿਲੇ ਦੀ ਤਹਸੀਲ ਤਰਨ ਤਾਰਨ ਤੋਂ ਤਕ਼ਰੀਬਨ ੧੦ ਮੀਲ ਚੜਦੇ ਵਲ ਨੀਵੇਂ ਜਿਹੇ ਥਾਂ ਰੋਹੀ ਧਰਤੀ ਵਿਚ ਰੁਖਾਂ ਵਿਚ ਘਿਰੇ ਹੋਏ ਇਕ ਨਗਰ ਬੰਗਾਲੀਪੁਰ ਪਹਾੜ ਤੇ ਚੜਦੇ ਵਾਲੇ ਪਾਸੇ ਇਕ ਵਡੀ ਸਾਰੀ ਢਾਬ ਦੇ ਕਿਨਾਰੇ ਨਾਂਗੇ ਸਾਧੂਆਂ ਦਾ ਝੁੰਡ ਆਕੇ ਬੈਠਾ ਹੈ। ਅਤੇ ਉਨਾਂ ਵਿਚੋਂ ਇਕ ਆਗੂ ਸੇਵਕ ਨਿਰੰਜਨ ਦਾਸ 'ਦਿਗੰਬਰ' ਨਗਰ ਦੇ ਲੋਕਾਂ ਨੂੰ ਆਪਣੇ ਵਲ ਪ੍ਰੇਰਤ ਕਰਨ ਲਈ ਉਪ੍ਰੋਕਤ ਕਿਸਮ ਦੇ ਬੋਲੇ ਉਚੀ ਉਚੀ ਬੋਲ ਰਿਹਾ ਹੈ। ਜਿਨਾਂ ਨੂੰ ਸੁਣਕੇ ਸਭ ਲੋਕਾਂ ਤੋਂ ਇਲਾਵਾ ਇਕ ੧੮–੧੯ ਸਾਲ ਦਾ ਮੱਸ ਫੁਟਦਾ ਪੌਣੇ ੬ ਫੁਟਾ ਭਰਵੇਂ ਸਰੀਰ ਦਾ ਸੁਨੱਖਾ ਸਡੌਲ ਨੌ ਜਵਾਨ ਅਗੇ ਵਧਕੇ ਉਸ ਸਾਧੂ ਕੋਲ ਆਕੇ ਬੜੀ ਹਲੀਮੀ ਨਾਲ ਪੁਛਦਾ ਹੈ:–

ਇਹ ਇਤਹਾਸਿਕ ਕਹਾਣੀ ਸੂਬਾ ਜੀ ਦੇ ਪਰਵਾਰ ਵਲੋਂ ਦਿਤੇ ਗਏ ਸੰਕੇਤਾਂ ਦੇ ਅਧਾਰ ਤੇ ਲਿਖੀ ਗਈ ਹੈ। ਅ.

ਬਾਬਾ ਜੀ ਦਸੋ ਤੁਹਾਨੂੰ ਕੀ ਚਾਹਿੰਦਾ ਹੈ ?

ਨਿਰੰਜਨ ਦਾਸ:-

ਭਈ ਭਲੇ ਲੋਕ ! ਹਮ ਨਾਂਗੇ ਔਰ ਵਿਰਕਤ ਸਾਧੂ ਹੈਂ

ਹਮਾਰੀ ਗਾਂਠ ਜਾਂ ਮੰਡਲੀ ਮੇ ਕੋਈ ਚੀਜ ਜਮਾ ਨਹੀ ਹੋਤੀ।

ਹਮ ਜਹਾਂ ਜਾਤੇ ਹੈ, ਵਹਾਂ ਿ ਹੀ ਸਭ ਕੁਛ ਲੇਤੇ ਹੈਂ ।

ਕਿਆ ਤੂੰ ਨੇ ਕਬੀ ਸੁਨਾ ਤੋ ਨਹੀ, ਕਿ:-

"ਪੱਲੇ ਖਰਚ ਨ ਬਾਂਧਤੇ ਪੰਛੀ ਔ ਦਰਵੇਸ਼"

ਨੌ ਜਵਾਨ:-

ਠੀਕ ਹੈ ਬਾਬਾ ਜੀ ! ਪਰ ਫਿਰ ਭੀ ਤੁਸੀ ਦਸੋ ਕਿ ਤੁਹਾਨੂੰ ਪਹਿਲੇ ਕਿਸ ਚੀਜ਼ ਦੀ ਲੋੜ ਹੈਂ?

ਸਾਧੂ:-

ਭਈ ਹਮੇ ਪਹਿਲੇ ਧੂਣੇ ਲਗਾਣੇ ਕੇ ਲੀਏ ਬੜੀ ਬੜੀ ਲਕੜੋਂ ਕੀ ਜ਼ਰੂਰਤ ਹੈ ।

ਪਚੀਸ ਤੀਸ ਸਾਧੂ ਲੋਗੋਂ ਕੇ ਲੀਏ ੫-੬ ਧੂਣੇ ਲਾਜ਼ਮੀ ਹੋਤੇ ਹੈਂ।

ਨੌ ਜਵਾਨ:- ਅਛਾ ਸੰਤ ਜੀ ਮੈਂ ਹੁਣੇ ਪਿੰਡ ਜਾਕੇ ਪੁਰਾਣੇ ਮੁਢਾਂ ਦਾ ਪ੍ਰਬੰਧ ਕਰਕੇ ਭੇਜਦਾ ਹਾਂ, ਤੁਸੀਂ ਡੇਰਾ ਲਾਓ ।

ਸਾਧੂ:- ਕਾਕਾ ਜ਼ਰਾ ਜਲਦੀ ਸੇ ਆਨਾ ?

ਅਗਰ ਕੋਈ ਖਾਸ ਪ੍ਰਬੰਧ ਨ ਹੋ, ਤੋ ਹਮ ਕਿਸੀ ਔਰ ਨਗਰੀ ਮੇ ਜਾ ਡੇਰਾ ਡਾਲੇਂਗੇ ।

ਨੌ ਜਵਾਨ:-

ਬਾਬਾ ਜੀ ਹੋਰ ਕਿਸੇ ਨਗਰ ਕਿਉਂ ਜਾਣਾ ਹੈ,?

ਏਥੇ ਸਭ ਕੁਝ ਤੁਹਾਨੂੰ ਮੈ ਲਿਆ ਦੇਵਾਂਗਾ ।

ਸਾਡਾ ਪਿੰਡ ਸਾਧਾਂ ਦਾ ਬੜਾ ਸੇਵਕ ਹੈ ।

ਸਾਧੂ:- ਬੇਟਾ, ਆਪਕਾ ਨਾਮ ਕਿਆ ਹੈ ? ਆਪਕੀ ਬਾਤੇ ਮੁਝੇ ਬਹੁਤ ਅਛੀ ਲਗਤੀ ਹੈਂ ।

ਨੌ ਜਵਾਨ:- ਸੰਤ ਜੀ ਮੇਰਾ ਨਾਮ ਸਾਹਿਬੂ ਹੈ ਅਰ ਮੈਂ ਤਰਖਾਣ ਹੁੰਦਾ ਹਾਂ ।

ਨਿਰੰਜਨ ਦਾਸ:-

ਜੀਤੇ ਰਹੋ ਬੇਟਾ, ਅਬ ਜਾਓ, ਜਰਾ ਛੇਤੀ ਆਨਾ ਹੋਗਾ ।

(੩)

ਬਾਬਾ ਜੀ ਹੁਣ ਭੋਜਨ ਪਾਣੀ ਬਾਬਤ ਦਸੋ, ਤੁਹਾਨੂੰ ਕਿਸ ਕਿਸ ਵਸਤੂ ਦੀ ਲੋੜ ਹੈ ?

ਨੌ ਜਵਾਨ ਸਾਹਿਬੂ ਨੇ ਨਿਰੰਜਨ ਦਾਸ ਸਾਧੂ ਨੂੰ ਲਕੜਾਂ ਲਿਆਉਣ ਤੋਂ ਬਾਦ ਪੁਛਿਆ ।

ਨਿਰੰਜਨ ਦਾਸ:-

ਬੇਟਾ ਹਮਾਰੀ ਮੰਡਲੀ ਕੇ ਪੰਚੀਸ ਤੀਸ ਸਾਧੂ ਲੋਗ ਹੈ । ਜਿਨ ਮੇ ੫ ਸਾਧੂ ਕੇਵਲ ਦੂਧਾਧਾਰੀ ਹੈ, ਔਰ ਕੋਈ ਅਨਾਜ ਵਗੈਰਾ ਨਹੀ ਖਾਤੇ । ਔਰ ੮ ਸਾਧੂ ਫਲੋਹਾਰੀ ਹੈ, ਜੋ-ਦੂਧ ਜਾਂ ਅਨਾਜ ਨਹੀ ਲੇਤੇ,ਕੇਵਲ ਕੰਦ ਮੂਲ ਹੀ ਖਾਤੇ ਹੈ । ਬਾਕੀ ਸਭ ਹਮਾਰੇ ਜੇਸੇ ਸਰਬ ਭਖੀ ਹੈਂ,ਅਰਥਾਤਦੂਧ,ਦਹੀ,ਮਖੱਨ,ਫੱਲ, ਔਰ ਪਕਵਾਨ, ਵਗੈਰਾ ਸਭ ਕੁਛ ਹੀ ਖਾ ਲੇਤੇ ਹੈਂ ।

ਸਾਹਿਬੂ- ਫਿਰ ਬਾਬਾ ਜੀ ਦੂਧਾ ਧਾਰੀਆਂ ਵਾਸਤੇ ਦੁਧ ਕਿਤਨਾ ਚਾਹੀਦਾ ਹੈ ।

ਨਿਰੰਜਨ ਦਾਸ:-

ਬੇਟਾ ਕੇਵਲ ੫ ਸੇਰ ਪਕਾ ਦੂਧ ਉਨ ਸਾਧੂਓ ਕੇ ਲੀਏ ਚਾਹੀਏ ?

ਸਾਹਿਬੂ:-

ਫਲੋਹਾਰੀਆਂ ਵਾਸਤੇ ਕਿਹੜੇ ਕਿਹੜੇ ਫੱਲ ਤੇ ਕਿਤਨੇ ਕਿਤਨੇ ਚਾਹੀਦੇ ਹਨ ?

ਨਿਰੰਜਨ ਦਾਸ:-

ਹਾਂ ਬੇਟਾ ਉਨ ਸਾਧੂਓਂ ਕੇ ਲੀਏ ੨ ਦਰਜਨ ਕੇਲੇ ੨ ਦਰਜਨ ਸੰਤਰੇ ੨ ਸੇਰ ਸੇਉ ਵਗੈਰਾ ਕਾਫੀ ਹੈ । ਅਗਰ ਕੁਝ ਬਦਾਮ, ਸੋਂਗੀ ਆਲੂ, ਹੋ ਜਾਵੇਂ ਤੋ ਵੋਹ ਭੀ ਕੁਛ ਲੇਤੇ ਆਨਾ ।

ਸਾਹਿਬੂ:-

ਬਾਬਾ ਜੀ ਆਮ ਲੰਗਰ ਦੀ ਰਸਤ ਵੀ ਦਸ ਦੇਵੋਂ, ਤਾਂ ਕਿ ਸਭ ਕੁਝ ਅਕੱਠਾ ਹੀ ਲਿਆਂਦਾ ਜਾਵੇ ।

ਨਿਰੰਜਨ ਦਾਸ:-

ਦੇਖੋ ਬੇਟਾ ਦੂਸਰਾ ਭੋਜਨ ਤੋ ਔਰ ਭੀ ਕਿਸੀ ਕੋ ਦੇਨਾ ਹੋਤਾ ਹੈ । ਇਸ ਲੀਏ ਪਕਾ ਭੋਜਨ ਤਿਆਰ

ਕਰਨੇਕੇ ਲੀਏ ੫ ਸੇਰ ਘੀ੨ਸੇਰ ਸੂਜੀ ੨ ਸੇਰ ਮੈਦਾ ੮ ਸੇਰ ਖਾਂਡ ੧੦ ਸੇਰ ਚਾਵਲਾਂ ਤੋਂ ਇਲਾਵਾ ਦੂਧ ਔਰ ਬਾਕੀ ਦਾਲ, ਸਬਜੀ, ਵਗੈਰਾ ਭੀ ਕੁਛ ਲੇ ਆਨਾ।

ਰਾਸ਼ਨ ਬਾਸ਼ਨ ਦਾ ਸਾਰਾ ਬਿਓਰਾ ਲੈਕੇ ਸਾਹਿਬੂ ਅਪਨੇ ਕੁਝ ਸਾਥੀਆਂ ਸਮੇਤ ਸ਼ੇਰੋਂ ਨਗਰ ਨੂੰ ਚਲਾ ਗਿਆ।

(੪)

ਸਭ ਸਾਧੂ ਆਪਣੇ ਆਪਣੇ ਨਿਯਮ ਅਨੁਸਾਰ ੪ ਵਜੇ ਤੜਕੇ ਉਠ ਕੇ ਇਸਨਾਨ ਪਾਨ ਕਰਕੇ ਕੋਈ ਨਾਦ ਪੂਰ ਰਹਿਆ ਹੈ, ਕੋਈ ਬਿਭੂਤ ਰਮਾ ਰਹਿਆ ਤੇ ਕੋਈ ਜਟਾਂ ਨੂੰ ਸਵਾਰਦਾ ਹੈ। ਕੋਈ ਪਦਮਾਸਣ, ਕੋਈ ਸਿਧ ਆਸਣ, ਤੇ ਕੋਈ ਬ੍ਰਹਮਾਸਣ, ਲਾਕੇ ਸ਼ਿਵਸਾਸਤ੍ਰ ਦਾ ਪਾਠ ਪੜ੍ਹ ਰਿਹਾ ਹੈ। ਕੋਈ ਸਾਧੂ ਤਾੜੀ ਲਾਈ ਬੈਠਾ ਹੈ। ਧੂਣੇ ਮਗ ਰਹੇ ਹਨ। ਪਿੰਡ ਦੇ ਦਰਸ਼ਕ ਆਕੇ ਸਾਧੂਆਂ ਨੂੰ ਵੇਖ ਰਹੇ ਹਨ। ਕਈ ਮਾਈਆਂ ਬੀਬੀਆਂ ਗੜਵੀਆਂਚ ਦੁਧ,ਕਈ ਬਾਟੀਆਂ ਵਿਚ ਦਹੀਂ ਤੇ ਮਖੱਣ ਰਖਕੇ ਵਖ ਵਖ ਸਾਧਾਂ ਨੂੰ ਬੜੀ ਸ਼ਰਧਾ ਭਾਵਨਾ ਨਾਲਮਥੇ ਟੇਕ ਰਹੀਆਂ ਹਨ।

ਸਵੇਰ ਦੇ ਨਿਤ ਕ੍ਰਮ ਤੋਂ ਵੇਹਲੇ ਹੋ ਕੇ ਸਭ ਸਾਧੂ ਛਕਣ ਛਕਾਉਣ ਦੇ ਆਹਰ ਵਿਚ ਲਗ ਜਾਂਦੇ ਹਨ।

ਦੂਧਾ ਧਾਰੀ ਦੁਧ ਤੇ ਫਲੋਹਾਰੀ ਫਲਾਂ ਦਾ ਸੇਵਨ ਕਰ ਰਹੇ ਹਨ। ਕੋਈ ਭੰਗ ਘੋਟਨ ਤੇ ਕੋਈ ਪੋਸਤ ਮਲਣ ਦਾ ਪ੍ਰਬੰਧ ਕਰ ਰਿਹਾ ਹੈ। ਕੋਈ ਚਿਲਮ ਵਿਚ ਗਾਂਜਾ ਤੇ ਚਰਸ ਪਾਕੇ ਅਗ ਦੀਆਂ ਨੀਲੀਆਂ ਪੀਲੀਆਂ ਲਾਟਾਂ ਕਢ ਰਿਹਾ ਹੈ। ਗਲ ਕੀ ਜਿਵੇਂ ਮੂਹ ਹਨੇਰੇ ਸਾਰੇ ਸਾਧੂ ਆਪੋ ਆਪਣੇ ਨਿਤ ਕ੍ਰਮ ਦਾ ਪ੍ਰਦਰਸ਼ਨ ਕਰਦੇ ਸਨ, ਤਿਵੇਂ ਇਸ ਵਕਤ ਆਪੋ ਆਪਣੇ ਆਹਾਰਾਂ ਤੇ ਅਮਲਾਂ ਦੀ ਵਰਤੋਂ ਦਾ ਪ੍ਰਗਟਾਵਾ ਕਰਦੇ ਨਜ਼ਰ ਆ ਰਹੇ ਸਨ।

ਜਿਥੇ ਪਿੰਡ ਦੇ ਲੋਕ ਇਸ ਸਾਧੂ ਮੰਡਲੀ ਨੂੰ ਵੇਖ ਭਾਂਤ ਭਾਂਤ ਦੀਆਂ ਗਲਾਂ ਕਰਦੇ ਸਨ, ਓਥੇ ਮਿਸਤ੍ਰੀ ਨਿਹਾਲ ਸਿੰਘ ਦਾ ਪੁਤ੍ਰ ਚੜਦੀ ਜਵਾਨੀ ਵਿਚ ਲਸ ਲਸ ਕਰਦਾ, ਬੜੀ ਦਿਲਚਸਪੀ ਨਾਲ ਸਾਧੂ ਮੰਡਲੀ ਵਾਸਤੇ ਰਸਦ ਦਾ ਪ੍ਰਬੰਧ ਕਰਦਾ ਤੇ ਸਮਾ ਮਿਲਣ ਤੇ ਸੰਤ ਨਿਰੰਜਨ ਦਾਸ ਤੇ ਪੁਰਸ਼ੋਤਮ ਦਾਸ ਆਦਿ ਸਾਧੂਆਂ ਕੋਲ ਬੈਠਦਾ, ਸਾਧੂਆ ਦੀਆਂ ਗਲਾਂ ਬਾਤਾਂ ਸੁਣਦਾ ਹੈ। ਅਰ ਇਸਤਰਾਂ ਸਾਹਿਬੂ ਦੇ ਪ੍ਰਬੰਧ ਤੇ ਨਗਰ ਨਿਵਾਸੀਆਂ ਦੀ ਸੇਵਾ ਦੇ ਕਾਰਨ ਇਕ ਹਫਤਾ ਸਾਧੂਆਂ ਦੀ ਮੰਡਲੀ ਇਸ ਢਾਬ ਦੇ ਕਿਨਾਰੇ (ਬੰਗਾਲੀਪੁਰ) ਬੈਠੀ ਰਹੀ।

(੫)

ਕਾਕਾ! ਹਮਾਰੀ ਸਾਧ ਮੰਡਲੀ ਤੁਮਾਰੇ ਊਪਰ ਬਹੁਤ ਪ੍ਰਸੰਨ ਹੈ, ਤੁਮ ਲੋਕ ਬਹੁਤ ਅੱਛੇ ਪ੍ਰਤੀਤ ਹੋਤੇ ਹੋ,

ਸਾਧੂ ਲੋਗੋਂ ਕੀ ਤੁਮਨੇ ਬਹੁਤ ਸਰਧਾ ਸੇ ਸੇਵਾ ਕੀ ਹੈ। ਤੁਮਾਰੇ ਗੁਣ ਸੁਭਾਵ ਕੋ ਦੇਖ ਕਰ ਹਮ ਤੁਮ ਸੇ ਏਕ ਬਾਤ ਕਰਨਾ ਚਾਹਤੇ ਹੈ?

ਸਾਧੂ ਨਿਰੰਜਨ ਦਾਸ ਤੇ ਪੁਰਸ਼ੋਤਮ ਦਾਸ ਨੇ ਇਕ ਦਿਨ ਸਾਹਿਬੂ ਨੂੰ ਅਪਨੇ ਪਾਸ ਬੜੀ ਭਾਵਨਾ ਨਾਲ ਬੈਠਿਆਂ ਵੇਖਕੇ ਉਪ੍ਰੋਕਤ ਕਿਸਮ ਦੀਆਂ ਪਿਆਰ ਭਰੀਆ ਗਲਾਂ ਕੀਤੀਆਂ।

ਸਾਹਿਬੂ:–

ਸੰਤ ਜੀ ਚੰਗਾ ਨਾਮ ਤੇ ਰਬ ਦਾ ਹੈ, ਮੈਂ ਚੰਗਾ ਕੀ ਹੋਣਾ ਹੈ। ਲੋਕ ਤੁਹਾਡੇ ਵਾਸਤੇ ਚੀਜਾਂ ਦਿੰਦੇ ਨੇ ਤੇ ਮੈ ਉਹ ਲਿਆਕੇ ਤੁਹਾਨੂੰ ਦੇ ਛਡਦਾ ਹਾਂ। ਇਹ ਚੀਜਾਂ ਕਿਹੜੀਆਂ ਮੈਂ ਸਾਰੀਆਂ ਘਰੋਂ ਹੀ ਲਿਆਂਉਦਾ ਹਾਂ।

ਇਹ ਵੀ ਬੜੇ ਭਾਗਾਂ ਵਾਲੀ ਗਲ ਹੈ ਕਿ ਪਿੰਡ ਵਿਚ ਆਈ ਸਾਧੂ ਮੰਡਲੀ ਸਾਡਾ ਰੁਖਾ ਮਿਸਾ ਅੰਨ ਖਾਕੇ ਪ੍ਰਸੰਨ ਰਹੀ ਹੈ। ਸਾਡੇ ਪੇਂਡੂ ਲੋਕਾਂ ਕੋਲੋਂ ਸ਼ਹਿਰੀਆਂ ਵਰਗੀ ਸੇਵਾ ਕਿਥੇ ਹੁੰਦੀ ਹੈ। ਬਾਬਾ ਜੀ ਮੈਂ ਤੁਹਾਡੇ ਕੋਲੋਂ ਇਕ ਗਲ ਪੁਛਣਾ ਚਾਂਹਦਾ ਹਾਂ।

ਸਾਹਿਬੂ ਨੇ ਬੜੀ ਸਿਆਣਪ ਤੇ ਨ੍ਰਿਮਤਾ ਨਾਲ ਸਾਧੂਆਂ ਨੂੰ ਜਵਾਬ ਦਿਤਾ।

ਸਾਧੂ:–

ਹਾਂ ਹਾਂ ਬੇਟਾ ਤੁਮਰੇ ਮਨ ਮੇ ਜੋ ਬਾਤ ਪੂਛਨੇ ਕੀ

ਇਛਾ ਹੈ ਖੁਸ਼ੀ ਸੇ ਪੂਛੋ

ਸਾਹਿਬੁ–

ਬਾਬਾ ਜੀ ! ਮੇਰਾ ਮਨ ਘਰ ਦੇ ਵਿਹਾਰਾਂ ਤੋਂ ਉਚਾਟ ਜਿਹਾ ਰਹਿੰਦਾ ਹੈ ?

ਘਰ ਵਿਚ ਖਾਣ ਪੀਣ ਦੀ ਵੀ ਕੋਈ ਕਮੀ ਨਹੀ ਮੈ ਇਕੋ ਸਾਹੇ ੪–੪ ਸੇਰ ਦੁਧ ਪੀ ਜਾਂਦਾ ਹਾਂ ਸੇਰ ਪਕਾ ਘਿਓ ਮੈ ਪਾਣੀ ਵਾਂਗ ਇਕੋ ਡੀਕੇ ਪੀਕੇ ਡਕਾਰ ਛਡਦਾ ਹਾਂ । ਕਸਰਤ ਵਸਰਤ ਭੀ ਕਰੀ ਦੀ ਹੈ, ਮੈ ਤੇ ਮੇਰਾ ਭਰਾ ਹੀਰਾ ਸਿੰਘ ਦੋਵੇ ਜਣੇ ੨੮ ਮਣ ਕਚਾ ਬਣਿਆ ਹੋਇਆ ਕੜਾਹ (ਵਿਆਹ ਸ਼ਾਦੀਆਂ ਸਮੇ) ਕੜਾਹੇ ਦੇ ਕੁੰਡਿਆਂ ਤੋਂ ਫੜਕੇ ਸਹਿਜ ਸੁਭਾਵਨਾਲ ਹੀ ਲਾਹ ਘਤਦੇ ਹਾਂ ।

ਹੋਰ ਭੀ ਜਟਕੇ ਕੰਮਾਂ ਵਿਚ ਮੈਨੂੰ ਕਦੇ ਅਕੇਵਾਂ ਥਕੇਵਾਂ ਨਹੀ ਹੁੰਦਾ ।

ਮਾਂ ਪਿਓ ਵੀ ਬੜਾ ਪਿਆਰ ਕਰਦੇ ਹਨ ।ਜਿਨਾਂ ਦਿਲ ਕਰੇ ਕੰਮ ਕਰਾਂ, ਮੈਨੂੰ ਕਦੇ ਭਰਾ ਨੇ ਜਾਂ ਮਾਂ ਪਿਓ ਨੇ ਜੋਰ ਦੇਕੇ ਕੰਮ ਕਰਨ ਨੂੰ ਨਹੀਂ ਆਖਿਆ।

ਮੇਰੇ ਵਿਆਹ ਦੀਆਂ ਗਲਾਂ ਬਾਤਾਂ ਵੀ ਹੋ ਰਹੀਆਂ ਹਨ, ਪਰ ਫਿਰ ਵੀ ਮੇਰਾ ਦਿਲ ਘਰ ਵਲੋਂ ਬੜਾ ਉਦਾਸ ਜਿਹਾ ਰਹਿੰਦਾ ਹੈ ?

ਨਿਰੰਜਨ ਦਾਸ:–

ਬੇਟਾ ! ਜੋ ਬਾਤ ਹਮ ਤੁਮਕੋ ਕਹਿਨਾ ਚਾਹਤੇ ਥੇ ਵੋਹ ਤੁਮ ਨੇ ਆਪ ਹੀ ਹਮਸੇ ਕਰ ਦੀ ਹੈ ।

ਹਮ ਚਾਹਤੇ ਥੇ, ਕਿ ਹਮ ਤੁਮ ਕੋ ਆਪਣੇ ਸਾਥ ਰਹਿਨੇ ਕੇ ਲੀਏ ਕਹੇਂ ? ਕਿਉਂਕਿ ਤੁਮ ਕੀ ਬ੍ਰਿਤੀ ਹਮ ਕੋ ਬਹੁਤ ਅਛੀ ਲਗਤੀ ਹੈ । ਅਗਰ ਆਪ ਕਾ ਦਿਲ ਘਰ ਮੇ ਉਦਾਸ ਰਹਿਤਾ ਹੈ, ਤੋ ਇਸਕਾ ਮਤਲਬ ਹੈ, ਕਿ ਤੁਮ ਹਮਾਰੀ ਇਛਾ ਕੋ ਜਰੂਰ ਪੂਰੀ ਕਰ ਸਕਤੇ ਹੋ । ਮੁਝੇ ਤੁਮਕੋ ਲਿਜਾਨੇ ਕੇ ਲੀਏ ਘਰ ਵਗੈਰਾ ਕੇ ਛੋੜਨੇ ਕਾ ਜਿਆਦਾ ਗਿਆਨ ਨਹੀ ਕਰਨਾ ਪੜੇਗਾ । ਯਹ ਗਿਆਨ ਤੁਮਕੋ ਈਸ਼ਵਰ ਨੇ ਖੁਦ ਹੀ ਦੇ ਰਖਾ ਹੈ ।

ਬੇਟਾ ਘਬਰਾਨੇ ਕੀ ਕੋਈ ਬਾਤ ਨਹੀ ?

ਹਮਾਰੀ ਮੰਡਲੀ ਮੇ ਆ ਜਾਈਏ । ਹਮ ਹਰਤਰਾਂ ਸੇ ਆਪ ਕੋ ਅਨੰਦ ਪ੍ਰਸੰਨ ਰਖਾਂਗੇ ।

ਔਰ ਆਪਣੀ ਜਗਾ ਮੇਂ ਤੁਮ ਕੋ ਮੰਡਲੀ ਕਾ ਮੰਡਲੇਸ਼ਵਰ ਭੀ ਬਣਾ ਦੇਂਗੇ ।

ਤੁਮ ਕਿਸੀ ਬਾਤ ਕਾ ਮਤ ਫਿਕਰ ਕਰੋ ।

ਔਰ ਮੰਡਲੀ ਮੇ ਆਕਰ ਅਪਨਾ ਅਸਥਾਨ ਗ੍ਰਹਿਣ ਕਰੋ । ਹਮ ਤੁਮਕੋ ਏਕ ਦਮ ਦਿਗੰਬਰ (ਨਾਗੇ) ਹੋਨੇ ਕੇ ਲੀਏ ਭੀ ਮਜਬੂਰ ਨਹੀ ਕਰੇਂਗੇ ।

੬

ਮਾਤਾ ਜੀ ਮੇਰਾ ਘਰ ਰਹਿਣ ਨੂੰ ਜੀਅ ਨਹੀ ਕਰਦਾ ਤੇ ਹਰ ਵੇਲੇ ਦਿਲ ਕਰਦਾ ਰਹਿੰਦਾ ਹੈ ਕਿ ਕਿਧਰੇ ਬਾਹਰ ਨੂੰ ਤੁਰ ਜਾਵਾਂ ?

ਨੌ ਜਵਾਨ ਨੇ ਸਾਧੂ ਮੰਡਲੀ ਵਿਚੋਂ ਆਣਕੇ ਇਕ ਦਿਨ ਆਪਨੀ ਮਾਤਾ ਨੂੰ ਬੜੀ ਗੰਭੀਰਤਾ ਨਾਲ ਆਖਿਆ ।

ਮਾਤਾ ਜੀ:–

ਪੁਤ੍ਰ ਜੇ ਘਰ ਰਹਿਣ ਨੂੰ ਦਿਲ ਨਹੀ ਕਰਦਾ ਤਾਂ ਸਾਰੇ ਸਾਡੇ ਟਬਰਾਂ ਦੇ ਲੋਕ ਕਿਰਤ ਵਿਹਾਰ ਕਟਨ ਨੂੰ ਦੂਰ ਨੇੜੇ ਸ਼ਹਿਰਾਂ ਵਿਚ ਜਾਂਦੇ ਹੀ ਰਹਿੰਦੇ ਹਨ । ਤੂੰ ਭੀ ਅੰਮ੍ਰਿਤਸਰ ਲਾਹੌਰ, ਪਸ਼ੌਰ, ਕੋਟੇ, ਰਾਵਲ ਪਿੰਡੀ, ਦਿਲੀ, ਕਿਸੇ ਸਹਿਰ ਚਲਾ ਜਾਹ, ਤੇ ਜਾਕੇ ਕਿਸੇ ਨਾਲ ਰਲਕੇ ਵਿਹਾਰ ਕਰ । ਪੁਤ੍ਰ ਹੁਣ ਤੂੰ ਜਵਾਨ ਜਹਾਨ ਹੈਂ । ਜੇ ਘਰ ਵਾਹੀ ਜੋਤੀ ਜਾਂ ਸੇਪ ਸਿਆਪੇ ਦਾ ਕੰਮ ਨਹੀਂ ਕਰਨਾ ਤਾਂ ਬਾਹਰ ਜਾਕੇ ਕੋਈ ਰਾਜ ਗਿਰੀ ਜਾਂ ਠੇਕੇਦਾਰੀ ਦਾ ਕੰਮ ਕਰਲੈ ?

ਸਾਹਿਬੁ:–

ਏਥੇ ਇਹਨਾਂ ਘਰਦੇ ਕੰਮਾਂ ਵਲ ਤਾਂ ਮੇਰਾਵਢਿਆ ਰੂਹ ਨਹੀਓਂ ਕਰਦਾ ਜੇ ਇਹ ਕੰਮ ਕਰਨਾ ਹੋਵੇ ਤਾਂ ਬਾਹਰ ਜਾਣ ਦੀ ਕੀਹ ਲੋੜ ਹੈ ? ਘਰ ਹੀ ਕੰਮ ਬਥੇਰਾ ਹੈ । ਨ ਕਿਸੇ ਦੀ ਹਕੂਮਤ ਨ ਕੋਈ ਖਾਣ ਪੀਣ ਦਾ ਫਿਕਰ । ਪਰਦੇਸ ਵਿਚ ਰਹਿਣਾ ਜਾਂ ਕੰਮ ਕਰਨਾ ਕੇਹੜਾ ਸੌਖਾ ਹੈ । ਮੇਰਾ ਤਾਂ ਦਿਲ ਉਂਝ ਹੀ ਸਾਰੇ ਲਟਾਕੇ ਛਡਕੇ ਸਾਧ ਬਣ ਜਾਣ ਨੂੰ ਕਰਦਾ ਹੈ? ਤੇ ਘਰ ਦੇ ਕੰਮ ਮੈਨੂੰ ਉਕੇ ਹੀ ਚੰਗੇ ਨਹੀ ਲਗਦੇ ?

ਮਾਤਾ ਜੀ:–

ਮੈਂ ਸਦਕੇ ਪੁਤ੍ਰ ਸਾਹਿਬੂ, ਤੈਨੂੰ ਕਿਸੇ ਸਾਧ ਨੇ ਕੋਈ ਪੁਠੀ ਪਟੀ ਤੇ ਨਹੀ ਪੜ੍ਹਾ ਦਿਤੀ, ਜਿਹੜੇ ਸਾਧ ਆਪ ਘਰਾਂ ਵਿਚੋਂ ਨਿਕਲੇ ਹੋਏ ਹਨ। ਉਹ ਲੋਕਾਂ ਨੂੰ ਭੀ ਏਹੋ ਮਤ ਹੀ ਦਿੰਦੇ ਹਨ। ਪਰ ਪੁਤਰਾ ਇਹ ਭੀ ਕੋਈ ਕੰਮ ਹੈ? ਘਰ ਛਡਕੇ ਉਜਾੜਾਂ ਵਿਚ ਬਹਿਣਾ ਮੰਜੇ ਬਿਸਤਰੇ ਛਡਕੇ ਭੁੰਜੇ ਹਡ ਰਗੜਨੇ? ਮੰਗ ਮੰਗ ਕੇ ਖਾਣਾ ਗਲੀਆਂ ਵਿਚ ਕੁਤੇ ਭੁਕਾਉਣੇ?

ਪੁਤਰਾ ਸਾਧ ਹੋਣਾ ਵੀ ਕੋਈ ਕੰਮ ਹੈ? ਜਿਉਂਦਿਆਂ ਹੀ ਮਰਜਾਣਾ?

ਰਬ ਨੇ ਮਾਂ, ਪਿਓ, ਭੈਣ, ਭਰਾ, ਅੰਗ, ਸਾਕ, ਤ ਦੁਧ, ਘਿਓ, ਤੇ ਹੋਰ ਛਤੀ ਪਦਾਰਥ, ਘਰ ਦਿਤੇ ਹੋਏ ਹਨ, ਸਾਨੂੰ ਕੀ ਲੋੜ ਹੈ, ਦਰ ਦਰ ਧਕੇ ਖਾਣ ਦੀ ਤੇ ਸਿਰ ਵਿਚ ਸੁਆਹ ਪਾਉਣ ਦੀ?

ਸਾਹਿਬੂ:–

ਮਾਂ ਜੀ ਮੈਂ ਵੀ ਹੈਰਾਨ ਹਾਂ ਕਿ ਘਰ ਵਿਚ ਇਤਨਾ ਜੋ ਸੁਖ ਬਣਿਆ ਹੋਇਆ ਹੈ–ਬਾਹਰ ਇਸਤਰਾਂ ਦਾ ਕਿਧਰੇ ਸੁਖ ਨਹੀ ਲਭਣਾ, ਦੁਖ ਭਾਂਵੇ ਲਭ ਜਾਂਣ। ਸਗੋਂ ਮੈਨੂੰ ਇਹ ਵੀ ਪਤਾ ਲਗਦਾ ਹੈ ਕਿ ਮੇਰਾ ਘਰੋਂ ਨਿਕਲਣਾ ਹਮੇਸਾਂ ਵਾਸਤੇ ਹੀ ਬੇ–ਘਰ ਹੋ ਜਾਣਾ ਹੈ। ਪਰ ਮੈਨੂੰ ਸਮਝ ਨਹੀ ਆਉਂਦੀ ਕਿ ਸਾਰਾ ਕੁਝ ਜਾਣਦਾ ਤੇ ਸਮਝਦਾ ਹੋਇਆ ਭੀ ਮੈ ਚਾਹੁੰਦਾ ਹਾਂ ਇਕ ਦਮ ਘਰੋਂ ਤੇ ਪਿੰਡੋਂ ਜੰਗਲਾਂ ਨੂੰ ਤੁਰ ਜਾਵਾਂ–ਮੇਰੇ ਅੰਦਰੋਂ ਪ੍ਰਵਾਰ ਤੇ ਘਰ ਦਾ ਮੋਹ ਪਤਾ ਨਹੀ ਕਿਹੜੇ ਪਾਸੇ ਖੰਭ ਲਾਕੇ ਉਡ ਗਿਆ ਹੈ।

ਬਾਪੂ ਨਿਹਾਲ ਸਿੰਘ ਵੀ ਇਤਨੇ ਚਿਰ ਨੂੰ ਘਰ ਆ ਜਾਂਦਾ ਹੈ। ਉਨਾਂ ਨੂੰ ਆਇਆਂ ਨੂੰ ਵੇਖਕੇ ਮਾਤਾ ਜੀ ਰੋਣ ਲਗ ਪਈ! ਸਾਹਿਬੂ ਦੇ ਪਾਸ ਉਸਦੀ ਮਾਤਾ ਨੂੰ ਰੋਂਦੀ ਵੇਖਕੇ ਬਾਪੂ ਨੇ ਬੜੇ ਠਰ੍ਹੰਮੇ ਨਾਲ ਆ ਕੇ ਪੁਛਿਆ। ਧੰਨੀਏ ਕੀ ਗਲ ਹੈ? ਸੁਖ ਤਾਂ ਹੈ। ਮੁੰਡੇ ਦੇ ਕੋਲ ਬੈਠਕੇ ਰੋ ਰਹੀ, ਏਂ?

ਧੰਨੀ ਮਾਈ:–

ਹੀਰੇ ਦਾ ਭਾਈਆ ਮੈਨੂੰ ਕੀ ਪੁਛਦਾ ਹੈ? ਆਪਣੇ ਸਾਹਿਬੂਨੂੰ ਹੀ ਪੁਛ ਇਹ ਕੀ ਆਖਦਾ ਹਈ?

ਬਾਪੂ:–

ਕਿਉਂ ਸਾਹਿਬੂ ਕੀ ਹੋਇਐ, ਕੁਝ ਮੈਨੂੰ ਵੀ ਪਤਾ ਤਾਂ ਲਗੇ? ਕਿਸੇ ਨਾਲ ਕੋਈ ਲੜਾਈ ਝਗੜਾ ਤੇ ਨਹੀ ਹੋ ਗਿਆ ਕਿਧਰੇ?

ਸਾਹਿਬੂ:–

ਨਹੀ ਬਾਪੂ ਜੀ ਮੈਂ ਬੇਬੇ ਨੂੰ ਆਖਿਆ ਹੈ ਕਿ ਮੇਰਾ ਹੁਣ ਘਰ ਵਿਚ ਜੀਅ ਨਹੀ ਲਗਦਾ। ਤੇ ਇਹ ਆਖਦੀ ਸੀ ਕਿ ਕਿਸੇ ਸਹਿਰ ਵਿਚ ਚਲਾ ਜਾਹ ਤੇ ਓਥੇ ਕੰਮ ਕਰ। ਪਰ ਮੈਂ ਦਸਿਆ ਹੈ, ਕਿ ਮੇਰਾ ਘਰ ਦਾ ਕੰਮ ਕਰਨ ਵੀ ਉਕਾ ਦਿਲ ਨਹੀਂ ਕਰਦਾ। ਤੇ ਸਗੋਂ ਬਾਹਰ ਜੰਗਲਾਂ ਵਿਚ ਤੁਰ ਜਾਣ ਨੂੰ ਦਿਲ ਕਰਦਾ ਹੈ। ਏਸੇ ਗਲ ਤੋਂ ਬੇਬੇ ਤੁਹਾਨੂੰ ਵੇਖਕੇ ਰੋਣ ਲਗ ਪਈ ਹੈ।

ਲੜਾਈ ਝਗੜੇ ਵਾਲੀ ਕੋਈ ਗਲ ਨਹੀ ਹੋਈ, ਨਾ ਕਿਸੇ ਨੇ ਹੋਰ ਕੁਝ ਆਖਿਆ ਹੀ ਹੈ?

ਬਾਪੂ:–

ਪੁਤ੍ਰਾ ਮਾਂ ਪਿਓ ਵਾਸਤੇ ਇਸ ਤੋਂ ਵਧ ਹੋਰ ਦੁਖ ਕੀ ਹੋ ਸਕਦਾ ਹੈ, ਕਿ ਜਵਾਨ ਤੇ ਖਟਨ ਕਮਾਉਣ ਵਾਲਾ ਪੁਤਰ, ਬਿਨਾ ਕਿਸੇ ਦੁਖ ਤਕਲੀਫ ਦੇ ਹੀ ਮਾਪਿਆਂ ਨੂੰ ਆਖੇ ਮੇਰਾ ਘਰ ਦਾ ਕੰਮ ਕਰਨ ਨੂੰ ਦਿਲ ਨਹੀ ਕਰਦਾ, ਤੇ ਮੈਂ ਜੰਗਲਾਂ ਨੂੰ ਤੁਰ ਜਾਣਾ ਹੈ। ਪੁਤਰਾ ਅਪਨੇ ਪੁਤਰਾਂ ਦੇ ਵਿਜੋਗ ਵਿਚ ਮਾਵਾਂ ਅੰਨੀਆਂ ਹੋ ਜਾਇਆ ਕਰਦੀਆਂ, ਤੇ ਪਿਓ ਸ਼ੁਦਾਬੀ ਹੋ ਜਾਂਦੇ ਹਨ। ਤੇਰੇ ਵਾਸਤੇ ਤਾਂ ਇਹ ਗਲ ਮਮੂਲੀ ਹੈ। ਪਰ ਜਿਸ ਮਾਂ ਪਿਓ ਨੇ ਕਈਤਰਾਂ ਦੇ ਜ਼ਫਰ ਜਾਲਕੇ ਪੁਤ੍ਰਾਂ ਨੂੰ ਜੰਮਿਆਂ ਪਾਲਿਆ ਤੇ ਵਰ ਪ੍ਰਾਪਤ ਕੀਤਾ ਹੁੰਦਾ ਹੈ, ਤੇ ਜਦ ਉਹ ਪੁਤ੍ਰ ਮਾਪਿਆਂ ਦੀ ਸੇਵਾ ਕਰਨ ਤੇ ਸੁਖ ਦੇ ਵੇਲੇ ਜੰਗਲਾਂ ਨੂੰ ਤੁਰ ਜਾਣ ਜਾਂ .... ਜਾਣ ਤਾਂ ਮਾਪਿਆਂ ਦੇ ਪਲੇ ਕੀ ਰਹਿ ਜਾਂਦਾ ਹੈ। ਸਾਹਿਬੂ, ਮੈਂ ਕਈਆਂ ਦਿਨਾਂ ਤੋਂ ਤੈਨੂੰ ਬਾਹਰ ਬੈਠੇ ਨਾਗਿਆਂ ਸਾਧਾਂ ਦੀ ਬੈਹਣੀ ਬੈਠਾ ਵੇਖਦਾ ਸਾਂ। ਮੈਂ ਆਂਹਦਾ ਸਾਂ, ਰਬ ਖੈਰ ਕਰੇ? ਮੁੰਡਾ ਸਾਧਾਂ ਦੇ ਕੋਲ ਬੜਾ ਜਾਂਦਾ ਆਉਂਦਾ ਹੈ,

ਕਿਧਰੇ ਇਸਨੂੰ ਵੀ ਚਾਟੇ ਨਾ ਲਾ ਲੈਣ? ਸੋ ਉਹੋ ਗਲ ਹੋਈ?

"ਜਿਨਾਂ ਢਾਹੇ ਆਪਣੇ ਫੂਕ ਦੇਣ ਪਰਾਏ"

ਏਹ ਸਾਧ ਜੋ ਆਪਣੇ ਘਰ ਘਾਟ ਤਾਂ ਸਾੜ ਫੂਕ ਆਏ ਹਨ, ਇਨਾਂ ਨੂੰ ਕਿਸੇ ਹੋਰ ਨਾਲ ਕੀਹ?

ਹਥ ਠੂਠਾ ਤੇ ਦੇਸ਼ ਮੋਕਲਾ

ਕਾਕਾ! ਕੁਝ ਅਕਲ ਤੋਂ ਕੰਮ ਲੈ,ਸਾਡੇ(ਮਾਂ ਪਿਓਦੇ) ਹਡ ਨ ਰੋਲ? ਤਕੜੇ ਹੋ ਕੇ ਆਪਣੇ ਭਰਾਵਾਂ(ਹੀਰਾ ਸਿੰਘ ਤੇ ਰੂੜ ਸਿੰਘ) ਨਾਲ ਕੰਮ ਧੰਦਾ ਕਰ, ਐਂਵੇ ਸਾਧਾਂ ਦੀ ਚੁਕ ਤੇ ਨਹੀ ਲਗ ਜਾਈਦਾ।

ਸਾਹਿਬੂ:–

ਭਈਆ ਜੀ ਧਰਮ ਨਾਲ ਮੈਨੂੰ ਕਿਸੇ ਸਾਧ ਨੇ ਕੁਝ ਨਹੀ ਆਖਿਆ, ਸਗੋ ਮੈਂ ਸਾਧਾਂ ਨੂੰ ਆਖਿਆ ਹੈ, ਕਿ ਮੇਰਾ ਘਰ ਰਹਿਣ ਤੇ ਘਰ ਦੇ ਕੰਮ ਕਰਨ ਨੂੰ ਉਕਾ ਦਿਲ ਨਹੀ ਕਰਦਾ। ਉਹ ਤਾਂ ਆਖਦੇ ਸਨ, ਕਿ ਮਾਂ ਪਿਓ ਦੀ ਸੇਵਾ ਕਰਿਆ ਕਰ। ਪਰ ਮੇਰੇ ਅੰਦਰੋ ਘਰ ਤੇ ਵਿਹਾਰ ਦਾ ਮੋਹ ਪਤਾ ਨਹੀਂ ਕਿਥੇ ਫੰਘ ਲਾਕੇ ਉਡ ਗਿਆ ਹੈ।

ਏਹ ਮੇਰੇ ਵਸ ਦੀ ਗਲ ਨਹੀ, ਮੇਰਾ ਅੰਨ ਜਲ ਹੀ ਘਰੋਂ ਚੁਕਿਆ ਗਿਆ ਹੈ। ਮੈਨੂੰ ਹੁਣ ਤੁਸੀ ਜਿਆਦਾ ਮਜਬੂਰ ਨ ਕਰੋ। ਹੋ ਸਕਦਾ ਹੈ ਕਿ ਬਾਹਰ ਦੇ ਦੁਖਾਂ ਤਕਲੀਫਾਂ ਤੋਂ ਤੰਗ ਹੋਕੇ ਮੈਂ ਜਲਦੀ ਹੀ ਘਰ ਪਰਤ ਆਵਾਂ ਮੈਂ ਘਰੋਂ ਕੋਈ ਨਾਰਾਜ ਹੋਕੇ ਜਾਂ ਕਿਸੇ ਗਲੋਂ ਦੁਖੀ ਹੋਕੇ ਤਾਂ ਜਾ ਨਹੀਂ ਰਿਹਾ? ਸਗੋਂ ਤੁਹਾਥੋਂ ਬਦੋਬਦੀ ਜਾ ਰਿਹਾ ਹਾਂ। ਜਿਵੇ ਏਥੇ ਜੀਅ ਨ ਲਗਣ ਕਰਕੇ ਸਾਧਾਂ ਕੋਲ ਜਾ ਰਿਹਾ ਹਾਂ। ਸਾਧਾਂ ਵਲੋਂ ਦਿਲ ਉਦਾਸ ਹੋਣ ਤੇ ਮੈਂ ਘਰ ਆ ਜਾਵਾਂਗਾ? ਬਾਪੂ ਜੀ ਤੇ ਬੇਬੇ ਜੀ ਤੁਸੀ ਕੋਈ ਚਿੰਤਾ ਨ ਕਰੋ, ਮੈ ਤੁਹਾਡਾ ਹੀ ਹਾਂ ਤੇ ਤੁਹਾਡਾ ਹੀ ਰਹਾਂਗਾ। ਪਰ ਇਸ ਵਕਤ ਮੇਰਾ ਦਿਲ ਘਰੋਂ ਉਚਾਟ ਹੋ ਚੁਕਾ ਹੈ, ਅਜ ਮੈਨੂੰ ਘਰ ਰਹਿਣ ਜਾਂ ਘਰ ਦਾ ਵਿਹਾਰ ਕਰਨ ਅਥਵਾ ਵਿਆਹ ਸ਼ਾਦੀ ਵਾਲੀ ਕੋਈ ਗਲ ਨ ਆਖੋ। ਤੇ ਮੈਨੂੰ ਓਵੇਂ ਹੀ ਸਾਧੂ ਬਣਨ ਲਈ ਘਰੋਂ ਤੋਰੋ ਜਿਵੇਂ ਆਖਦੇ ਹਨ, ਧਰੂਅ ਦੀ ਮਾਤਾ ਤੇ ਬਾਬੇ ਫਰੀਦ ਦੀ ਮਾਤਾ ਅਥਵਾ ਗੋਪੀ ਚੰਦ ਰਾਜੇ ਦੀ ਮਾਂ ਨੇ ਅਪਣੇ ਪੁਤਰਾਂ ਨੂੰ ਜੰਗਲਾਂ ਤੇ ਸਾਧਾਂ ਵਲ ਤੋਰਿਆ ਸੀ।

ਮਾਤਾ:–

ਪੁਤ ਜਾਹ! ਪੁਤ੍ਰਾ! ਮੈਨੂੰ ਤੇਰੀ ਠੰਢੀ ਹਵਾ ਆਵੇ।

ਬਾਪੂ:–

ਪੁਤਰਾ ਜੇ ਤੂੰ ਏਵੇਂ ਹੀ ਕਰਨਾ ਹੈ, ਤਾਂ ਰਾਜੀ ਰਹੁ ਜਿਹੜੇ ਸਾਧਾ ਕੋਲ ਤੂੰ ਜਾਣਾ ਹੈ,ਉਹ ਵੀ ਤਾਂ ਆਖਰ ਕਿਸੇ ਦੇ ਜਣੇ ਹੋਏ ਹੀ ਹਨ?

ਜਿਥੇ ਉਨਾਂ ਦੇ ਮਾਪੇ ਜੀਉਂਦੇ ਹੋਣਗੇ–ਓਥੇ ਅਸੀ ਭੀ ਜਿਤਨਾ ਚਿਰ ਜਿੰਦਗੀ ਹੈ, ਜੀਉਂਦੇ ਰਹਾਂਗੇ।

ਤੂੰ ਰਾਜੀ ਰਹੁ–ਸਾਡੀ ਖੈਰ ਹੈ?

(੭)

ਓਅੰ ਸ਼ਿਵਾਏ ਨਮਹ।
ਓਅੰ ਸ਼ਿਵਾਏ ਨਮਹ।
ਓਅੰ ਸ਼ਿਵਾਏ ਨਮਹ।
ਓਅੰ ਸ਼ਿਵਾਏ ਨਮਹ।
ਓਅੰ ਸ਼ਿਵਾਏ ਨਮਹ।

ਬੰਗਾਲੀਪੁਰ ਨਾਂਗੇ ਸਾਧੂਆਂ ਦੀ ਮੰਡਲੀ ਵਿਚ ਸਾਧੂ ਪੁਰਸ਼ੋਤਮ ਦਾਸ ਇਸ ਨਗਰ ਦੇ ਨੌ ਜਵਾਨ ਸਾਹਿਬੂ ਨੂੰ ਉਸ ਦੇ ਆਖਣ ਤੇ ਅਪਨੀ ਰੀਤੀ ਅਨੁਸਾਰ ਕੁਪੀਨ ਧਾਰਨ ਕਰਵਾਕੇ, ਮੂੰਹ ਤੇ ਬਿਭੂਤੀ ਰਮਾਕੇ, ਕਸਾਂ ਦੀਆਂ ਜੜਾਵਾਂ ਗੁੰਦ, ਮਥੇ ਤੇ ਸਧੂਰ ਦਾ ਟਿਕਾ ਲਾ, ਕੰਨਾਂ ਨੂੰ ਮੁੰਦਰਾਂ ਛੁਹਾ ਕੇ, ਕੰਨ ਵਿਚ ਗੁਰ ਦੀਖਿਆ ਦੇ ਰਿਹਾ ਹੈ। ਪਿੰਡ ਦੇ ਬਹੁਤ ਸਾਰੇ ਲੋਕ ਇਸ ਦ੍ਰਿਸ਼ਜ ਨੂੰ ਵੇਖ ਰਹੇ ਹਨ,। ਨਗਰਦੀਆਂ ਬ੍ਰਿਧ ਮਾਈਆਂ ਨਵੇਂ ਬਣੇ ਸਾਧੂ ਨੂੰ ਨਾਰੀਅਲ,ਗਰੀ ਦੇ ਜੁਟ, ਸਗਨ ਵਜੋਂ ਦੇ ਰਹੀਆਂ ਤੇ ਸਿਰਵਾਰਨੇ ਕਰ ਰਹੀਆਂ ਹਨ। ਕੱਲ ਦੇ ਸਾਹਿਬੂ ਦਾ ਨਾਮ ਅੱਜ ਸਾਹਿਬ ਦਾਸ ਰਖਿਆ ਗਿਆ ਹੈ। ਇਸਦੇ ਮਾਤਾ ਪਿਤਾ ਤੇ ਭਰਾ ਇਹ ਸਾਰਾ ਕੁਝ ਵੇਖ ਕੇ ਮਨ ਹੀ ਮਨ ਵਿਚ ਪ੍ਰੇਸ਼ਾਨ ਤੇ ਹੈਰਾਨ ਹੋ ਰਹੇ ਹਨ। ਪਰ ਅਪਨਾ ਕੋਈ ਚਾਰਾ ਨ ਚਲਦਾ ਵੇਖਕੇ ਘਰ ਵਿਚੋਂ ਬਾਹਰ ਨਹੀਂ ਨਿਕਲਦੇ।

ਇਤਨੇ ਨੂੰ ਕਿਸੇ ਗਵਾਢਣ ਨੇ ਆਕੇ ਮਾਈ

ਧਨੋ ਤੇ ਬਾਪੂ ਨਿਹਾਲ ਸਿੰਘ ਨੂੰ ਸੰਬੋਧਨ ਕਰਦਿਆਂ ਦਸਿਆ, ਆਏ! ਹਾਏ !! ਔਤਰੇ ਸਾਧ ਸਾਹਿਬੂ ਦੇ ਮੂੰਹ ਨੂੰ ਸਵਾਹ ਮਲਕੇ ਨਾਲ ਹੀ ਲੈ ਗਏ ਹਨ।

(੮)

ਸੰਤ ਜੀ ਮਹਾਰਾਜ
ਮੈਂ ਘਰ ਘਾਟ ਛਡਿਆ।
ਮਾਂ ਪਿਉ ਤੇ ਭਰਾ ਛਡੇ,
ਪਿੰਡ ਤੇ ਇਲਾਕੇ ਨੂੰ ਛਡਿਆ,
ਸਿਰਫ ਇਸ ਵਾਸਤੇ ਕਿ
ਮਨ ਭਟਕਦਾ ਸੀ,
ਘਰ ਦੇ ਵਿਹਾਰਾਂ ਵਲੋਂ ਉਪਰਾਮ ਜਿਹਾ
ਰਹਿੰਦਾ ਸੀ?
ਮੈਂ ਸੋਚਿਆ!
ਸਾਧਾਂ ਨਾਲ ਟੁਰ ਚਲੀਏ
ਸ਼ਾਇਦ ਸਾਧਾਂ ਨਾਲ ਰਹਿਣ ਕਰਕੇ
ਮਨ ਦੀ ਭਟਕਣਾ ਹਟ ਜਾਵੇ?
ਪਰ ਮੈਨੂੰ ਕਾਫੀ ਚਿਰ ਹੋ ਗਿਆ ਹੈ,
ਤੁਹਾਡੇ ਸਾਧਾਂ ਦੇ ਝੁੰਡ ਨਾਲ ਰਹਿੰਦਿਆਂ,
ਜਿਵੇਂ ਸਾਧੂ ਆਖਦੇ ਹਨ।
ਤਿਵੇਂ ਮੈਂ ਕਈ ਚਿਰ ਹਾੜ ਦੇ ਮਹੀਨੇ
ਕਹਿਰ ਦੀਆਂ ਗਰਮੀਆਂ ਵਿਚ
ਪੰਜ ਪੰਜ ਧੂਣੀਆਂ ਵੀ ਤਪੀਆਂ।
ਪੋਹ ਦੀਆਂ ਸਰਦ ਰਾਤਾਂ ਵਿਚ
ਕਈ ਕਈ ਚਿਰ ਜਲਧਾਰਾ ਵੀ ਕੀਤਾ।
ਫਿਰ ਅਨਾਜ ਦਾ ਤਿਆਗ ਕਰਕੇ
ਕਈ ਚਿਰ ਦੁਧਾ ਧਾਰੀ ਵੀ ਰਹਿਆ।
ਫਿਰ ਦੁਧ ਨੂੰ ਵੀ ਵਿਕਾਰੀ ਸਮਝ ਕੇ
ਫਲੋਹਾਰੀ ਬਣਿਆ ਰਿਹਾ। ਤੇ ਅੰਤ
ਵਰ੍ਹਾ ਵਰ੍ਹਾ ਪਉਣ ਅਹਾਰ ਵੀ ਕੀਤਾ।
ਕਈ ਚਲੀਹੇ ਵੀ ਕਟੇ, ਮੜ੍ਹੀ, ਮਸਾਣਾਂ
ਵਿਚ ਤਾਂ ਰਹਿੰਦੇ ਹੀ ਹਾਂ।
ਵਸ ਲਗੇ ਕਦੇ ਦੁਨੀਆਂ ਦਾਰ ਲੋਕਾਂ
ਨਾਲ ਗਲ ਬਾਤ ਭੀ ਨਹੀਂ ਕਰੀਦੀ।
ਸ਼ਿਵ ਪੁਰਾਣ ਤੇ ਵੇਦਾਂਤ ਦੇ ਕਈ
ਗ੍ਰੰਥ ਵੀ ਸਾਧਾ ਪਾਸੋਂ ਪੜ੍ਹੇ ਨੇ।
ਪਰ ਮਨ ਦੀ ਹਾਲਤ ਵਿਚ ਕੋਈ
ਸੁਧਾਰ ਆਉਂਦਾ ਨਹੀਂ ਜਾਪਦਾ?

ਉਪ੍ਰੋਕਤ ਵਾਰਤਾਲਾਪ ਸਾਹਿਬ ਦਾਸ ਨੇ ਇਕ ਦਿਨ ਸੰਤ ਨਿਰੰਜਨ ਦਾਸ ਜੀ ਨਾਲ ਬੜੀ ਗੰਭੀਰਤਾ ਨਾਲ ਕੀਤਾ।

ਭਈ ਭਲੇ ਲੋਕ ਤੁਮਕੋ ਮਾਲੂਮ ਹੋਣਾ ਚਾਹੀਏ,
ਕਿ ਸਾਧੂ ਕੀ ਸਾਧਨਾ ਬਹੁਤ ਕਠਨ ਹੋਤੀ ਹੈ।
ਯਹ ਮਨ ਜੋ ਪਾਰੇ ਕੀ ਨਿਆਈ ਬਿਖਰਤਾ
ਪੀਪਲ ਕੇ ਪੱਤੇ ਕੀ ਤਰਹ ਖਾਹ ਮੁਖਾਹ ਹੀ
ਹਰਕਤ ਕਰਤਾ। ਕਦਲੀ ਪਾਤ ਕੀ ਤਰਹ ਡੋਲਤਾ
ਔਰ ਦੀਵੇ ਕੀ ਮਾਨਿੰਦ ਬਢਤਾ ਘਟਤਾ
ਰਹਿਤਾ ਹੈ। ਇਸਕੋ ਸਥਿਰ ਕਰਨੇ ਮੇ ਕਾਫੀ
ਵਕਤ ਲਗਤਾ ਹੈ!

ਦੇਖੋ ਭਈ! ਕਿਸੀ ਸਾਗਰ ਕੋ ਬਾਧਨਾ ਤੋਂ
ਆਸਾਨ ਹੈ ਲੇਕਨ ਮਨ ਬ੍ਰਿਤੀ ਕੋ ਕਾਬੂ ਮੇਂ
ਲਾਣਾ ਬਹੁਤ ਮੁਸ਼ਕਿਲ ਹੈ।

ਆਪ ਘਬਰਾਈਏ ਮਤ,

ਤਪ ਸਾਧਨਾ ਕਰਤੇ ਜਾਈਏ, ਕਬੀ ਨ ਕਬੀ ਤੋਂ
ਯੇ ਮਨ ਬੰਦਰ ਕਾਬੂ ਮੇ ਆ ਹੀ ਜਾਏਗਾ?

ਸੰਤ ਨਿਰੰਜਨ ਦਾਸ ਜੀ ਨੇ ਬੜੇ ਪਿਆਰ ਭਰੇ ਸ਼ਬਦਾਂ ਨਾਲ ਸਾਹਿਬ ਦਾਸ ਨੂੰ ਜਵਾਬ ਦਿਤਾ। ਅਤੇ ਇਤਆਦਿਕ ਵਿਚਾਰਾਂ ਵਿਚ ਸਾਹਿਬ ਦਾਸ ਨੂੰ ਨਾਗਿਆਂ ਸਾਧੂਆਂ ਦੀ ਮੰਡਲੀ ਵਿਚ ਰਹਿੰਦਿਆਂ ੧੨ ਸਾਲ ਬੀਤ ਗਏ। ਅਰ ਏਹ ਸਾਧ ਮੰਡਲੀ ਦੇਸ਼ ਰਟਨ ਕਰਦੀ ਹੋਈ ੧੨ ਸਾਲ ਬਾਦ ਫਿਰ ਬੰਗਾਲੀ ਪੁਰ ਉਸੇ ਢਾਬ ਦੇ ਕੰਢੇ ਉਤੇ ਆ ਬੈਠੀ। ਜਿਥੇ ਸਾਹਿਬ ਦਾਸ ਇਨਾਂ ਸਾਧਾਂ ਦਾ ਚੇਲਾ ਬਣਿਆ ਸੀ। ਜਦੋਂ ਕਿ ਇਨ੍ਹਾਂ ਹੀ ਦਿਨਾਂ ਵਿਚ ਬੰਗਾਲੀ-ਪੁਰ ਦੇ ਦੂਜੇ ਪਾਸੇ ਉਦਾਸੀ ਸਾਧੂਆਂ ਦੀ ਰਮਤ ਵੀ ਆਈ ਹੋਈ ਸੀ।

(੯)

ਅਜ ਕਲ ਤਾਂ ਸਾਡਾ ਪਿੰਡ ਸਾਧਾਂ ਦਾ ਹੀ ਬਣਿਆ ਹੋਇਆ ਵਾ। ਭਗਵਾਨੇ ਜਟ ਨੇ ਅਪਣੇ ਇਕ ਸਾਥੀ ਕਪੂਰ ਸਿੰਘ ਮਿਸਤ੍ਰੀ ਨੂੰ ਸੁਭਾਵਿਕ

ਹੀ ਆਖਿਆ।

ਕਪੂਰ ਸਿੰਘ:–

ਭਈ ਹੈ ਤੇਰੀ ਗਲ ਠੀਕ, ਜੇ ਪਿੰਡ ਦੇ ਪਹਾੜ ਵਲ ਜਾਈਏ ਤਾਂ ਓਥੇ ਧੂਣੀਆਂ ਤਪ ਰਹੀਆਂ ਨੇ, ਜਿਥੇ ਕਈ ਸਾਧ ਸਮਾਧੀਆਂ ਲਾਈ ਬੈਠੇ ਨੇ, ਕਈ ਨਾਂਗੇ ਟੂਟੀਆਂ ਵਿਚ ਚਰਸ ਤੇ ਗਾਂਜਾ ਪਾਕੇ ਵੰਨ ਸ ਵੰਨੀਆਂ ਅਗਦੀਆਂ ਲਾਟਾਂ ਕਢ ਰਹੇ ਨੇ, ਕੋਈ ਭੰਗ ਘੋਟ ਰਿਹਾ ਹੈ, ਤੇ ਅਲਖ ਨਿਰੰਜਨ, ਬਮ ਬਮ ਭੋਲੇ, ਦੇ ਜੈਕਾਰੇ ਬੁਲਾਏ ਜਾ ਰਹੇ ਹਨ। ਸਾਡੇ ਪਿੰਡ ਦੇ ਸੂਟੇ ਲਾਉਣ ਵਾਲੇਕਈ ਸ਼ੁਕੀਨ ਤਾਂ ਸਾਰੀ ਸਾਰੀ ਰਾਤ ਸਾਧਾਂ ਵਾਂਗ ਹੀ ਓਥੇ ਬੈਠੇ ਰਹਿੰਦੇ ਹਨ।

ਜੇ ਕਿਧਰੇ ਦਖੱਨ ਦੀ ਬਾਹੀ ਚਲੇ ਜਾਈਏ ਤਾਂ ਓਧਰ ਭਗਵੇ (ਮਜੀਠੀ ਰੰਗ ਦੇ) ਕਪੜਿਆਂ ਵਾਲੇ ਕਿਤਨੇ ਹੀ ਸਾਧ ਆਏ ਹੋਏ ਹਨ ਤੇ ਸੰਧਿਆ ਵੇਲੇ ਤਾਂ ਓਥੇ ਬੜਾ ਰੰਗ ਬਝਾ ਹੁੰਦਾ ਹੈ। ਓਦੋਂ ਉਹ ਸਾਰੇ ਸਾਧ, ਨਰ ਸਿੰਘੇ, ਸੰਖ, ਘੜਿਆਲ, ਮ੍ਰਿਦੰਗ ਤੇ ਛੈਨੇ ਵਜਾਕੇ ਤੇ ਘਿਓ ਦੀਆਂ ਜੋਤਾਂ ਥਾਲ ਵਿਚ ਬਾਲਕੇ ਗ੍ਰੰਥ ਸਾਹਿਬ ਦੇ ਸ਼ਬਦ ਤੇ ਬਾਬੇ ਸ੍ਰੀ ਚੰਦ ਦੇ ਗੀਤ ਉਚੀ ਉਚੀ ਗਾਕੇ ਆਰਤੀ ਕਰਦੇ ਹਨ, ਤੇ ਇਕ ਦੂਸਰੇ ਤੇ ਫੁਲਾਂ ਦੀ ਵਰਖਾ ਕਰਦੇ ਹਨ।

ਤੇ ਅਗੇ ਪਿਛੇ ਉਥੇ ਭਗਵਤ ਪੁਰਾਨ ਤੇ ਕਈ ਵਾਰੀ ਦਰਬਾਰ ਸਾਹਿਬ ਦੀ ਕਥਾ ਵਾਰਤਾ ਵੀ ਹੁੰਦੀ ਰਹਿੰਦੀ ਹੈ।

ਭਗਵਾਨਾ:–

ਯਾਰ ਮੈਂ ਓਥੇ ਬਹੁਤੇ ਧੂਣੇ ਨਹੀਂ ਵੇਖੇ, ਸਗੋਂ ਇਕੋ ਧੂਣੇ ਲਾਗੇ ਇਕ ਚਿਮਟਾ ਗਡਿਆ ਵੇਖਿਆ ਸੀ। ਪਤਾ ਨਹੀਂ ਇਕੋ ਧੂਣੇ ਨਾਲ ਸਾਰਿਆਂ ਦਾ ਕੰਮ ਕਿਵੇਂ ਚਲ ਜਾਂਦਾ ਹੈ?

ਕਪੂਰ ਸਿੰਘ:–

ਭਗਵਾਨਿਆ ਮੈਂ ਕਲ ਇਕ ਸਾਧ ਨੂੰ ਪੁਛਿਆ ਸੀ ਕਿ ਉਨਾਂ (ਨਾਗੇ) ਸਾਧਾਂ ਦੇ ਤਾਂ ਵੱਖ ਵੱਖ ਧੂਣੇ ਲਗੇ ਨੇ, ਤੇ ਤੁਹਾਡਾ ਇਕੋ ਧੂਣਾ ਕਿਉਂ ਹੈ?

ਉਸ ਸਾਧ ਨੇ ਦਸਿਆ ਸੀ। ਕਿ ਉਦਾਸੀ ਭੇਖ ਦਾ ਇਕੋ ਧੂਣਾ ਹੀ ਹੋਇਆ ਕਰਦਾ ਹੈ, ਤੇ ਸਾਰੇ ਸਾਧ ਉਸ ਧੂਣੇ ਦੀ ਪੂਜਾ ਕਰਿਆ ਕਰਦੇ ਹਨ। ਜਿਥੇ ਨਾਂਗੇ ਸਾਧ ਧੂਣਿਆਂ ਤੋਂ ਅਗ ਸੇਕਣ ਦਾ ਕੰਮ ਲੈਂਦੇ ਹਨ, ਉਥੇ ਉਦਾਸੀਆਂ ਵਿਚ ਅਪਣੇ ਬਜ਼ੁਰਗਾਂ ਦੇ ਨਾਮਾਂ ਉਤੇ ਚਾਰ ਧੂਣੇ ਹਨ, ਤੇ ਚਾਰ ਹੀ ਅਖਾੜੇ ਸਦਾਉਂਦੇ ਹਨ। ਅਰ ਆਪੋ ਆਪਣੇ ਬਜ਼ੁਰਗ ਦਾ ਧੂਣਾ ਆਪੋ ਆਪਣੀ ਮੰਡਲੀ ਵਿਚ ਬਣਾਕੇ ਉਸ (ਧੂਣੇ) ਦੀ ਪੂਜਾ ਕਰਦੇ ਹਨ।

ਭਗਵਾਨਾ:-

ਤੈਨੂੰ ਪਤਾ ਹੈ, ਜਿਨਾਂ ਬਜ਼ੁਰਗਾਂ ਦੇ ਨਾਵਾਂ ਨਾਲ ਧੂਣੇ ਚਲਦੇ ਹਨ?

ਕਪੂਰ ਸਿੰਘ:–

ਮੈਂ ਉਸੇ ਸਾਧ ਤੋਂ ਹੀ ਕਲ ਇਸ ਗਲ ਦਾ ਪਤਾ ਕੀਤਾ ਸੀ। ਤਾਂ ਉਸ ਨੇ ਦਸਿਆ ਕਿ ਬਾਬਾ ਸ੍ਰੀ ਚੰਦ ਤੋਂ ਬਾਦ ਸਾਡੇ (ਬਾਲੂ ਹਸਨਾ, ਅਲਮਸਤ, ਫੂਲਸ਼ਾਹ, ਤੇ ਗੋਇੰਦ ਜੀ,) ਚਾਰ ਬਜ਼ੁਰਗ ਹੋਏ ਹਨ, ਜਿਨਾਂ ਦੇ ਨਾਮ ਤੇ ਧੂਣੇ ਪ੍ਰਚਲਤ ਹਨ। ਸਗੋਂ ਉਸਨੇ ਇਹ ਵੀ ਦਸਿਆਸੀ, ਕਿ ਇਨਾਂਤੋਂ ਇਲਾਵਾ ਕੁਝ ਸਾਡੇ ਬਜ਼ੁਰਗਾਂ ਨੂੰ ਬਖਸ਼ਿਸ਼ਾਂ ਵੀ ਹੋਈਆਂ ਸਨ।, ਜਿਸ ਕਰਕੇ ਬਖਸ਼ਿਸ਼ਾਂ ਵਾਲੇ ਸਾਡੇ ਤੇ ਨਾਮ ਹੋਰ ਹਨ।

ਜਬ ਮੈਂ ਉਨਾਂ ਦੇ ਨਾਮ ਪੁਛੇ ਤਾਂ ਉਸ ਸਾਧ ਨੇ ਦਸਿਆ ਕਿ ਬਖਸ਼ਿਸ਼ਾਂ ਵਾਲੇ ਸਾਡੇ ਇਹ ਮਹਾਂ ਪੁਰਸ ਹੋਏ ਹਨ।

ਸੰਗਤ ਸਾਹਿਬੀਏ, ਜੀਤ ਮਲੀਏ, ਸੁਥਰੇਸ਼ਾਹੀਏ, ਬਖਤ ਮਲੀਏ, ਭਗਤ ਭਗਵਾਨੀਏ, ਮੀਰਾਂ ਸ਼ਾਹੀਏ, ਆਦਿ

ਭਗਵਾਨਾ

ਕਪੂਰ ਸਿੰਹਾਂ ਤੂੰ ਤੇ ਭਾਈ ਉਨਾਂ ਸਾਧਾਂ ਤੋਂ ਸਾਰਾ ਕੁਝ ਹੀ ਪੁਛ ਆਇਆ ਹੈਂ।

ਵੇਖੀਂ ਕਿਧਰੇ ਤੂੰ ਵੀ ਉਦਾਸੀਆ ਨ ਬਣ ਜਾਵੀ?

ਕਪੂਰ ਸਿੰਘ

ਸਾਨੂੰ ਤਾਂ ਸਾਧਾਂ ਦੇ ਹਥ ਲਗੇ ਹੀ ਲਗੇ ਹੋਏ ਹਨ ੧੨ ਸਾਲ ਹੋਏ ਜਦੋਂ ਇਕ ਸਾਡਾ ਮੁੰਡਾ ਭਾਈਏ ਨਿਹਾਲ ਸਿੰਘ ਦਾ ਪੁਤਰ ਸਾਹਿਬੂ ਨਾਗੇ ਸਾਧਾਂ ਨਾਲ ਗਲਾਂ ਬਾਤਾਂ ਕਰਦਾ ਹੀ ਉਧਲ ਗਿਆ ਹੋਇਆ ਵਾ ਭਗਵਾਨਾ

ਪਈ ਜਾਣੇ ਰਬ ਦੀਆਂ ਰਬ

ਨਾਗੇ ਸਾਧਾਂ ਵਿਚ ਮੈਨੂੰ ਥੋੜਾ ਥੋੜਾ ਸ਼ਕ ਪੈਂਦਾ ਵਾ, ਕਿ ਜਿਵੇਂ ਤੁਹਾਡਾ ਸਾਹਿਬੂ ਹੁੰਦੈ ? ਪਰ ਉਹ ਤਾਂ ਬੜਾ ਸਾਧ ਬਣਿਆ ਜਾਪਦਾ ਵਾ, ਕਈਆਂ ਸਾਧਾਂ ਨਾਲੋਂ ਉਹ ਚੰਗਾ ਕਰਨੀ ਵਾਲਾ ਭਾਸਦਾ ਵਾ।

ਕਪੂਰ ਸਿੰਘ

ਪਰਸੋਂ ਕਿਸੇ ਨੇ ਦਸਿਆ ਤਾਂ ਹੈ ਸੀ ਕਿ ਸਾਡੇ ਪਿੰਡ ਵਾਲੇ ਨਿਹਾਲ ਸਿੰਘ ਮਿਸਤ੍ਰੀ ਦਾ ਪੁਤਰ ਸਾਹਿਬੂ ਵੀ ਨਾਂਗੇ ਸਾਧਾਂ ਨਾਲ ਆਇਆ ਹੋਇਆ ਵਾ। ਪਰ ਉਹ ਸਾਨੂੰ ਹੁਣ ਕਿਥੇ ਪਛਾਣਦਾ ਵਾ।

ਉਂਜ ਉਸਦੇ ਮਾ ਪਿਓ ਤੇ ਭਰਾ ਉਸਨੂੰ ਮਿਲ ਆਏ ਨੇ।

੧੦

ਸੰਤ ਜੀ ਤੁਮ ਲੋਗ ਕਬ ਕੇ ਸਾਧੂ ਹੂਏ ਹੈ ?

ਇਕ ਨਾਂਗੇ ਸਾਧੂ (ਸਾਹਿਬ ਦਾਸ) ਨੇ ਅਪਣੇ ਡੇਰੇ ਦਰਸਨ ਮੇਲਾ ਕਰਨ ਆਏ ਉਦਾਸੀ ਸਾਧ ਨੂੰ ਪੁਛਿਆ।

ਉਦਾਸੀ ਸਾਧ

ਭਲੇ ਪੁਰਸ਼ੋ ! ਸਾਧੂ ਹੋਣਾ ਤਾਂ ਬੜਾ ਕਠਨ ਹੈ, ਵੈਸੇ ੧੫ ਸਾਲ ਹੂਏ ਜਬ ਮੈ ਉਦਾਸੀ ਭੇਖ ਧਾਰਨ ਕੀਆ ਥਾ,

ਸਾਹਿਬ ਦਾਸ

ਆਪਕਾ ਨਾਮ ਕਿਆ ਹੈ

ਉਦਾਸੀ ਸਾਧ:-

ਮੇਰਾ ਨਾਮ ਸਾਧੂਆਂ ਨੇ ਬਿਸ਼ੰਭਰ ਦਾਸ ਰਖਿਆ ਹੋਇਆ ਹੈ।

ਸਾਹਿਬ ਦਾਸ

ਆਪ ਕਿਸ ਦੇਸ ਕੇ ਵਾਸੀ ਹੈਂ ?

ਬਿਸੰਭਰ ਦਾਸ-

ਭਲੇ ਪੁਰਸ਼ ਸਾਧੂਓਂ ਕਾ ਕੌਣ ਸਾ ਦੇਸ਼ ਹੋਤਾ ਹੈ, ਬਾਣੀ ਮੇ ਕਬੀਰ ਜੀ ਨੇ ਲਿਖਾ ਹੂਆ ਹੈ ਕਿ:-

"ਸਗਲੀ ਧਰਤੀ ਸਾਧ ਕੀ"

ਵੈਸੇ ਮੈ ਪੰਜਾਬ ਕਾ ਹੀ ਰਹਿਣੇ ਵਾਲਾ ਹੂੰ। ਹਾਂ ਭਾਈ ਸਾਹਿਬ ਆਪਕਾ ਨਾਮ ਗ੍ਰਾਮ ਕਿਆ ਹੈ ? ਬਿਸੰਭਰ ਦਾਸ ਨੇ ਨਾਂਗੇ ਸਾਧੂ ਤੋਂ ਬੜੇ ਸਤਿਕਾਰ ਨਾਲ ਪੁਛਿਆ।

ਮੇਰਾ ਨਾਮ ਸਾਹਿਬ ਦਾਸ ਹੈ ਔਰ ਗ੍ਰਾਮ ਹਮਾਰਾ ਕਬੀ ਯਹੀ ਬੰਗਾਲੀ ਪੁਰ ਹੋਤਾ ਥਾ।

ਨਾਂਗੇ ਸਾਧੂ ਨੇ ਬੜੇ ਪਿਆਰ ਭਰੇ ਸਬਦਾਂ ਨਾਲ ਉਤਰ ਦਿਤਾ।

ਫਿਰ ਤਾਂ ਅਸੀ ਦੋਵੇਂ ਪੰਜਾਬੀ ਹੀ ਤੇ ਸਗੋਂ ਗੰਵਾਢੀ ਹੀ ਹੋਏ, ਮੇਰਾ ਪਿੰਡ ਲਹੌਰ ਦੇ ਜਿਲੇ ਵਿਚ ਹੈ। ਫਿਰ ਆਪਾ ਪੰਜਾਬੀ ਵਿਚ ਗਲਾਂ ਬਾਤਾਂ ਕਰੀਏ

ਬਿਸੰਭਰ ਦਾਸ ਨੇ ਭਾਈ ਬੰਧੀ ਦੇ ਲਹਿਜੇ ਵਿਚ ਸਾਹਿਬ ਦਾਸ ਨੂੰ ਸੰਬੋਧਨ ਕੀਤਾ।

ਹਾਂ ਭਾਈ ਸਾਹਿਬ ਫਿਰ ਤਾਂ ਬਹੁਤ ਖੁਸ਼ੀ ਵਾਲੀ ਗਲ ਹੈ। ਸੰਤ ਸਾਹਿਬ ਦਾਸ ਨੇ ਹਸਦਿਆਂ ਹੋਇਆਂ ਆਖਿਆ।

ਬਿਸੰਭਰ ਦਾਸ

ਅਛਾ ਭਾਈ ਤੂ ਹੁਣ ਇਹ ਦਸ ਕਿ ਤੈਨੂੰ ਸਾਧ ਹੋਇਆਂ ਕਿਨਾਂ ਕੁ ਚਿਰ ਹੋਇਆ ਹੈ।

ਸਾਹਿਬਦਾਸ

ਪੂਰੇ ਬਾਰਾਂ ਸਾਲ ਹੋਏ ਜਦੋਂ ਇਹ ਸਾਧ ਮੰਡਲੀ ਸਾਡੇ ਇਸ ਪਿੰਡ ਆਈ ਸੀ, ਤੇ ਇਨਾਂ ਦੀ ਟਹਿਲ ਸੇਵਾ ਕਰਦਿਆਂ ਕਰਦਿਆਂ ਸੰਤ ਨਰਿੰਜਨ ਦਾਸ ਨਾਲ ਮੇਰਾ ਮੋਹ ਹੋ ਗਿਆ, ਤੇ ਫਿਰ ਇਨਾਂ ਦੀ ਸੰਗਤ ਨਾਲ ਹੀ ਮੈ ਅਪਨਾ ਘਰ ਘਾਟ ਤੇ ਵਿਹਾਰ ਛਡਕੇ ਸਾਧ ਹੋ ਗਿਆ। ੪-੫ ਦਿਨ ਹੋਏ ਹਨ ਬਾਰਾਂ ਸਾਲਾਂ ਬਾਦ ਇਸ ਨਗਰ ਵਿਚ ਆਇਆ ਹਾਂ।

ਬਿਸੰਭਰ ਦਾਸ—

ਬਾਰਾਂ ਸਾਲ ਤਾਂ ਕਿਸੇ ਜੋਗ ਦਾ ਟੀਚਾ ਹੁੰਦਾ ਹੈ ਇਸਦਾ ਮਤਲਬ ਇਹ ਹੋਇਆ ਕਿ ਤੇਰਾ ਜੋਗ ਪੂਰਾ ਹੋ ਗਿਆ ਹੈ ਤੇ ਇਤਨੇ ਚਿਰ ਵਿਚ ਤੂੰ ਕਾਫੀ ਤਪ ਸਾਧਨਾ ਸਾਧ ਚੁਕਾ ਹੋਵੇਂਗਾ ?

ਸਾਹਿਬ ਦਾਸ

ਹਾਂ ! ਹਾਂ !! ਮੈ ਇਤਨੇ ਚਿਰ ਵਿਚ ਕਈ ਹਠ ਯੋਗਾਂ ਦਾ ਅਭਿਆਸ ਕਰ ਚੁਕਾ ਹਾਂ। ਕਈ ਚਿਰ ਪਹਿਲਾਂ ਮੈ ਅਨ ਨਹੀ ਖਾਧਾ, ਤੇ ਦੁਧ ਹੀ ਪੀਦਾ ਰਿਹਾ। ਫਿਰ ਦੁਧ ਛਡਕੇ ਕੇਵਲ ਕੰਦ ਮੂਲ ਹੀਖਾਂਦਾ ਰਹਿਆ ਹਾਂ। ਕੁਝ ਚਿਰ ਕੰਦ ਮੂਲ ਵੀ ਨਹੀ ਖਾਧਾ ਤੇ ਪਾਣੀ ਤੇ ਹਵਾ ਨਾਲ ਹੀ ਗੁਜਾਰਾ ਕਰਦਾ ਰਿਹਾ ਹਾਂ।

ਹਾੜ ਦੇ ਮਹੀਨੇ ੧੧ ਧੂਣੀਆਂ ਤਪਨੀਆਂ ਤੇ ਪੋਹ ਦੇ ਮਹੀਨੇ ੧੦੧ ਘੜੇਦਾ ਜਲਧਾਰਾ ਕਈਵਾਰੀ ਕਰ ਚੁਕਾ ਹਾਂ।

ਬਿਸ਼ੰਭਰ ਦਾਸ

ਫਿਰ ਅਜੇ ਕੋਈ ਕਸਹ ਰਹਿੰਦੀ ਹੈ, ਕਿਸਾਰੇ ਯੋਗ ਪੂਰੇ ਕਰ ਲਏ ਹਨ ?

ਸਾਹਿਬ ਦਾਸ

ਮੈ ਤੈਨੂੰ ਸਚ ਦਸਾਂ ! ਮਨ ਬ੍ਰਿਤੀ ਵਿਚ ਤਾਂ ਕੋਈ ਫਰਕ ਨਹੀ ਪਿਆ। ਸਗੋਂ ਮਨ ਵਿਚ ਆਪਣੇ ਕੀਤੇ ਹਠ ਜੋਗਾਂ ਦਾ ਅੰਕਾਰ ਜਰੂਰ ਵਧ ਗਿਆ ਹੈ। ਤੇ ਦਿਲ ਕਰਦਾ ਹੈ,ਕਿ ਕਿਸੇ ਸਾਧੂ ਨਾਲ ਅਪਨੇ ਹਠ ਯੋਗ ਦਾ ਮੁਕਾਬਿਲਾ ਕਰਾਂ ?

ਬਿਸੰਭਰ ਦਾਸ

ਜੇਕਰ ਤੂ ਮੁਕਾਬਿਲਾ ਕਰਨਾ ਹੈ, ਤਾਂ ਮੇਰੇ ਨਾਲ ਹੀ ਕਰ ਲੈ ਪਰ ਇਕ ਸ਼ਰਤ ਹੈ। ਜੇਕਰ ਤੈਨੂੰ ਉਹ ਮਨਜੂਰ ਹੋਵੇ ਤਾਂ ਮੈ ਤੇਰੀ ਮੁਕਾਬਿਲੇ ਵਾਲੀ ਗਲ ਪੂਰੀ ਕਰ ਸਕਦਾ ਹਾਂ, ਤਾਂ ਕਿ ਤੇਰੇ ਮਨ ਅੰਦਰ ਇਹ ਵੀ ਅਭਿਲਾਖਾ ਨ ਰਹਿ ਜਾਵੇ।

ਸਾਹਿਬ ਦਾਸ

ਫਿਰ ਅਸੀ ਆਪੋ ਵਿਚ ਹੀ ਜੋਰ ਅਜਮਾਈ ਕਰਾਂਗੇ ?

ਬਿਸੰਭਰ ਦਾਸ

ਕੀਡਰ ਹੈ— ਸਾਰੇ ਪਹਿਲਵਾਨ ਪਹਿਲਾਂ ਆਪੋ ਵਿਚ ਹੀ ਕਸਰਤ ਕਰਿਆ ਕਰਦੇ ਹਨ ?

ਸਾਹਿਬ ਦਾਸ

ਫਿਰ ਕੀ ਸ਼ਰਤ ਹੈ ?

ਬਿਸੰਭਰ ਦਾਸ:—

ਸ਼ਰਤ ਇਹ ਹੈ ਕਿ ਇਸ ਮੁਕਾਬਲੇ ਵਿਚ ਜੇ ਮੈ ਹਠ ਜੋਗ ਵਿਚ ਭਾਂਜ ਖਾ ਜਾਵਾਂ ਤਾਂ ਮੈ ਨਾਂਗਾ ਸਾਧੂ ਬਣਕੇ ਤੇਰੇ ਨਾਲ ਤੁਰ ਪਵਾਂਗਾ। ਪਰ ਜੇ ਤੂ ਭਾਂਜ ਖਾ ਜਾਵੇਂ ਤਾਂ ਤੈਨੂੰ ਉਦਾਸੀ ਬਣਕੇ ਮੇਰੇ ਨਾਲ ਤੁਰਨਾ ਪਵੇਗਾ। ਆਪਾਂ ਹੁਣ ਇਕਠਿਆਂ ਰਹਿਣਾ ਹੈ ?

ਸਾਹਿਬ ਦਾਸ:—

ਮੈਨੂ ਮਨਜੂਰ ਹੈ, ਅਗੇ ਸੰਤ ਨਿਰੰਜਨ ਦਾਸਨਾਲ ਵੀ ਏਹੋ ਜਿਹੀਆਂ ਗਲਾਂ ਨਾਲ ਹੀ ਜੋੜ ਜੁੜ ਗਿਆ ਸੀ?

੧੧

ਬੰਗਾਲੀ ਪੁਰ ਪਹਾੜ ਪਾਸੇ ਵਡੀ ਸਾਰੀ ਢਾਬ ਤੇ ਨਾਂਗੇ ਸਾਧੂਆਂ ਦੇ ਧੂਣਿਆਂ ਦੁਆਲੇ ਪਿੰਡ ਦੇ ਸੈਕੜੇ ਆਦਮੀ ਸ਼ਾਮ ਤੋਂ ਬੈਠੇ ਹੋਏ ਪੋਹ ਦੀ ਸਾਰੀ ਰਾਤ ਦੋ ਸਾਧਾਂ ਵਲ (ਜੋ ਢਾਬ ਦੇ ਠੰਡੇ ਠਾਰ ਪਾਣੀ ਦੇ ਚਾਰ ਚਾਰ ਫੁਟ ਡੂੰਘੇ ਥਾਂ ਖਲੋਤੇ ਹੋਏ ਹਨ) ਨੀਝ ਲਾ ਲਾ ਕੇ ਝਾਕ ਰਹੇ ਹਨ।

ਅਤੇ ਏਹ ਦੋਂਵੇ ਹਠੀ ਅਖਾਂ ਮੀਟੀ ਪਾਣੀ ਵਿਚ ਅਡੋਲ ਖੜੇ ਹਨ।

ਹੁਣ ਤਾਂ ਸੂਰਜ ਦੀ ਲਾਲੀ ਧੁੰਮ ਪਈ ਹੈ, ?

ਸ਼ੰਤ ਸਾਹਿਬ ਦਾਸ ਨੇ ਅਖਾਂ ਖੋਹਲਕੇ ਸੰਤਬਿਸੰਭਰ ਦਾਸ ਨੂੰ ਆਖਿਆ।

ਕੋਈ ਗਲ ਨਹੀ ! ਸੂਰਜ ਵੀ ਕਦੇ ਚੜ੍ਹੇਗਾ ਹੀ ?

ਕਿਹੜੀ ਛੇਤੀ ਪਈ ਹੈ, ਹਾਲਾਂ ਸੁਖ ਬਣਿਆ ਹੋਇਆ ਹੈ। ਤੇ ਬਿਰਤੀ ਭਗਵਾਨ ਸ੍ਰੀ ਚੰਦਰ ਦੇ ਚਰਨਾਂ ਵਿਚ ਜੁੜੀ ਹੋਈ ਹੈ। ਸੰਤ ਬਿਸ਼ੰਬਰ ਦਾਸ ਨੇ ਬੜੇ ਠਰ੍ਹਮੇ ਨਾਲ ਆਪਣੇ ਸਾਥੀ ਸੰਤ ਨੂੰ ਜਵਾਬ ਦਿਤਾ

ਇਸਦਾ ਮਤਲਬ ਇਹ ਹੋਇਆ, ਕਿ ਤੁਸੀਅਜੇ ਪਾਣੀ ਵਿਚੋਂ ਨਿਕਲਣਾ ਨਹੀ ਚਾਹੁੰਦੇ ? ਪਰ ਆਪਾਂ ਲਈ ਹੋਰ ਠਹਿਰਣਾ ਮੁਸ਼ਕਿਲ ਹੈ। ਇਸ ਲਈ ਮੈ ਇਸ਼ਨਾਨ ਕਰਕੇ ਜਾਂਦਾ ਹਾਂ । ਤੁਹਾਡਾ ਜਦੋਂ ਦਿਲ ਕਰੇ ਆਇਓ ?

ਇਤਨਾ ਕਹਿਕੇ ਸੰਤ ਸਾਹਿਬ ਦਾਸ ਇਕ ਟੁਭੀ ਮਾਰ ਇਸਨਾਨ ਕਰਕੇ ਸ਼ਿਵ ਮੰਤ੍ਰ ਦਾ ਪਾਠ ਕਰਦਾ ਕਰਦਾ ਪਾਣੀ ਵਿਚੋਂ ਪਹਿਲਾਂ ਨਿਕਲਿਗਿਆ।

੧੨

ਬੋਲੋ ਭਗਵਾਨ ਸ੍ਰੀ ਚੰਦ੍ਰ ਕੀ ਜੈ ।

ਬਿਸੰਭਰ ਦਾਸ ਅਜ ਰਾਤ ਆਪ ਕਹਾਂ ਰਹੇ ਹੈਂ ਕਿਆ ਆਪਕੋ ਮਾਲਮ ਨਹੀ ਕਿ ਸਾਧ ਮੰਡਲੀ ਕਾ ਨੇਮ ਹੋਤਾ ਹੈ, ਕਿ ਸੰਧਿਆ ਸਮੇ ਮੰਡਲੀ ਕਾ ਕੋਈ ਸਾਧ ਬਾਹਰ ਨਹੀ ਰਹਿਤਾ ।

ਉਦਾਸੀ ਸਾਧੂਆਂ ਦੀ ਮੰਡਲੀ ਦੇ ਸ੍ਰੀ ਮਹੰਤ ਸਾਹਿਬ ਨੇ ਬਿਸਭਰ ਦਾਸ ਦੇ ਨਾਲ ਇਕ ਹੋਰ ਬੜਾ ਸਕਤੀ ਸ਼ਾਲੀ ਨਾਂਗਾ ਸਾਧ ਆਉਂਦਾ ਵੇਖਕੇ ਕੁਝ ਨਰਾਜਗੀ ਨਾਲ ਬਿਸ਼ੰਭਰ ਦਾਸ ਨੂੰ ਪੁਛਿਆ ।

ਬਿਸੰਭਰ ਦਾਸ

ਮਹਾਰਾਜ । ਖਿਮਾ ਕਰਨਾ ਮੇਰੇ ਤੋਂ ਗਲਤੀ ਹੋ ਗਈ ਹੈ। ਪਰ ਰਾਤ ਦੀ ਗੈਰ ਹਾਜਰੀ ਵਿਚ ਵੀ ਆਪ ਕੀ ਸੇਵਾ ਹੀ ਕਰਤਾ ਰਹਾ ਹੂ। ਅਰ ਇਸ ਸੇਵਾ ਕਾ ਪ੍ਰਤੀ ਕਰਮ ਹੀ ਹੈ ਕਿ ਯਹ ਨਾਗਾਂ ਸਾਧੂ (ਜਿਸਕਾ ਨਾਮ ਸਾਹਿਬ ਦਾਸ ਹੈ) ਆਪ ਕੀ ਸਰਨ ਗ੍ਰਹਿਣ ਕਰਨੇ ਕੇ ਲੀਏ ਆਇਆ ਹੈ ।

ਸ੍ਰੀ ਮਹੰਤ ਜੀ:—

ਬਿਸੰਭਰ ਦਾਸ ਮੁਝੇ ਆਪ ਕੀ ਬਾਤ ਕਾ ਪੂਰੀ ਤਰਾਂ ਪਤਾ ਨਹੀ ਚਲਾ, ਪਰ ਆਪ ਰਾਤ ਭਰਹਮਾਰੀ ਕਿਆ ਸੇਵਾ ਕਰਤੇ ਰਹੇ, ਜਿਸਕੇ ਫਲ ਸਰੂਪ ਇਹ ਮਹਾਤਮਾ ਹਮਾਰੇ ਪਾਸ ਪਧਾਰੇ ਹੈਂ।

ਬਿਸੰਭਰ ਦਾਸ

ਮਹਾਰਾਜ ਜੀ ਬਾਕੀ ਬਾਤੇਂ ਮੈ ਆਪਕੋ ਫਿਰ ਬਤਾਊਂਗਾ। ਪਹਿਲੇ ਇਸ ਸਾਧੂ ਕੋ ਆਪਨੀਚਰਨੀ ਲਗਾ ਕਰ ਉਦਾਸੀ ਭੇਖ ਕੀ ਦਾਤ ਬਖਸ਼ੋ।

ਬਸ ਆਪਕੀ ਯਹੀ ਸੇਵਾ ਮੈ ਰਾਤ ਕਰਤਾ ਰਹਾ ਹੂ। ਔਰ ਭਗਵਾਨ ਕੀ ਕ੍ਰਿਪਾ ਸੇ ਰਾਤ ਭਰ ਕੀਸੇਵਾ ਕਾ ਯਹ (ਸਾਧ ਰੂਪ) ਫਲ ਮੁਝੇ ਪ੍ਰਾਪਤ ਹੂਆ ਹੈ

੧੩

ਜਿਸੁ ਮਿਲਿਐ ਮਨ ਹੋਇ
ਅਨੰਦ ਸੋ ਸਤਿਗੁਰ ਕਹੀਐ।
ਮਨ ਕੀ ਦੁਬਿਧਾ ਬਿਨਸਿ ਜਾਇ
ਹਰਿ ਪਰਮ ਪਦ ਲਹੀਐ।
(੧੬੮)

ਰਮਤ ਕਰਦਿਆਂ ਇਕ ਨਗਰ ਵਿਚ ਸੰਤ ਸੁਤੇ ਪ੍ਰਕਾਸ਼ ਜੀ ਅਖਾੜੇ ਦੇ ਸਾਧੂਆਂ ਦੇ ਬਣਾਏ ਹੋਏ ਪ੍ਰੋਗ੍ਰਾਮ ਅਨੁਸਾਰ ਸ੍ਰੀ ਗ੍ਰੰਥ ਸਾਹਿਬ ਦੀ ਉਥਾਨਿਕਾ ਤੇ ਪ੍ਰਮਾਣਾ ਸਹਿਤ ਉਪ੍ਰੋਕਤ ਸਬਦ ਦੀ ਵਿਆਖਿਆ (ਕਥਾ) ਕਰਦੇ ਸਨ ਅਤੇ ਆਪਣੇ ਸਾਹਮਣੇ ਬੈਠੇ ਸੌ ਦੇ ਕ੍ਰੀਬ ਸਰੋਤਿਆਂ ਨੂੰ ਸੰਬੋਧਨ ਕਰ ਰਹੇ ਸਨ, ਕਿ

ਸ਼ਰੋਤਾ ਜਨੋ, ਸੰਸਾਰ ਸਾਗਰ ਪਾਰ ਕਰਨੇ ਕੇ ਲੀਏ ਕਿਸੀ ਗੁਰੂ ਕੀ ਅਵਸ਼ ਹੀ ਜਰੂਰਤ ਹੂਆ ਕਰਤੀ ਹੈ, ਗੁਰਬਾਣੀ ਮੇ ਏਕ ਜਗਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਹਰਨ ਦੇ ਕਰ ਯਹ ਅਛੀ ਤਰਹ ਨਿਰਣਯ ਕੀਆ ਹੂਆ ਹੈ, ਕਿ ਕਿਸੀ ਭੀ ਪ੍ਰਾਣੀ ਮਾਤ੍ਰ ਕੋ ਗੁਰੂ ਕੇ ਬਗੈਰ ਗਿਆਨ ਕੀ ਪ੍ਰਾਪਤੀ ਨਹੀ ਹੋਤੀ ਔਰ ਗਿਆਨ ਕੇ ਬਗੈਰ ਮਨ ਕਾਬੂ ਨਹੀ ਆਸਕਤਾ।

ਜਿਹਾ ਕਿ:–

ਕੁੰਭੇ ਬਧਾ ਜਲ ਰਹੈ
ਜਲ ਬਿਨੁ ਕੁੰਭ ਨ ਹੋਇ।
ਗਿਆਨ ਕਾ ਬਧਾ ਮਨ ਰਹੈ
ਗੁਰ ਬਿਨੁ ਗਿਆਨੁ ਨ ਹੋਇ।

ਲੇਕਿਨ ਇਸ ਬਾਤ ਕੇ ਸਾਥ ਹੀ ਸਵਾਲ ਪੈਦਾ ਹੋਤਾ ਹੈ ਕਿ ਗੁਰੂ ਕਿਸ ਵਿਅਕਤੀ ਕੋ ਧਾਰਨ ਕੀਆ ਜਾਏ। ਅਥਵਾ

ਇਸ ਸਵਾਲ ਕਾ ਨਿਰੂਪਣ ਸ੍ਰੀ ਗੁਰੂ ਰਾਮਦਾਸ ਜੀ ਇਕ ਸਲੋਕ ਮੇ ਉਚਾਰਨ ਕਰਤੇ ਹੈਂ, ਕਿ ਭਾਈ:-

"ਜਿਸੁ ਮਿਲਿਐ ਮਨ ਹੋਇ ਅਨੰਦੁ
ਸੋ ਸਤਿਗੁਰੂ ਕਹੀਐ"
ਮਨ ਕੀ ਦੁਬਿਧਾ ਬਿਨਸਿ ਜਾਇ
ਹਰਿ ਪਰਮ ਪਦੁ ਲਹੀਐ।"

ਅਰਥਾਤ– (੧੬੮)

ਜਿਸ ਬ੍ਰਹਮ ਨੇਸ਼ਟੀ, ਬ੍ਰਹਮ ਸ਼ਰੋਤਰੀ ਵਿਅਕਤੀ ਕੇ ਸੁਭਾਵਿਕ ਦਰਸ਼ਨ ਕਰਨ (ਮਿਲਨੇ) ਸੇ ਮਨਕੋ ਸ਼ਾਂਤੀ ਅਥਵਾ ਅਨੰਦ ਆ ਜਾਇ, ਮਨ ਦੀ ਦੁਚਿਤੀ, ਭਟਕਨਾ, ਮਿਟ ਜਾਏ, ਉਸ ਵਿਅਕਤੀ ਕੋ ਸਤਿਗੁਰੂ ਕਹਾ ਜਾਤਾ ਹੈ। ਅਰ ਉਸੀ ਕੇ ਦੀਏ ਹੁਏ ਗਿਆਨ ਸੇ ਮਨੁਖ ਕੋ ਪਰਮ ਪਦ ਵ ਪੂਰਨ ਬ੍ਰਹਮ ਕੀਲਖਤਾ ਹੋਤੀ ਹੈ।

ਪ੍ਰੰਤੂ ਜਬ ਤਕ ਕਿਸੀ ਕੋ ਇਸੀ ਪ੍ਰਕਾਰ ਕੇ ਸਤਿਗੁਰੂ ਕੀ ਪ੍ਰਾਪਤੀ ਨਹੀ ਹੋਤੀ, ਉਸ ਵਕਤ ਤਕ ਚਾਹੇ ਕੋਈ ਕਿਤਨਾ ਵਿਦਵਾਨ ਯਾ ਚਾਰ ਵੇਦ ਕਾ ਪ੍ਰਵਕਤਾ ਕਿਉਂ ਨ ਹੋ ਕਿਤਨਾ ਭੀ ਤੀਰਥ ਵਗੈਰਾ ਕਿਉਂ ਨ ਕਰੇ, ਵ ਔਰ ਕਰਮ ਭੀ ਕਿਤਨੇ ਸ੍ਰੇਸਟ ਕਰੇ, ਉਸਕੇ ਮਨ ਕੋ ਪੂਰਨ ਅਨੰਦ ਨਹੀ ਹੋ ਸਕਤਾ।

ਦੇਖੋ ਭਈ ਗੁਰਬਾਣੀ ਮੇ ਇਸ ਬਾਤ ਕਾ ਸਪਸਟੀ ਕਰਨ ਐਸੇ ਕੀਆ ਹੂਆ ਹੈ

ਪੜੇ ਰੇ ਸਗਲ ਬੇਦ, ਨਹ ਚੂਕੈ ਮਨ ਭੇਦ,
ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ।
ਕੋਈ ਐਸੋ ਰੇ ਭਗਤ,ਜੁ ਮਾਇਆ ਤੇ ਰਹਤੁ,
ਇਕੁ ਅੰਮ੍ਰਿਤ ਨਾਮ, ਮੇਰੈ ਰਿਦੈ ਸਿੰਚਾ।
ਜੇਤੇ ਰੇ ਤੀਰਥ ਨਾਏ,ਅਹੰਬੁਧਿ ਮੈਲੁ ਲਾਏ,
ਘਰੁ ਕੋ ਠਾਕੁਰੁ ਇਕੁ ਤਿਲੁ ਨ ਮਾਨੈ।
ਕਦ ਪਾਵਉ ਸਾਧ ਸੰਗ ਹਰਿ ਹਰਿ ਸਦਾ ਅਨੰਦ
ਗਿਆਨ ਅੰਜਨਿ ਮੇਰਾ ਮਨੁ ਇਸਨਾਨੈ।
ਸਗਲ ਆਸ੍ਰਮ ਕੀਨੇ ਮਨੂਆ ਨਹਿ ਪਤੀਨੇ
ਬਿਬੇਕ ਹੀਨ ਦੇਹੀ ਧੋਏ।
ਕੋਈ ਪਾਈਐ ਰੇ ਪੁਰਖੁ ਬਿਧਾਤਾ
ਪਾਰ ਬ੍ਰਹਮਕੈ ਰੰਗਿ ਰਾਤਾ
ਮੇਰੇ ਮਨ ਕੀ ਦੁਰਮਤਿ ਮਲ ਖੋਏ।.....

(੬੮੭)

ਇਤ ਆਦਿਕ ਸ਼ਬਦੋਂ ਕਾ ਭਾਵ ਹੈ ਕਿ ਮਨ ਕੀ ਦੁਰਮਤੀ ਵ ਵਿਕਾਰੋ ਕੋ ਦੂਰ ਕਰਨੇ ਕੇ ਲੀਏ ਐਸੇ ਸਤਿਗੁਰੂ ਕੀ ਜਰੂਰਤ ਹੈ ਜਿਸਕੇ ਮਿਲਨੇ ਅਥਵਾ ਦਰਸਨ ਦੀਦਾਰ ਕਰਨੇ ਸੇ ਸੁਭਾਵਿਕ ਹੀ ਮਨ ਕੋ ਅਨੰਦ (ਸੁਖ) ਆ ਜਾਏ। ਔਰ ਹਰ ਤਰਾਂ ਕਾ ਭਰਮ ਭੁਲੇਖਾ ਖਤਮ ਹੋ ਜਾਏ।

ਏਸੇ ਕਥਾ ਵਿਚ ਹੀ ਅਖਾੜੇ ਦੇ ਭੰਡਾਰੀ ਨੇ ਆਕੇ ਅਰਜ ਕੀਤੀ, ਭਗਵਨ! ਭੰਡਾਰਾ ਤਿਆਰ ਹੈ। ਭੰਡਾਰੇ ਦੀ ਤਿਆਰੀ ਸੁਣਕੇ ਸੰਤਾਂ ਨੇ ਓਥੇ ਹੀ ਕਥਾ ਦੀ ਸਮਾਪਤੀ ਕਰ ਦਿਤੀ।

੧੪

ਪਤਾ ਨਹੀ ਅਜ ਦੀ ਕਥਾ ਕਰਦਿਆਂ ਮੇਰੇ ਅਪਨੇ ਹੀ ਮਨ ਨੂੰ ਕੀ ਹੋ ਗਿਆ, ਮੈਨੂੰ ਅਜ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਕਬੀਰ ਜੀ ਨੇ ਕਿਤੇ ਮੇਰੇ ਵਾਸਤੇ ਹੀ ਇਹ ਸਲੋਕ ਲਿਖਿਆ ਹੋਵੇ ਕਿ:–

ਅਵਰਨ ਕੋ ਉਪਦੇਸ ਤੇ ਮੁਖ ਮੇ ਪਰ ਹੈ ਰੇਤ।
ਰਾਸ ਬਿਰਾਨੀ ਰਾਕਤੇ ਖਾਯਾ ਘਰ ਕਾ ਖੇਤ।

ਸਗੋ ਗੁਰੂ ਅਰਜਨ ਸਾਹਿਬ ਜੀ ਨੇ ਭੀ ਇਹ ਵਾਕ ਮੇਰੇ ਲੀਏ ਲਿਖਾ ਹੋ ਕਿ:–

ਅਵਰ ਉਪਦੇਸੈ ਆਪ ਨ ਕਰੈ।
ਆਵਤ ਜਾਵਤ ਜਨਮਹਿ ਮਰੈ।

ਮੈ ੧੯ ਸਾਲ ਦਾ ਸਾਂ ਜਦੋਂ ਘਰੋਂ ਨਾਂਗੇ ਸਾਧਾਂ ਨਾਲ ਰਲਿਆ ਫਿਰ ਸਾਧ ਬਣਕੇ ਮੈਂ ਸਾਲਾਂ ਬਧੀਕਈ ਤਪ ਸਾਧਨਾ ਸਾਧੀਆਂ ਕਈ ਆਸਣਾ ਦਾ ਅਧਿਐਨ ਕੀਤਾ, ਕਈ ਹਠ ਯੋਗ ਕੀਤੇ, ਧੂਣੀਆਂ ਤਪੀਆਂ, ਜਲਧਾਰਾ ਕਤੇ, ਪਰ ਮਨ ਦੀ ਹਾਲਤ ਵਿਚ ਕੋਈ ਸੁਧਾਰ ਨ ਹੋਇਆ। ਫਿਰ ਉਨਾਂ ਉਦਾਸੀਆਂ ਮਹਾਂ ਪੁਰਸ਼ਾਂ ਦੀ ਸੰਗਤ ਕੀਤੀ ਸ਼ਾਂਖ ਤੇ ਵੇਦਾਂਤ ਸਾਸਤ੍ਰਾਂ ਨੂੰ ਘੋਖਿਆ ਸ੍ਰੀ ਗੁਰੂ (ਗ੍ਰੰਥ) ਸਾਹਿਬ ਦੇ ਪਾਠ ਤੇ ਕਥਾ ਦਾ ਅਭਿਆਸ ਕਰਦਾ ਰਿਹਾ।

ਰਮਤ ਦਾ ਪ੍ਰਬੰਧ ਤੇ ਸ੍ਰੀ ਮਹੰਤ ਸਾਹਿਬ ਦੀ ਸੇਵਾ ਵੀ ਮੈ ਅਪਨੇ ਵਲੋਂ ਬਹੁਤ ਕੀਤੀ ਹੈ।

ਪਰ ਜਿਵੇਂ ਗੁਰੂ ਜੀ ਨੇ ਲਿਖਿਆ ਹੋਇਆ ਹੈ, ਜਿਤਨਾ ਚਿਰ ਤਪ ਸਾਧਨਾ ਤੇ ਵੇਦ ਵਿਦਿਆਅਥਵਾ ਗੁਰਬਾਣੀ ਦੇ ਪਾਠ ਤੇ ਕਥਾ ਕਰਨ ਦੇ ਬਾਵਜੂਦਮਨ ਕਰੇ ਪਾਰੇ ਦੀ ਤਰਾਂ ਹਿਰਦੇ ਰੂਪੀ ਬਰਤਨ ਦੇ ਵਿਚ ਕਿਣਕਾ ਕਿਣਕਾ ਹੋਕੇ ਖਿਲਰਿਆ ਫਿਰਦਾ ਹੈ। ਸਗੋਂ ਇਸਦੀ ਭਟਕਣਾ ਵਿਚ ਵਾਧਾ ਹੁਦਾ ਜਾਰਿਹਾ ਹੈ। ਹੁਣ ਮੈ ਕੀ ਕਰਾਂ ਕਿਧਰ ਜਾਵਾਂ, ਕਿਸਨੂੰ ਪੁਛਾਂ ਆਪਣੇ ਵਲੋਂ ਤਾਂ ਮੈ ਸਾਲਾਂ ਬਧੀ ਮਨ ਦੀ ਸਾਂਤੀ ਵਾਸਤੇ ਬੜੀਆਂ ਟਕਰਾਂ ਮਾਰੀਆਂ ਹਨ- ਸਮਾਧੀਆਂ ਵੀ ਲਾਈਆਂ ਹਨ ਪਰ ਮਨ ਹਾਲੇ ਕਬੀਰ ਜੀ ਦੇ ਲਿਖਣ ਅਨੁਸਾਰ—

"ਕਬੀਰ ਮਨ ਪੰਖੀ ਭਇਆ
ਉਡਿ ਉਡਿ ਦਹਦਿਸ ਜਾਇ'

ਅਥਵਾ—

ਮਨ ਬਾਸ਼ੇ ਜਿਉਂ ਭਉਂਦਿਆ

ਕਮਲਾ ਹੋਇਆ ਹੋਇਆ ਮਨ ਥਾਂ ਥਾਂ ਭਟਕਦਾ ਫਿਰਦਾ ਹੈ ਹੇ ਈਸ਼ਵਰ:—

ਬਿਰਥਾ ਕਹਉ ਸਿਉ ਮਨ ਕੀ।.........
ਸੁਖ ਕੈ ਹੇਤ ਬਹੁਤ ਦੁਖ ਪਾਵਤ
ਸੇਵ ਕਰਤ ਜਨ ਜਨ ਕੀ। ...... ?

ਇਤ ਆਦਿਕ ਵਿਦਵਤਾ ਭਰੀਆਂ ਸੋਚਾਂ ਨਾਲ ਚਿੰਤਾਤੁਰ ਹੋਇਆ ਸੰਤ ਸੁਤੇ ਪ੍ਰਕਾਸ਼ ਆਪਣੇਆਸਣ ਤੇ ਲੰਮਾ ਪਿਆ ਪਿਆ ਸੌਂ ਜਾਦਾ ਹੈ।

੧੫

ਹੈਂ ! ਇਹ ਚਾਨਣਾ ਕਿਸਦਾ, ਕਿਥੋਂ ਆ ਰਿਹਾ ਹੈ ਇਹ ਪ੍ਰਕਾਸ਼ ਸੂਰਜ ਦਾ ਨਹੀ ?

ਸੂਰਜ ਦੇ ਤੇਜ ਵਿਚ ਗਰਮੀ ਹੁੰਦੀ ਹੈ, ਪਰਇਸ ਤੇਜ ਵਿਚ ਠੰਢ ਹੈ ! ਸ਼ਾਂਤੀ ਹੈ !! ਤੇ ਤੇਜ ਕਈਆ ਸੂਰਜਾਂ ਤੋਂ ਵੀ ਵਧੇਰਾ ਹੈ ਭਾਂਵੇ ਜਿਸ ਚੀਜ ਦਾ ਇਹ ਪ੍ਰਕਾਸ਼ ਹੈ ਉਹ ਮੈਨੂੰ ਨਜਰ ਨਹੀ ਆਉਂਦੀ— ਪਰ ਇਹ ਹੈ ਕੋਈ ਅਸਚਰਜ ਰੂਪ। ਏਸੇ ਹੀ ਸੁਪਨ ਦ੍ਰਿਸਟਾਨ ਵਿਚ ਸੁਤੇ ਪ੍ਰਕਾਸ਼ ਇਕ ਅਨੋਖੀ ਅਵਾਜ ਦੁਆਰਾ ਸੁਣ ਰਹਿਆ ਹੈ:—

ਕਿ:—

ਸੁਤੇ ਪ੍ਰਕਾਸ਼। ਤੂੰ ਸਾਹਿਬ ਸਿੰਘ ਹੈਂ ?
ਬਥੇਰਾ ਚਿਰ ਤੂ ਫਿਰ ਤੁਰ ਲਿਆ ਹੈ।
ਬੜੀਆਂ ਮੌਜਾਂ ਮਾਣ ਲਈਆਂ ਹੈਨੀ ?
ਤੈਨੂੰ ਕੇਵਲ ਏਸੇ ਵਾਸਤੇ ਹੀ ਘਰੋਂ ਨਹੀ ਸੀ ਕਢਿਆ ?
ਸਗੋਂ ਤੇਰੇ ਪਾਸੋਂ ਅਸਾਂ ਗੁਰੂ ਭਗਤੀ ਤੇ ਵਤਨ ਪ੍ਰਸਤੀ ਦਾ ਹੋਰ ਵੀ ਬਹੁਤ ਕੰਮ ਲੈਣਾ ਹੈ।
ਤੇਰਾ ਇਹ ਜੋਗ (ਜੋ ਤੂੰ ਧਾਰਨ ਕਰ ਰਖਿਆ ਹੈ।
ਅਜ ਤੋ ਪੂਰਾ ਹੋ ਗਿਆ ਹੈ।
ਹੁਣ ਛੇਤੀ ਉਠ ਅਸ਼ਨਾਨ ਪਾਣੀ ਕਰਕੇ ਜਿਲੇ ਲੁਧਿਆਣੇ ਦੇ ਪਿੰਡ ਭੈਣੀ ਸਾਹਿਬ ਵਿਚ ਆਕੇ ਮਿਲ। ਹੁਣ ਦੇਰੀ ਨਹੀ ਕਰਨੀ ?
ਇਤਆਦਿਕ ਵਾਕਾਂ ਦੇ ਨਾਲ ਹੀ ਉਹ ਚਾਨਣਾ ਤੇ ਅਵਾਜ ਦੋਵੇਂ ਹੀ ਅਲੋਪ ਹੋ ਗਏ।

ਤੇ ਸੁਤੇ ਪ੍ਰਕਾਸ਼ ਚੁੰਧਿਆਈਆਂ ਅਖੀਆਂ ਨੂੰ ਦੋਹਾਂ ਹਥਾਂ ਨਾਲ ਮਲਦਾ ਬੜੀ ਹੈਰਾਨਗੀ ਨਾਲ ਬਿਸਤਰੇ ਤੋਂ ਉਠਦਾ ਹੋਇਆ ਸੋਚ ਰਿਹਾ ਹੈ ਕਿ ਇਹ ਕੀ ਕੌਤਕ ਵਰਤਿਆ ? ਚਾਨਣੇ ਦੇ ਤੇਜ ਨਾਲ ਉਸ ਪ੍ਰਕਾਸ਼ ਭੰਡਾਰ ਦੇ ਦਰਸਨ ਨਹੀ ਕਰ ਸਕਿਆ।

ਜਿਹੜੇ ਬਚਨ ਮੇਰੇ ਕੰਨਾ ਵਿਚ ਪਏ ਹਨ, ਉਨਾਂ ਤੋਂ ਇਉਂ ਪ੍ਰਤੀਤ ਹੁੰਦਾ ਹੈ, ਕਿ ਉਹ ਪ੍ਰਕਾਸ਼ ਵਾਲਾ ਸਰੂਪ ਮੈਨੂੰ ਮੁਢ ਤੋਂ ਹੀ ਜਾਣਦਾ ਹੈ ਤੇ ਸਗੋਂ ਉਸਨੇ ਹੀ ਮੈਨੂੰ ਚੇਟਕ ਲਾਕੇ ਘਰੋਂ

ਬਾਹਰ ਕਢਿਆ ਸੀ।

ਇਉਂ ਪ੍ਰਤੀਤ ਹੁੰਦਾ ਹੈ, ਕਿ ਕਲ ਕਥਾ ਤੋਂ ਬਾਦ ਮੇਰੇ ਅੰਦਰ ਮਨ ਦੀ ਬਿਵਸਥਾ ਵਾਲੇ ਜੋ ਫੁਰਨੇ ਫੁਰਦੇ ਰਹੇ ਤੇ ਕੋਈ ਘਾਟ ਜਿਹੀ ਪ੍ਰਤੀਤ ਹੁੰਦੀ ਰਹੀ, ਇਹ ਸਭ ਉਸੇ (ਪ੍ਰਕਾਸ਼ ਵਾਲੇ) ਕਿਸੇ ਵਿਅਕਤੀ ਦੀ ਪ੍ਰੇਰਨਾ ਹੀ ਸੀ। ਨਹੀ ਤਾਂ ਮੈ ਕਈ ਵਾਰੀ ਕਿਤਨੀ ਕਿਤਨੀ ਕਥਾ ਕਰਦਾ ਰਹਿਆ ਹਾਂ। ਕਦੇ ਆਪਣੀ ਘਾਟ ਵਾਲੇ ਫੁਰਨੇ ਫੁਰੇ ਹੀ ਨਹੀ ਸਨ ?

੧੬

ਸੁਆਮੀ ਜੀ ਮਹਾਰਾਜ ਮੇਰਾ ਨਾਮ ਅਜ ਅਖਾੜੇ ਦੀ ਰਮਤ ਤੋਂ ਉਪਰਾਮ ਹੋ ਗਿਆ ਹੈ, ਇਸ ਵਾਸਤੇ ਮੈਨੂੰ ਆਗਿਆ ਦੇਵੋ, ਹੁਣ ਮੈ ਕਿਤੇ ਹੋਰ ਥਾਂ ਜਾਣਾ ਚਾਹੁੰਦਾ ਹਾਂ।

ਸੰਤ ਸੁਤੇ ਪ੍ਰਕਾਸ਼ ਨੇ ਅਖਾੜੇ ਦੇ ਸ੍ਰੀ ਮਹੰਤ ਜੀ ਪਾਸ ਸਵੇਰੇ ਹੀ ਜਾ ਅਰਜ ਕੀਤੀ।

ਸ੍ਰੀ ਮਹੰਤ ਜੀ—

ਸੁਤੇ ਪ੍ਰਕਾਸ਼ ਕਿਆ ਬਾਤ ਹੋ ਗਈ, ਰਾਤ ਕਿਸੀ ਸੇ ਝਗੜਾ ਤੋ ਨਹੀ ਹੋ ਗਿਆ।

ਇਕ ਦਮ ਆਗਿਆ ਲੇਨੇ ਕਾ ਕਿਆ ਕਾਰਨ ਹੈ ?

ਸੁਤੇ ਪ੍ਰਕਾਸ਼—

ਸੁਆਮੀ ਜੀ ਕਿਸੇ ਨਾਲ ਕੋਈ ਝਗੜਾ ਨਹੀ ਹੋਇਆ ਨ ਕੋਈ ਗਲ ਹੀ ਹੋਈ ਹੈ। ਮੇਰੇ ਏਥੋਂ ਜਾਣ ਦਾ ਕਾਰਨ ਕੇਵਲ ਉਹੀ ਹੈ ਜਿਸਦੀ ਵਜਾ ਕਰਕੇ ਮੈ ਘਰੋਂ ਨਿਕਲ ਕੇ ਪਹਿਲਾਂ ਨਾਗਾ ਸਾਧ ਬਣਿਆ ਸਾਂ ਤੇ ੧੨ ਵਰੇ ਕਈ ਤਪ ਸਾਧੇ ਤੇ ਕਈ ਹਠ ਯੋਗ ਕੀਤੇ ਪਰ ਇਤਨਾ ਕੁਝ ਕਰਨ ਦੇ ਬਾਵਜੂਦ ਵੀ ਮਨ ਦੀ ਤਸਲੀ ਨ ਹੋਈ। ਉਸੇ ਕਾਰਨ ਕਰਕੇ ਫਿਰ ਮੈ ਆਪ ਜੀ ਦੇ ਅਖਾੜੇ ਵਿਚ ਆਇਆ। ਅਰ ਆਪ ਦੇ ਹੁਕਮ ਮੁਤਾਬਿਕ ਵਰਿਹਾਂ ਬਧੀ ਅਖਾੜੇ ਦੀ ਸੇਵਾ ਕੀਤੀ।

ਸੁਤੇ ਪ੍ਰਕਾਸ਼ ਕੈਸੀ ਬਾਤੇਂ ਕਰਤਾ ਹੈਂ। ਦੇਖੋ ਆਪ ਸਾਧੂਓਂ ਕੀ ਮੰਡਲੀ ਮੇ ਰਹਿਤੇ ਹੈਂ ਕਥਾ ਬਾਰਤਾ ਕਰਤੇ ਹੈਂ। ਸਾਧੂ ਕੀ ਮੰਡਲੀ ਏਕ ਵੋਹ ਕਿਲਾ ਹੋਤਾ ਹੈ,ਜਿਸਮੇ ਸਾਵਧਾਨ ਰਹਿਨੇ ਸੇ ਕਿਸੀ ਪ੍ਰਕਾਰ ਕੇ ਵਿਕਾਰ ਕਰਨੇ ਕਾ ਸਮੇ ਹੀ ਨਹੀ ਮਿਲਤਾ ਅਥਵਾ ਕੋਈ ਵਿਕਾਰ ਯਹਾਂ ਆ ਨਹੀ ਸਕਤਾ।

ਅਗਰ ਸਰੀਰ ਕਰਕੇ ਵਿਕਾਰ ਕਾ ਕਾਮ ਯਾ ਬਾਤ ਨ ਕੀ ਜਾਏ ਤੋ ਮਨ ਕਿਆ ਕਰੇਗਾ ?

ਅਗਰ ਯਹ ਮਨ ਜਹਾਜ ਕੇ ਕਾਉਂ ਕੀ ਤਰਾਂ ਸਮੁੰਦਰ ਮੇ ਜਾ ਰਹੇ ਜਹਾਜ ਸੇ ਉਡੇਗਾ ਤੋ ਜਾਇਗਾ ਕਹਾਂ ? ਆਖਰ ਉਸੀ ਜਹਾਜ ਮੇ ਹੀ ਉਸੇ ਆਨਾ ਹੋਗਾ ?

ਇਸ ਲੀਏ ਮਨ ਕੀ ਸਥਿਰਤਾ ਕੇ ਲੀਏ ਸਾਧੂਓਂ ਕੀ ਮੰਡਲੀ ਕੋ ਛੋੜਨਾ ਠੀਕ ਨਹੀ ਹੈ।

ਆਓ ਬੈਠੀਏ ਔਰ ਜਾਣ ਕਾ ਵਿਚਾਰ ਛੋੜੀਏ।

ਸੁਤੇ ਪ੍ਰਕਾਸ਼—

ਸੁਆਮੀ ਜੀ

ਆਪ ਜੀ ਦੀ ਬਾਤ ਤਾਂ ਠੀਕ ਹੈ ਪਰ ਹੁਣ ਮੇਰਾ ਮਨ ਇਥੋਂ ਤੁਰ ਜਾਣ ਲਈ ਉਪਰਾਮ ਹੋ ਚੁਕਾ ਹੈ। ਇਸ ਲਈ ਮੈਨੂੰ ਖੁਸੀ ਨਾਲ ਆਗਿਆ ਦੇਵੋ ?

ਸ੍ਰੀ ਮਹੰਤ ਜੀ—

ਸੁਤੇ ਪ੍ਰਕਾਸ਼ ਕਿਧਰ ਜਾਣੇ ਕਾ ਇਰਾਦਾ ਹੈ ਤੁਮਾਰਾ ?

ਸੁਤੇ ਪ੍ਰਕਾਸ਼—

ਸੁਆਮੀ ਜੀ ਮੈ ਆਪਕੇ ਸਾਮ੍ਹਣੇ ਝੂਠ ਨਹੀ ਬੋਲਾਂਗਾ ਅਜ ਰਾਤ ਮੈਨੂੰ ਇਕ ਦ੍ਰਿਸ਼ਟਾਂਤ ਰਾਹੀ ਜਿਲੇ ਲੁਧਿਆਣੇ ਦੇ ਕਿਸੇ ਭੈਣੀ ਪਿੰਡ ਜਾਣ ਲਈ ਅਗੰਮੀ ਆਵਾਜ਼ਾ ਹੋਇਆ ਹੈ, ਮੈ ਉਥੇ ਜਾਣਾ ਚਾਹੁੰਦਾ ਹਾਂ?

ਸ੍ਰੀ ਮਹੰਤ ਜੀ—

ਮੁਝੇ ਸਮਝ ਆ ਗਈ ਥੋੜਾ ਚਿਰ ਹੂਆ ਵਹਾਂ ਏਕ ਪੂਰਨ ਪੁਰਖ ਪ੍ਰਗਟ ਹੂਆ ਹੈ, ਉਨਕੀ ਮਹਿਮਾ ਮੈਨੇ ਭੀ ਸੁਨੀ ਹੈ। ਉਨਕੋ ਆਮ ਲੋਕ ਗੁਰੂ ਨਾਨਕ ਕੀ ਗਦੀ ਕਾ ਉਤ੍ਰਾਧਿਕਾਰੀ ਭੀ ਮਾਨਤੇ ਹੈਂ। ਲੇਕਨ ਅਭੀ ਨਈ ਨਈ ਬਾਤ ਹੈ, ਕਭੀ ਸਮਾ ਮਿਲਾ ਤੋ ਹਮ ਭੀ ਉਨਕਾ ਦਰਸਨ ਕਰੇਂਗੇ। ਜੇਕਰ ਤੁਮ ਉਨਕੇ ਪਾਸ ਜਾਨਾ ਹੈ ਤੋ ਬੇਸ਼ਕ ਜਾਵੋ। ਉਨਕਾ ਨਾਮ ਮੈਨੇ (ਸਤਿਗੁਰੂ)ਰਾਮ ਸਿੰਘ ਸੁਨਾ ਹੈ।

੧੭

ਬਾਬਾ ਜਵਾਹਰ ਸਿੰਘ ਜੀ ਅਜ ਤੁਹਾਡੇ ਪਾਸ ਇਕ ਉਦਾਸੀ ਸਾਧ ਆ ਰਿਹਾ ਹੈ, ਇਹ ਵੀ ਤੁਹਾਡੇ ਵਾਂਗ ਬੜੇ ਦਿਰਦਾ ਘਰੋਂ ਨਿਕਲਿਆ ਹੋਇਆ ਸੀ, ਇਸਨੇ ਪਹਿਲਾਂ ਨਾਂਗਿਆਂ ਵਿਚ ਰਹਿਕੇ ਤੇ ਫਿਰ ਉਦਾਸੀਆਂ ਵਿਚ ਜਾਕੇ ਬੜੀ ਕਮਾਈ ਕੀਤੀ ਹੈ। ਬੜੇ ਸਾਧਨ ਤੇ ਤਪ ਕੀਤੇ ਹਨ ਬਹੁਤ ਵਿਦਵਾਨ ਤੇ ਬੁਧੀਵਾਨ ਹੈ, ਅਖਾੜੇ ਦੀ ਰਮਤ ਕਰਨ ਕਰਾਵੌਣ ਦਾ ਇਸਨੂੰ ਬੜਾ ਤਜਰਬਾ ਹੈ।

ਅਕਾਲ ਪੁਰਖ ਨੇ ਪ੍ਰੇਰਨਾ ਕਰਕੇ ਇਸਨੂੰ ਹੁਣ ਤੁਹਾਡੇ ਪਾਸ ਸੰਤ ਖਾਲਸੇ ਦੀ ਸੇਵਾ ਕਰਨ ਨੂੰ ਭੇਜਿਆ ਹੈ।

ਸ੍ਰੀ ਭੈਣੀ ਸਾਹਿਬ ਵਿਚ ਇਕ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਾਬੇ ਜਵਾਹਰ ਸਿੰਘ ਜੀ ਨੂੰ (ਜੋ ਨਿਰਮਲੇ ਸਾਧੂਆਂ ਵਿਚੋਂ ਨਿਕਲਕੇ ਆਏ ਹੋਏ ਸਨ) ਭਵਿਖਤ ਬਚਨਾਂ ਦੇ ਰੂਪ ਵਿਚ ਬਚਨ ਬਿਲਾਸ ਕਰਦਿਆਂ ਦਸਿਆ।

ਬਾਬਾ ਜੀ—

ਸਚੇ ਪਾਤਸ਼ਾਹ ਤੁਹਾਡੀਆਂ ਤੁਸੀ ਜਾਣੋ,
ਪਤਾ ਨਹੀ ਲਗਾ ਆਪ ਜੀ ਨੇ ਮੈਨੂੰ ਕੀ ਕੀਤਾ,
ਤੇ ਉਸ ਵਿਚਾਰੇ ਨੂੰ ਕਿਵੇਂ ਆਪਨੇ ਏਧਰਆਉਣ ਦੀ ਪ੍ਰੇਰਨਾ ਕੀਤੀ ਹੋਵੇਗੀ?

ਸਾਧਾਂ ਦੇ ਅਖਾੜੇ ਵਿਚੋਂ ਕੋਈ ਥੋੜੀ ਕੀਤਿਆਂ ਤੇ ਨਿਕਲ ਨਹੀ ਸਕਦਾ?

ਪਰ ਅਕਾਲ ਪੁਰਖ ਦੇ ਅਗੇ ਕੋਈ ਕਿਵੇਂ ਅਟਕ ਸਕਦਾ ਹੈ, ਜੇ ਵਿਚਾਰਾ ਤੁਰਿਆ ਹੋਇਆ ਹੈ ਤਾਂ ਆ ਹੀ ਜਾਵੇਗਾ?

ਸਤਿਗੁਰੂ ਜੀ—

ਬਾਬਾ ਜੀ ਜਿਸਤੋਂ ਅਕਾਲ ਪੁਰਖ ਨੇ ਅਪਣੀ ਕਾਰ ਲੈਣੀ ਹੈ, ਉਸਨੂੰ ਕਿਸੇ ਬਹਾਨੇ ਨਾਲ ਆਪ ਹੀ ਪ੍ਰੇਰ ਲੈਂਦਾ ਹੈ। ਤੇ ਔਹ ਵੇਖੋ। ਚਿਪੀ ਫੜੀ ਉਹ ਉਦਾਸੀ ਸਾਧ ਵਾਹੋ ਦਾਹੀ ਕਰਦਾ ਸਿਧਾ ਹੀ ਏਧਰ ਨੂੰ ਆ ਰਿਹਾ ਹੈ,

ਬਾਬਾ ਜਵਾਹਰ ਸਿੰਘ ਨੇ ਅਰਜ ਕੀਤੀ।

ਸ੍ਰੀ ਸਤਿਗੁਰ ਜੀ—

ਚਲੋ ਬਾਬਾ ਜੀ ਉਸਨੂੰ ਅਗਲ ਵਾਂਢੀ ਚਲਕੇ ਲੈ ਆਈਏ।

੧੮

ਗੁਰੂ ਦੇਵ ਨਮਸਕਾਰ

ਸੰਤ ਸੁਤੇ ਪ੍ਰਕਾਸ਼ ਨੇ ਦਰਸਨ ਕਰਦਿਆਂ ਹੀ ਆਪ ਮੁਹਾਰ ਇਵ ਆਖਦਿਆਂ ਸਤਿਗੁਰਾਂ ਦੇ ਚਰਨਾ ਉਤੇ ਬੜੀ ਨਿੰਮ੍ਰਤਾ ਸਹਿਤ ਨਮਸਕਾਰ ਕੀਤੀ

ਸੁਣਾਓ ਸੰਤ ਜੀ ਅਨੰਦ ਹੋ?

ਸਚੇ ਪਾਤਸ਼ਾਹ ਜੀ ਨ ਬੜੇ ਪਿਆਰ ਨਾਲ ਪੁਛਿਆ ਗੁਰੂ ਦੇਵ ਅਨੰਦ ਦੀ ਪ੍ਰਾਪਤੀ ਵਾਸਤੇ ਹੀ ਆਪਦੇ ਚਰਨਾਂ ਵਿਚ ਹਾਜਰ ਹੋਇਆ ਹਾਂ। ਜੇ ਅਨੰਦ ਹੁੰਦਾ ਤਾਂ ਏਥੇ ਸ਼ਾਇਦ ਹੀ ਆਉਂਦਾ। ਸੁਤੇ ਪ੍ਰਕਾਸ ਜੀ ਨੇ ਗਲ ਵਿਚ ਪਲਾ ਪਾ ਹਥ ਜੋੜਬੇਨਤੀ ਕੀਤੀ?

ਸੰਤ ਜੀ ਤੁਸੀ ਸਾਹਿਬ ਸਿੰਘ ਤੋਂ ਤਾਂ ਸੁਤੇਪ੍ਰਕਾਸ਼ ਨਹੀ ਬਣੇ ਹੋਏ? ਸਚੇ ਪਾਤਸ਼ਾਹ ਜੀ ਨੇ ਬਚਨ ਦਾ ਰੁਕ ਮੋੜਦਿਆਂ ਪੁਛਿਆ।

ਅੰਤਰਜਾਮੀ, ਗ੍ਰੀਬ ਨਿਵਾਜ ਤੈਥੋਂ ਕੀ ਭੁਲਿਆ ਹੋਇਆ ਹੈ,ਮੈਨੂੰ ਤਾਂ ਥੋੜੇ ਦਿਨ ਹੋਏ ਜਦੋਂ ਦ੍ਰਿਸਟਾਨ ਰਾਹੀਂ ਪਤਾ ਲਗਾ ਕਿ ਮੈਨੂੰ ਬੰਗਾਲੀ ਪੁਰ ਤੋਂ ਘਰੋਂ ਨਿਕਲਨ ਦੀ ਪ੍ਰੇਰਨਾ ਦੇਣ ਵਾਲੇ ਭੀ ਆਪ ਹੀ ਸੀਗੇ। ਪਰ ਜਿਨਾਂ ਚਿਰ ਭਾਗਾਂ ਵਿਚ ਦਰਸਨ ਨਹੀ ਸੀ ਕਿਵੇਂ ਗੁਰੂ ਦੇਵ ਦੇ ਦਰਸਨ ਹੁੰਦੇ।

ਸਾਹਿਬ ਦਾਸ ਨੇ ਅਰਜ ਕੀਤੀ?

ਸੰਤਜੀ ਜਿਵੇ ਬੀ ਬੀਜਣ ਤੋਂ ਪਹਿਲਾਂਪੈਲੀ ਨੂੰਕਈਤਰਾਂ ਨਾਲ ਤਿਆਰ ਕਰਨਾ ਪੈਂਦਾ ਹੈ, ਏਸੇ ਤਰਾਂ ਜਿਹੜਾ ਕੰਮ ਅਕਾਲ ਪੁਰਖ ਨੇਤੁਹਾਡੇਪਾਸੋਂ ਲੈਣਾਹੈ ਉਸਦੀ ਤਿਆਰੀ ਵਾਸਤੇ ਹੀ ਹੁਣ ਤਕ ਤੁਹਾਨੂੰ ਏਧਰ ਓਧਰ ਰਖਿਆ ਗਿਆ ਹੈ। ਤੁਸੀ ਕੋਈ ਫਿਕਰ ਨ ਕਰੋ।

ਚਲੋ ਚਲਕੇ ਪ੍ਰਸਾਦਾ ਪਾਣੀਛਕੋ।

ਸ੍ਰੀ ਸਤਿਗੁਰੂ ਜੀ ਨੇ ਬੜੇ ਪਿਆਰ ਨਾਲ ਸੁਤੇ ਪ੍ਰਕਾਸ਼ ਜੀ ਨੂੰ ਹੁਕਮ ਕੀਤਾ ।

ਗੁਰੂ ਦੇਵ—

ਮੈ ਜਿਹੜਾ ਪ੍ਰਸਾਦ ਲੈਣ ਲਈ ਆਇਆ ਹਾਂ ਅਰ ਜਿਹੜਾ ਪ੍ਰਸਾਦ ਦੇਣ ਦੀ ਆਪ ਨੇ ਮੈਨੂੰ ਪ੍ਰੇਰਨਾ ਦਿਤੀ ਸੀ ਪਹਿਲਾਂ ਉਹੋ ਪ੍ਰਸਾਦ ਮੈਨੂੰ ਦਿਓ ?

ਸੁਤੇ ਪ੍ਰਕਾਸ਼ ਨੇ ਬੇਨਤੀ ਕੀਤੀ।

ਬਾਬਾ ਜੀ ਸੰਤਾਂ ਨੂੰ ਪਹਿਲਾਂ ਇਸਨਾਨ ਕਰਵਾਓ ਸਚੇ ਪਾਤਸ਼ਾਹ ਜੀ ਨੇ ਬਾਬੇ ਜਵਾਹਰ ਸਿੰਘ ਜੀ ਨੂੰ ਹੁਕਮ ਦਿਤਾ।

ਤੇ ਛੇਤੀ ਹੀ ਅਸਨਾਨ ਕਰਕੇ ਉਦਾਸੀ ਸਾਧ ਆ ਹਾਜਰ ਹੋਇਆ ।

ਲੌ ਸੁਤੇ ਪ੍ਰਕਾਸ਼ ਜੀ ਇਸ ਗੁਰੂ ਮੰਤ੍ਰ ਦਾ ਸਿਮਰਨ ਕੀਤਾ ਕਰੋ

ਅਜ ਤੋਂ ਤੁਹਾਡਾ ਨਾਮ ਮੁੜ ਸਾਹਿਬ ਸਿੰਘ ਹੀ ਹੋਵੇਗਾ, ਪਰ ਮਾਪਿਆਂ ਵਾਲਾ ਸਾਹਿਬ ਸਿੰਘ ਨਹੀ, ਹੁਣ ਇਸ ਸਾਹਿਬ ਸਿੰਘ ਦਾ ਨਵਾਂ ਜਨਮ ਬਣਾਇਆ ਗਿਆ ਹੈ ਉਸਦੇ ਅਨੁਸਾਰ ਤੁਹਾਡਾ ਨਵਾਂ ਜੀਵਨ ਹੋਵੇਗਾ !

ਸ੍ਰੀ ਸਤਿਗੁਰੂ ਜੀ ਨੇ ਸੁਤੇ ਪ੍ਰਕਾਸ਼ ਦੇ ਕਨ ਵਿਚ ਮੰਤ੍ਰ ਦੇਕੇ ਮਨ ਦੇ ਸਾਰੇ ਭਰਮਾ ਦਾ ਹਨੇਰਾ ਦੂਰ ਕਰਕੇ ਪ੍ਰਤਖ ਰੂਪ ਵਿਚ ਉਹ ਪ੍ਰਕਾਸ ਵਿਖਾਲ ਦਿਤਾ ਜੋ ਇਸਨੇ ਦ੍ਰਿਸ਼ਟਾਂਤ ਵਿਚ ਵੇਖਿਆ ਸੀ। ਗੁਰੂ ਮੰਤ੍ਰ ਧਾਰਨ ਕਰਦਿਆਂ ਹੀ ਮਸਤੀ ਦੀ ਦਸ਼ਾ ਵਿਚ ਹੇਕੇ ਇਹ ਉਚੀ ਉਚੀ ਪੜਨ ਲਗ ਪਿਆ:—

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ।
ਸਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ।
ਬਰਸੁ ਏਕੁ ਹਉ ਫਿਰਿਓ
ਕਿਨੈ ਨਹੁ ਪਰਚਉ ਲਾਯਉ।
ਕਹਤਿਅਹ ਕਹਤੀ ਸੁਣੀ
ਰਹਤ ਕੋ ਖੁਸੀ ਨ ਆਯਹੁ।
ਹਰਿ ਨਾਮੁ ਛੋਡਿ ਦੂਜੈ ਲਗੇ
ਤਿਨ੍ ਕੇ ਗੁਣ ਹਉ ਕਿਆ ਕਹਉ।
ਗੁਰ ਦਯਿ ਮਿਲਾਯਉ ਭਿਖਿਆ
"ਜਿਵ ਤੂ ਰਖਹਿ ਤਿਵ ਰਹਉ"। ੨ ॥ ੨੦
(੧੩੯੬)

ਸਤਿ ਸ੍ਰੀ ਅਕਾਲ

ਰੁਬਾਈ

ਚੰਦਨ ਬਾਸ' 'ਰਾਮ ਹਰਿ ਗੁਰ ਦੀ' ਜਿਸ ਜਦ ਆਕੇ ਪਾਈ।
ਨਿੰਮ ਸਮਾਨ ਜੀਵਨ ਦੇ ਅੰਦਰ ਮਿਠੀ ਮਹਿਕ ਮਹਿਕਾਈ।
ਸੇਵਕ ਰਹਿਜੋ ਗੁਰੂ ਚਰਨਾਂ ਵਿਚ ਨੀਤੀਵਾਨ ਹੋਇਆ ਭਾਰਾ,
ਸੂਬਾ ਸਾਹਿਬ ਸਿੰਘ ਸੀ, 'ਵਿਰਕ' ਜਿਸਤੋਂ ਗੋਰੇ ਸ਼ਾਹੀ ਘਬਰਾਈ।

ਹਰਦੇਵ ਸਿੰਘ 'ਵਿਰਕ'
ਪ੍ਰੈਸ ਮੈਨ—ਸ੍ਰੀ ਜੀਵਨ ਨਗਰ

ਸੂਬਾ ਸਾਹਿਬ ਸਿੰਘ ਜੀ ਅਤੇ
ਕੂਕਾ ਮੂਵ ਮੈਂਟ

—ਮਾਸਟਰ ਨਿਹਾਲ ਸਿੰਘ ਜੀ ਬੀ. ਏ. ਸ੍ਰੀ ਭੈਣੀ ਸਾਹਿਬ

ਸੂਬਾ ਸਾਹਿਬ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਨਿੰਨ ਭਗਤਾਂ ਵਿਚੋਂ ਸਨ ! ਇਹ ਧਰਮ ਪ੍ਰਾਇਣ, ਰਾਜਨੀਤੀ ਦੇ ਇਕ ਤਜਰਬਾ ਕਾਰ ਪ੍ਰਬੰਧਕ ਸਨ। ਇਹੋ ਵਜਾ ਸੀ ਕਿ ਇਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਵਧੇਰੇ ਨੇੜੇ ਰਹਿਣ ਦਾ ਮਾਣ ਪ੍ਰਾਪਤ ਹੋਇਆ। ਜਿਸ ਵਕਤ ਤੋਂ ਇਹ ਗੁਰੂ ਚਰਨਾਂ ਵਿਚ ਹਾਜ਼ਰ ਹੋਏ, ਅਤੇ ਭਜਨ ਪੁਛਕੇ ਨਾਮ-ਧਾਰੀ ਬਣੇ, ਉਸ ਵਕਤ ਤੋਂ ਹੀ ਇਹ ਸਤਿਗੁਰੂ ਜੀ ਦੇ ਨਿਕਟ ਵਰਤੀ ਹੋ ਗਏ। ਭਾਂਵੇ ਸਤਿਗੁਰੂ ਜੀ ਭੈਣੀ ਸਾਹਿਬ ਰਹਿਣ ਜਾਂ ਦੌਰਿਆਂ ਉਤੇ ਜਾਣ,ਬਾਬਾ ਸਾਹਿਬ ਸਿੰਘ ਜੀ ਨੂੰ ਸਚੇ ਪਾਤਸ਼ਾਹ ਹਮੇਸ਼ਾਂ ਪਾਸ ਰਖਣ ਦਾ ਮਾਣ ਬਖਸ਼ਦੇ। ਅਰ ਸਾਰੇ ਪੰਥਕ ਪ੍ਰੋਗ੍ਰਾਮ ਉਲੀਕਣ ਸਮੇ ਇਨਾਂ ਨਾਲ ਸਲਾਹ ਮਸ਼ਵਰਾ ਕਰਦੇ।

ਸੰਨ ੧੮੬੩ ਦੀ ਜੁਲਾਈ ਨੂੰ (ਜਦ ਨਾਮਧਾਰੀ ਪੰਥ ਦੇ ਵਧ ਰਹੇ ਪ੍ਰਚਾਰ ਤੇ ਦੇਸ਼ ਵਿਚ ਨਵੇਂ ਸਿਰੇ ਉਠ ਰਹੀ ਆਜ਼ਾਦੀ ਦੀ ਲਹਿਰ ਨੂੰ ਵੇਖਕੇ) ਅੰਗ੍ਰੇਜ਼ੀ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਉਤੇ ਜਾਂ ਸ੍ਰੀ ਭੈਣੀ ਸਾਹਿਬੋਂ ਬਾਹਰ ਜਾਣ ਤੇ ਪਾਬੰਦੀ ਲਾ ਦਿਤੀ। ਤਾਂ ਸਤਿਗੁਰੂ ਜੀ ਨੇ ਅਪਨਾ ਧਾਰਮਿਕ ਤੇ ਨੀਤਕ ਪ੍ਰਚਾਰ ਜਾਰੀ ਰਖਨ ਵਾਸਤੇ ਪਹਿਲਾਂ ਪੰਜ ਮੁਖੀਏ (ਸੂਬੇ) ਕਾਇਮ ਕਰਕੇ ਅੰਗਰੇਜੀ ਹਕੂਮਤ ਦੇ ਮੁਕਾਬਿਲੇ ਉਤੇ ਇਕ ਮੁਤਵਾਜੀ (ਮੁਕਾਬਿਲੇ) ਨਜਾਮ ਕਾਇਮ ਕਰ ਦਿਤਾ। ਇਹ ਸੂਬੇ ਸਾਰੇ ਇਲਾਕਿਆਂ ਵਿਚ ਦੌਰਾ ਕਰਕੇ ਗੁਰੂਮਤ ਅਤੇ ਦੇਸ਼ ਭਗਤੀ ਦਾ ਪ੍ਰਚਾਰ ਕਰਦੇ। ਸ੍ਰੀ ਸਤਿਗੁਰੂ ਜੀ ਨੇ ਉਸ ਵਕਤ ਜੋ ਪਹਿਲੇ ਸੂਬੇ ਥਾਪੇ, ਉਨਾਂ ਦੇ ਨਾਮ ਇਸ ਪ੍ਰਕਾਰ ਸਨ।

(੧) ਬਾਬਾ ਕਾਨ੍ਹ ਸਿੰਘ ਨਿਹੰਗ ਪਿੰਡ ਚੱਕਕਲਾਂ (ਜਿਲਾ ਸੰਗਰੂਰ)
(੨) ਬਾਬਾ ਜਵਾਹਰ ਸਿੰਘ ਪਿੰਡ ਸੋਹਲ (ਜਿਲਾ ਅੰਮ੍ਰਿਤਸਰ)
(੩) ਬਾਬਾ ਸਾਹਿਬ ਸਿੰਘ ਪਿੰਡ ਬੰਗਾਲੀਪੁਰ (ਜਿਲਾ ਅੰਮ੍ਰਿਤਸਰ)
(੪) ਬਾਬਾ ਸੁਧ ਸਿੰਘ (ਜਿਲਾ ਅੰਬਾਲਾ)
(੫) ਬਾਬਾ ਲਖਾ ਸਿੰਘ ਮਲੌਦ (ਜਿ. ਲੁਧਿਆਣਾ)

ਇਨਾਂ ਸੂਬਿਆਂ ਵਿਚੋਂ ਜੋ ਬਾਬਾ ਸਾਹਿਬ ਸਿੰਘ ਜੀ ਸਨ, ਇਹ ਨਾਮਧਾਰੀ ਬਣਨ ਤੋਂ ਪਹਿਲਾਂ ਨਾਗਿਆਂ ਤੇ ਉਦਾਸੀਆਂ ਵਿਚ ਰਹਿਕੇ ਮੰਡਲੀਆਂ ਦੀਆਂ ਰਮਤਾਂ ਦਾ ਪ੍ਰਬੰਧ ਕਰਨ ਦੇ ਚੰਗੇ ਤਜਰਬਾ-ਕਾਰ ਸਨ। ਤੇ ਬੜੇ ਹਠੀ, ਤਪੀ, ਤੇ ਤਿਆਗੀ ਸਨ।

ਜਦੋਂ ਇਹ ਦਰਗਾਹੀ ਸੱਦੇ (ਅਕਾਸ਼ ਬਾਣੀ) ਨੂੰ ਸੁਣਕੇ ਉਦਾਸੀ ਸਾਧਾਂ ਨਾਲ ਸ੍ਰੀ ਭੈਣੀ ਸਾਹਿਬ ਆਏ ਤਾਂ ਜਥੇਦਾਰ ਨਿਰੰਜਨ ਸਿੰਘ ਦੇ ਕਥਨ ਅਨੁਸਾਰ ਇਨਾਂ ਨੇ ਅਪਨੀ ਤਸੱਲੀ ਕਰਨ ਵਾਸਤੇ ਇਕ ਸਾਧ ਨੂੰ ਇਕ ਵਡਾ ਸਾਰੀ ਚਿਪੀ ਦੇ ਕੇ ਸਤਿਗੁਰੂ ਜੀ ਦੇ ਘਰ ਦੁਧ ਲੈਣ ਲਈ ਭੇਜਿਆ। ਅਰ ਉਸਨੂੰ ਤਾਕੀਦ ਕੀਤੀ ਕਿ ਤੂੰ ਘਰ ਜਾਕੇ ਖਲੋ ਜਾਵੀਂ ਮੰਗਣਾ ਕੁਝ ਨਹੀ, ਜੇ ਕਰ ਗੁਰੂ ਜੀ ਉਹੋ ਸਤਿਗੁਰੂ ਹੋਏ ਜਿਨਾਂ ਮੈਨੂੰ ਸਮਾਧੀ ਵਿਚ ਦ੍ਰਸ਼ਨ ਦੇਕੇ ਭੈਣੀ ਸਾਹਿਬ ਆਉਣ ਦੀ ਪ੍ਰੇਰਣਾ ਦਿਤੀ ਸੀ। ਤਾਂ ਉਹ ਤੈਨੂੰ ਆਪ ਹੀ ਦੁਧ ਦੀ ਇਹ ਚਿੱਪੀ ਭਰ ਦੇਣਗੇ, ਜੇ ਕੋਈ ਫਰਕ ਹੋਇਆ ਤਾਂ ਤੂੰ ਉਸ ਘਰੋਂ ਵਾਪਸ ਆ ਜਾਵੀਂ, ਤੇ ਨਗਰ ਵਿਚੋਂ ਦੁਧ ਦੀ ਗਜਾ ਕਰ ਲਿਆਵੀਂ।

ਜਦ ਉਹ ਸਾਧ ਗੁਰੂ ਜੀ ਦੇ ਘਰ ਗਿਆ ਤਾਂ ਸਚੇ ਪਾਤਸ਼ਾਹ ਘਰ ਹੀ ਸਨ, ਤੇ ਗਜਾ ਕਰਨ ਆਏ ਸਾਧ ਨੂੰ ਆਉਂਦਾ ਵੇਖਕੇ ਮਾਤਾ ਜਸਾਂ ਜੀ ਨੂੰ ਉਚੀ ਸਾਰੀ ਹੁਕਮ ਕੀਤਾ "ਜਸਾਂ,, ਇਸ ਸਾਧ ਦੀ ਚਿੱਪੀ ਦੁਧ ਨਾਲ ਭਰ ਦਿਓ? ਗਜਾ ਕਰਨ ਵਾਲਾ ਸਾਧ ਤਾਂ ਇਹ ਬਚਣ ਸੁਣਦੇ ਸਾਰ ਹੀ ਮਸਤ ਹੋ ਗਿਆ, ਮਾਤਾ ਜੀ ਨੇ ਦੁਧ ਦੀ ਚਿੱਪੀ ਲਬਾ ਲਭ ਕਰ ਦਿਤੀ, ਜਦ ਇਹ ਸਾਧ ਵਾਪਸ ਮੰਡਲੀ ਵਿਚ ਪਹੁੰਚਾ ਤਾਂ ਮਸਤੀ ਵਿਚ ਸ਼ਬਦ ਪੜਦਾ ਆ ਰਿਹਾ ਸੀ ਕਿ:—

"ਜੈਸਾ ਸਤਿਗੁਰੂ ਸੁਣੀਦਾ ਤੈਸੋ ਹੀ ਮੈ ਡੀਠ"

ਬਸ ਫਿਰ ਕੀ ਸੀ, ਬਾਬੇ ਸਾਹਿਬ ਸਿੰਘ ਜਿਸ ਦਾ ਨਾਮ ਉਸ ਵਕਤ "ਸੁਤੇ ਪ੍ਰਕਾਸ਼" ਸੀ। ਸਾਧਾਂ ਦੀ ਮੰਡਲੀ ਨੂੰ ਆਦੇਸ਼ ਕਰਕੇ ਸਿਧਾ ਗੁਰੂ ਚਰਨਾਂ ਵਿਚ ਆ ਢੱਠਾ। ਅੰਤਰ ਜਾਮੀ ਸਤਿਗੁਰੂ ਜੀ ਨੇ ਬੜੇ ਪਿਆਰ ਨਾਲ ਬਾਹੋਂ ਫੜਕੇ ਉਠਾਇਆ ਤੇ ਬਚਨ ਕੀਤਾ ਸਾਹਿਬ ਸਿੰਘ ਤੈਨੂੰ ਘਰੋ ਇਸ ਵਾਸਤੇ ਤਾਂ ਨਹੀ ਕਢਿਆ, ਕਿ ਤੂੰ ਸਾਧਾਂ ਦੀਆਂ ਮੰਡਲੀਆਂ ਨਾਲ ਹੀ ਤੁਰਿਆ ਫਿਰੇਂ?

ਸਾਹਿਬ ਸਿੰਘ ਨੇ ਹਥ ਜੋੜਕੇ ਅਰਜ ਕੀਤੀ, ਸਚੇ ਪਾਤਸ਼ਾਹ

"ਸਾਹਿਬ ਗਉਰਾ ਲੋੜੀਐ ਨਫਰ ਵਿਗਾੜੇ ਨਿਤ"

ਸਤਿਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਹੁਕਮ ਕੀਤਾ ਕਿ ਅਸਨਾਨ ਕਰਕੇ ਆਓ ਪਹਿਲਾਂ ਭਜਨ ਪੁਛਕੇ ਫਿਰ ਜਲਪਾਣੀ ਛਕਣਾ, ਗੁਰੂ ਮੰਤ੍ਰ ਧਾਰਨ ਉਪ੍ਰੰਤ ਸਾਹਿਬ ਸਿੰਘ ਵੈਰਾਗੀ ਹੋਇਆ, ਸ਼ਬਦ ਪੜਨ ਲਗ ਪਿਆ ਕਿ:—

ਫੂਟੋ ਆਂਡਾ ਭਰਮ ਕਾ ਮਨਹਿ ਭਇਆ ਪ੍ਰਗਾਸ।
ਕਾਟੀ ਬੇੜੀ ਪਗਹ ਤੇ ਗੁਰ ਕੀਨੀ ਬੰਦ ਖਲਾਸ।

ਅਗੋਂ ਵਾਸਤੇ—

ਬਾਬਾ ਮੇਰਾ ਆਵਣ ਜਾਣ ਰਹਿਓ॥
ਤਪਤਿ ਕੜਾਹ ਬੁਝਿ ਗਇਆ
ਗੁਰੁ ਸੀਤਲੁ ਨਾਮ ਦੀਓ॥

ਬਸ ਫਿਰ ਕੀ! ਸੀ, ਜਿਥੇ ਸੁਤੇ ਪ੍ਰਕਾਸ਼ ਉਦਾਸੀ ਨਾਮਧਾਰੀ ਸਜ ਕੇ ਸੂਬਾ ਸਾਹਿਬ ਸਿੰਘ ਬਣਗਏ, ਓਥੇ ਇਨਾਂ ਦੇ ਭਰਾ ਭਾਈ ਰੂੜ ਸਿੰਘ ਜੀ ਤੋਂ ਸਗੋਂ ਬੰਗਾਲੀਪੁਰ ਵਾਲੇ ਸਾਰੇ ਪ੍ਰਵਾਰ ਨੇ ਸ੍ਰੀ ਭੈਣੀ ਸਾਹਿਬ ਆਕੇ ਭਜਨ ਪੁਛ ਲਿਆ! ਤੇ ਸਤਿਗੁਰੁ ਰਾਮ ਸਿੰਘ ਜੀ ਨੇ ਜਦ ੧੭ ਸੂਬੇ ਹੋਰ ਨਿਯੁਕਤ ਕੀਤੇ, ਤਾਂ ਭਾਈ ਰੂੜ ਸਿੰਘ ਜੀ ਨੂੰ ਵੀ ਸੂਬਾ ਥਾਪ ਦਿਤਾ।

ਸੂਬਾ ਸਾਹਿਬ ਸਿੰਘ ਜੀ ਨੇ ਸਤਿਗੁਰੂ ਜੀ ਦੀ ਸੇਵਾ ਵਿਚ ਰਹਿੰਦਿਆਂ ਜਿਸ ਉਤਸ਼ਾਹ ਤੇ ਢੰਗ ਨਾਲ ਪੰਥਕ ਪ੍ਰਚਾਰ, ਨਾਮਧਾਰੀ ਡਾਕ ਪ੍ਰਬੰਧ ਤੇ ਨਿਪਾਲ,ਕਾਬਿਲ,ਆਦਿਕ ਦੇਸ਼ਾਂ ਵਿਚ ਰਾਜ ਦੂਤ ਤੇ ਸਰਕਾਰੀ ਕੰਮਾਂ ਨੂੰ ਤਰਤੀਬ ਦਿੰਦੇ ਰਹੇ, ਉਸਦਾ ਪਤਾ ਸਰਕਾਰੀ ਫਾਈਲਾਂ ਵਿਚੋਂ ਨੋਟ ਲੈਕੇ ਲਿਖੇ ਗਏ ਸੰਤ ਸਵਰਨ ਸਿੰਘ ਜੀ ਸਨੇਹੀ ਦੇ ਲੇਖ ਵਿਚੋਂ ਚਰੀਤਰਾਂ ਲਗ ਜਾਂਦਾ ਹੈ।

ਹੋਰ ਤੇ ਹੋਰ ਅੰਮ੍ਰਿਤਸਰ ਰਾਇਕੋਟ ਮਲੇਰ—ਕੋਟਲਾ ਆਦਿਕ ਥਾਵਾਂ ਤੇ ਹੋਰ ਨਾਮਧਾਰੀ ਸਿੰਘਾਂ ਵਲੋਂ ਮਾਰੇ ਗਏ ਬੁਚੜਾਂ ਦੇ ਕੇਸਾਂ ਵਿਚ ਵੀ ਸੂਬਾ ਜੀ ਨੂੰ ਸਲਾਹਕਾਰ ਦਸਿਆ ਗਿਆ ਹੋਇਆ ਹੈ।

ਸ੍ਰੀ ਸਤਿਗੁਰੂ ਜੀ ਨੂੰ ਜਲਾਵਤਨ ਕਰਨ ਤੋਂ ਬਾਦ ਸਰਕਾਰੀ ਕਾਗਜਾਂ ਵਿਚ ਸੂਬਾ ਸਾਹਿਬ ਸਿੰਘ ਨੂੰ ਬੜਾਂ ਖਤਰਨਾਕ ਦੋਸੀ ਸਮਝਕੇ ਇਸਨੂੰ ਅਦਨ ਵਰਗੇ ਗਰਮ ਇਲਾਕੇ ਵਿਚ ਭੇਜਿਆ ਗਿਆ। ਤੇ ਫਿਰ ਬੀਮਾਰੀ ਦੀ ਹਾਲਤ ਵਿਚ ਹਜਾਰੀ ਬਾਗ ਲਿਆਂਦਾ। ਜਿਥੇ ਉਹ ਸਿਖੀ ਸਿਦਕ ਵਿਚ ਅਡੋਲ ਰਹਿਕੇ ਵਤਨ ਪ੍ਰਸਤੀ ਦੇ ਗੀਤ ਗਾਂਉਦਾ ੧੦ ਜੂਨ ੧੮੭੯ ਨੂੰ ਅਕਾਲ ਚਲਾਣਾ ਕਰ ਗਿਆ। ਸੂਬਾ ਜੀ ਦਾ ਜੀਵਨ ਇਤਿਹਾਸ ਕੂਕਾ ਮੂਵਮੈਂਟ ਵਿਚ ਇਕ ਖਾਸ ਮਹਤਤਾ ਰਖਦਾ ਹੈ।

ਸਾਹਿਬ ਦਾਸ ਤੋਂ ਸੂਬਾ ਸਾਹਿਬ ਸਿੰਘ ਤਕ

ਵਲੋਂ—ਸ੍ਰੀ ਸਾਵਿੰਦ੍ਰ ਸਿੰਘ ਜੀ ਜਮਨਾ ਨਗਰ (ਜਗਾਧਰੀ)

ਕਹਿਰਾਂ ਦੀ ਸਰਦੀ ਸੀ, ਠੰਢੀ ਠੰਢੀ ਹਵਾ ਅੰਦਰਾਂ ਵਿਚ ਰਜਾਈਆਂ ਲੈਕੇ ਅਤੇ ਅਗੋ ਬੈਠਿਆਂ ਨੂੰ ਇਕਠਿਆਂ ਕਰਦੀ ਜਾ ਰਹੀ ਸੀ, ਕਿਓਂ ਕਿ ਸਾਡੇ ਪਿੰਡ (ਬੰਗਾਲੀ ਪੁਰ) ਅਜ ਦੋ ਸਾਧਾਂ ਨੇ ਵਡੀ ਢਾਬ ਦੇ ਡੂੰਘੇ ਪਾਣੀ ਵਿਚ ਖਲੋਕੇ ਸਾਰੀ ਰਾਤ ਤਪ ਕਰਨਾ ਹੈ ?

ਭਾਂਵੇ ਸਰਦੀ ਦੇ ਕਾਰਨ ਕੋਈ ਆਦਮੀ) ਘਰੋਂ ਬਾਹਰ ਜਾਣਾ ਨਹੀ ਸੀ ਚਾਹੁੰਦਾ, ਪਰ ਪਿੰਡ ਵਿਚ ਧੁਮੀ ਅਲੌਕਿਕ ਗਲ ਨੂੰ ਸੁਣਕੇ ਬਹੁਤ ਸਾਰੇ ਨੌ ਜਵਾਨ ਸਾਧਾਂ ਦਾ ਇਹ ਤਪ—ਘੋਲ ਵੇਖਣ ਲਈ ਢਾਬ ਦੇ ਕੋਲ (ਜਿਥੇ ਨਾਗੇ ਸਾਧਾਂ ਦੀ ਮੰਡਲੀ ਬੈਠੀ ਸੀ) ਆ ਗਏ।

ਲੋਕਾਂ ਦੇ ਪੁਛਣ ਤੇ ਇਕ ਸਾਧ ਨੇ ਦਸਿਆ ਕਿ ਇਹਨਾਂ ਦੋਹਾਂ ਸਾਧਾਂ ਵਿਚੋਂ ਇਕ ਸਾਧ ਉਦਾਸੀ ਹੈ ਤੇ ਇਕ ਸਾਡਾ ਨਾਂਗਾ ਸਾਧੂ ਹੈ, ਇਨਾਂ ਦੀ ਆਪੋ ਵਿਚ ਸ਼ਰਤ ਲਗ ਗਈ ਹੈ, ਉਦਾਸੀ ਸਾਧ ਨੇ ਵੀ ਕਈ ਜਲ ਧਾਰੇ ਕੀਤੇ ਹੋਏ ਹਨ। ਅਤੇ ਸਾਡੇ ਸਾਧ ਨੇ ਵੀ। ਵੇਖੋ ਇਨ੍ਹਾਂ ਵਿਚੋਂ ਕੇਹੜਾ ਜਿਤਦਾ ਤੇ ਕਿਹੜਾ ਹਾਰਦਾ ਹੈ। ਜਿਹੜਾ ਹਾਰ ਗਿਆ ਉਸਨੂੰ ਜਿੱਤਨ ਵਾਲੇ ਸਾਧ ਦਾ ਭੇਖ ਧਾਰਨਾ ਪਵੇਗਾ ਇਹ ਇਨਾਂ ਨੇ ਸ਼ਰਤ ਰਖੀ ਹੈ।

ਜਿਥੇ ਦੋਵੇ ਸਾਧ ਬਿਭੂਤੀ ਰਮਾਕੇ ਢਾਬ ਦੇ ਡੂੰਘੇ ਥਾਂ (ਜਿਥੇ ਖਲੋਤਿਆਂ ਹੋਇਆ ਉਨਾਂ ਨੂੰ ਗਲ ਦੇ ਹੇਠਾਂ ਤਕ ਪਾਣੀ ਆ ਜਾਵੇ) ਜਾ ਖਲੋਤੇ, ਓਥ ਪਿੰਡ ਦੇ ਤਮਾਸ਼ ਬੀਨ ਲੋਕ ਢਾਬ ਦੇ ਕੰਢੇ ਬੈਠਕੇ ਬਾਕੀ ਸਾਧਾਂ ਦੇ ਨਾਲ ਧੂਣੇ ਸੇਕਦੇ ਰਹੇ।

ਸਾਰੀ ਰਾਤ ਸਾਧਾਂ ਨੂੰ ਪਾਣੀ ਵਿਚ ਖਲੋਕੇ ਤੱਪ ਕਰਦਿਆਂ ਤੇ ਅਲਖ ਨਿਰੰਜਨ ਅਥਵਾ ਭਗਵਾਨ ਸ੍ਰੀ ਚੰਦ ਦੀ ਜੈ ਦੇ ਜੈ ਕਾਰੇ ਬੁਲੋਂਦਿਆਂ ਲੰਘ ਗਈ, ਦੋਵੇ ਸਾਧ ਆਪੋ ਆਪਣੇ ਥਾਂ ਅਡੋਲ ਖਲੋਤੇ ਨਜਰ ਆਉਂਦੇ ਸਨ, ਪਰ ਜਦੋਂ ਚਾਰ ਕੂ ਵਜੇ ਦਾ ਟਾਈਮ ਹੋਇਆ, ਤਾਂ ਉਨਾਂ ਵਿਚੋਂ ਇਕ ਸਾਧ ਰਦ੍ਰਾਖ ਦੀ ਮਾਲਾ ਫੇਰਦਾ ਫੇਰਦਾ ਪਾਣੀ ਵਿਚੋਂ ਬਾਂਹਰ ਆ ਗਿਆ, ਜਦ ਕਿ ਦੂਸਰਾ ਸਾਧ ਅਜੇ ਅਪਣੇ ਥਾਂ ਅਡੋਲ ਖੜਾ ਸੀ।

ਪਿੰਡ ਵਾਲਿਆਂ ਵਲੋਂ ਸਾਧਾਂ ਕੋਲੋਂ ਪੁਛਨ ਤੇ ਪਤਾ ਲਗਾ ਕਿ ਜਿਹੜਾ ਸਾਧ ਪਹਿਲਾਂ ਪਾਣੀ ਵਿਚੋਂ ਬਾਹਰ ਆਇਆ ਹੈ ਉਹ ਨਾਂਗਾ ਸਾਧੂ ਹੈ ਤੇ ਉਸਦਾ ਨਾਮ ਸਾਹਿਬ ਦਾਸ ਹੈ ਅਰ ਇਹ ਤੁਹਾਡੇ ਪਿੰਡ ਦਾ ਹੈ ਤੇ ਹੁਣ ਤੋਂ ੧੦—੧੨ ਸਾਲ ਪਹਿਲਾਂ ਇਹ ਨਾਗਿਆਂ ਨਾਲ ਰਲਕੇ ਘਰੋਂ ਨਿਕਲ ਗਿਆ ਸੀ।

ਉਸ ਦਿਨ ਤੋਂ ਸ਼ਰਤ ਹਾਰਕੇ ਸਾਹਿਬ ਦਾਸ ਉਦਾਸੀਆਂ ਵਿਚ ਜਾ ਰਲਿਆ ਤੇ ਕਾਫੀ ਚਿਰ ਉਦਾਸੀ ਭੇਖ ਵਿਚ ਰਹਿਕੇ ਰਮਤ ਕਰਦਾ ਰਿਹਾ। ਅਰ ਏਸੇ ਹੀ ਹਾਲਤ ਵਿਚ (ਜਦੋਂ ਕਿ ਇਸਦਾ ਨਾਮ 'ਸੁਤੇ ਪ੍ਰਕਾਸ਼, ਕਰਕੇ ਪੁਕਾਰਿਆ ਜਾਂਦਾ ਸੀ) ਸਾਹਿਬ ਦਾਸ (ਉਰਫ ਸੁਤੇ ਪ੍ਰਕਾਸ਼) ਸ੍ਰੀ ਭੈਣੀ ਸਾਹਿਬ ਆਇਆ ਅਤੇ ਹਮੇਸ਼ਾਂ ਵਾਸਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਚਰਨ ਸੇਵਕ ਬਣਕੇ ਸਤਿਗੁਰੂ ਜੀ ਦੀ ਸੇਵਾ ਕਰਨ ਲਗਾ।

ਸਤਿਗੁਰੂ ਜੀ ਨੇ ਇਸ ਨੂੰ ਭਜਨ ਦਸਕੇ ਅੰਮ੍ਰਿਤ ਛਕਾਕੇ ਜਟਾਂ ਖੁਲਵਾਕੇ ਇਸਦਾ ਨਾਮ ਮੁੜ ਸਾਹਿਬ ਸਿੰਘ ਹੀ ਰਖ ਦਿਤਾ ਸਗੋਂ ਜਦੋਂ ਬੰਗਾਲੀਪੁਰ ਵਿਚ ਰਹਿੰਦੇ ਇਸਦੇ ਬਾਕੀ ਪ੍ਰਵਾਰ ਨੂੰ ਇਹ ਪਤਾ ਲਗਾ ਕਿ ਸਾਹਿਬ ਸਿੰਘ ਭੈਣੀ ਜਾਕੇ ਨਾਮਧਾਰੀ ਸਿੰਘ ਸੱਜ ਗਿਆ ਹੈ, ਤਾਂ ਵਾਰੀ ਵਾਰੀ ਸਾਰੇ ਪ੍ਰਵਾਰ ਨੇ ਸ੍ਰੀ

ਭੈਣੀ ਸਾਹਿਬ ਆਕੇ ਭਜਨ ਪੁਛਿਆ ਤੇ ਸਾਰਾ ਪ੍ਰਵਾਰ ਹੀ ਨਾਮਧਾਰੀ ਸੱਜ ਗਿਆ। ਇਨਾਂ ਤੋਂ ਪ੍ਰਭਾਵਿਤ ਹੋਕੇ ਬੰਗਾਲੀ ਪੁਰ ਦੇ ਹੋਰ ਭੀ ਬਹੁਤ ਸਾਰੇ ਜਿਮੀਦਾਰ ਤੇ ਮਿਸਤ੍ਰੀ ਨਾਮਧਾਰੀ ਬਣ ਗਏ। ਜਦੋਂ ਸ੍ਰੀ ਸਤਿਗੁਰ ਜੀ ਨੇ ਸਮੇ ਦੀ ਲੋੜ ਨੂੰ ਵੇਖਕੇ ਸ੍ਰੀ ਭੈਣੀ ਸਾਹਿਬ ਪੰਜਾਂ ਸੂਬਿਆਂ ਦੀ ਥਾਪਨਾ ਕੀਤੀ, ਉਸ ਵੇਲੇ ਇਨਾ (ਬਾਬਾ ਸਾਹਿਬ ਸਿੰਘ) ਨੂੰ ਜਿਥੇ ਪਹਿਲਾਂ ਸੂਬਾ ਨਿਯੁਕਤ ਕੀਤਾਸੀ,ਓਥੇ ਜਦ ਦੂਸਰੀ ਵਾਰੀ ੧੭ ਸੂਬੇ ਹੋਰ ਥਾਪੇ ਉਨਾਂ ਵਿਚ ਇਨਾਂ ਦੇ ਭਾਈ (ਬਾਬਾ ਰੂੜ ਸਿੰਘ) ਨੂੰ ਵੀ ਜਿਲਾ ਅੰਮ੍ਰਿਤਸਰ ਵਾਸਤੇ ਸੂਬਾ ਬਣਾਇਆ ਗਿਆ।

ਇਸਤਰਾਂ ਸ੍ਰੀ ਸਤਿਗੁਰੂ ਰਾਮ ਸਿੰਘਜੀ ਨੇ ਆਪ ਜੀ ਨੂੰ ਸੂਬੇ ਦਾ ਅਸ਼ਥਾਨ ਦੇ ਦਿਤਾ, ਜਿਸ ਤੋਂ ਸੂਬਾ ਸਾਹਿਬ ਸਿੰਘ ਜੀ ਦੇ ਨਾਮ ਨਾਲ ਆਪ ਜੀ ਨੂੰ ਪੁਕਾਰਿਆ ਜਾਣ ਲਗ ਪਿਆ।

ਸ੍ਰੀ ਸਤਿਗੁਰੂ ਜੀ ਨੇ ਡਾਕ ਦਾ ਆਪਣਾ ਪ੍ਰਾਈਵੇਟ ਮਹਿਕਮਾ ਜਥੇਬੰਦ ਕਰਕੇ ਆਪ ਜੀ ਨੂੰ ਉਸਦਾ (ਕੂਕਾ ਡਾਕ ਮਹਿਕਮੇ ਦਾ) ਆਗੂ ਬਣਾ ਦਿਤਾ। ਇਸ ਡਾਕ ਮਹਿਕਮੇ ਦੀ ਇਤਨੀ ਮਹਾਨਤਾ ਹੋਈ ਕਿ ਸਰਕਾਰੀ ਡਾਕ ਨੂੰ ਵੀ ਮਾਤ ਪਾ ਗਿਆ। ਜਿਸ ਬਾਰੇ ਸ੍ਰਕਾਰੀ ਰੀਕਾਰਡ ਵਿਚ ਵ ਪ੍ਰਸੰਸਾਂ ਕਤੀ ਗਈ ਹੈ।ਜਿਹਾ ਕਿ:-

"ਕੂਕੇ, ਜਿਨਾਂ ਨੂੰ ਸੰਤ ਖਾਲਸਾ ਵੀ ਕਿਹਾ ਜਾਂਦਾ ਹੈ, ਉਹਨਾਂ ਦਾ ਡਾਕ ਮਹਿਕਮਾ ਪ੍ਰਾਈਵੇਟ ਹੈ, ਜੋ ਬੜੇ ਖੂਬੀ ਨਾਲ ਜਥੇ ਬੰਦ ਕੀਤਾ ਹੋਇਆ ਹੈ। ਇਕ ਕੂਕਾ ਜੋ ਡਾਕ ਲੈਕੇ ਦੂਜੇ ਪਿੰਡ ਦੇ ਕੂਕੇ ਪਾਸ ਪੁਜਦਾ ਹੈ, ਉਹ ਜੋ ਕੰਮ ਕਰਦਾ ਹੋਵੇ ਵਿਚੇ ਹੀ ਛੱਡ ਦਿੰਦਾ ਹੈ। ਰੋਟੀ ਅਧੀ ਖਾਧੀ ਹੈ ਜਾਂ ਅੱਧੀ ਰਹਿੰਦੀ ਹੈ, ਤਾਂ ਉਹ ਦੂਜੀ ਗਿਰਾਹੀ ਮੂੰਹ ਵਿਚ ਨਹੀਂ ਪਾਉਂਦਾ ਅਤੇ ਕੋਈ ਪ੍ਰਸ਼ਨ ਪੁਛਣ ਤੋਂ ਬਿਨਾਂ ਹੀ ਚਿਠੀ ਲੈਕੇ ਦੋੜ ਜਾਂਦਾ ਹੈ, ਅਰ ਦੂਜੇ ਪੜਾਂ ਤੇ ਪੁਜਕੇ ਦੂਜੇ ਕੂਕੇ ਦੇ ਹਵਾਲੇ ਕਰ ਦਿੰਦਾ ਹੈ। ਖਾਸ ਡਾਕ ਜਬਾਨੀ ਹੀ ਹੁੰਦੀ ਹੈ, ਜੋ ਲਿਖੀ ਨਹੀਂ ਹੁੰਦੀ। ਮੇਜਰ ਪਰਕਿਨਜ ਦੇ ਕਹਿਣ ਅਨੁਸਾਰ ਉਹ ਜਰਨੈਲੀ ਸੜਕ ਛਡਕੇ ਲੰਮਾ ਵਲਾ ਪਾਉਂਦੇਅਤੇ ਲਾਭਿਉਂ ਦੀ ਜਾਂਦੇ ਹਨ।"
(ਏ ਬ੍ਰੀਫ ਅਕਾਉਂਟ ਟੂ ਦੀ ਕੂਕਾ ਐਕਟ-ਪੰਨਾ੨੮)

ਇਸੇ ਤਰਾਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਾਕੀ ਸੂਬਿਆਂ ਨੂੰ ਵੀ ਅਲੱਗ ਅਲੱਗ ਮਹਿਕਮੇ ਦੇ ਦਿਤੇ। ਜਿਸ ਦਾ ਨਤੀਜਾ ਇਹ ਹੋਇਆ ਕਿ ਥੋੜੇ ਕੁ ਸਮੇਂ ਵਿਚ ਹੀ ਲਖਾਂ ਹੀ ਨਾਮਧਾਰੀ ਬਨ ਗਏ। ਅਤੇ ਅੰਗਰੇਜੀ ਰਾਜ ਦੇ ਵਿਰੁਧ ਨਾ-ਮਿਲਵਰਤਨ ਦਾ ਅੰਦੋਲਨ ਸ਼ੁਰੂ ਕਰ ਦਿਤਾ।

ਇਸਤਰਾਂ ਦਾ ਨਾਮਧਾਰੀ ਪ੍ਰਚਾਰ ਵਧਦਾ ਵੇਖਕੇ ਅੰਗਰੇਜੀ ਸਰਕਾਰ ਨੂੰ ਭਾਜੜਾਂ ਪੈ ਗਈਆਂ।

ਜਿਸ ਕਾਰਨ ਅੰਗਰੇਜ ਨੇ "ਪਾੜੋ ਅਤੇ ਰਾਜ ਕਰੋ" ਦੀ ਕੁਟਿਲ ਨੀਤੀ ਨੂੰ ਹੋਰ ਫੈਲਾਅ ਦੇਕੇ ਪੰਜਾਬ ਵਿਚ ਗੁਰੂਧਾਮਾਂ ਦੇ ਧਾਮਾਂ ਬੁਚੜਖਾਨੇ ਖੋਲ ਦਿਤੇ। ਜਿਸ ਦਾ ਨਾਮਧਾਰੀਆਂ ਨੇ ਸਖਤ ਵਿਰੋਧ ਕਰਕੇ ੧੬-੧੭ ਜਨਵਰੀ ਨੂੰ ਸ਼ਹੀਦੀਆਂ ਪ੍ਰਾਪਤ ਕੀਤੀਆਂ।

੧੮ ਜਨਵਰੀ ੧੮੭੨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਤੇ ਉਨਾਂ ਦੇ ਨਿਜੀ ਸੇਵਕ ਭਾਈਨਾਨੂੰ ਸਮੇਤ ਹੀ (੧) ਸੂਬਾ ਸਾਹਿਬ ਸਿੰਘ (੨) ਸੂਬਾ ਰੂੜ ਸਿੰਘ (੩) ਸੂਬਾ ਲੱਖਾ ਸਿੰਘ(੪)ਸੂਬਾ ਕਾਨ੍ਹ ਸਿੰਘ (੫) ਸੂਬਾ ਜਵਾਹਰ ਸਿੰਘ(੬)ਸੂਬਾ ਬ੍ਰਹਮਾ ਸਿੰਘ(੭)ਸੂਬਾ ਮਲੂਕ ਸਿੰਘ(੮)ਸੂਬਾ ਮਾਨ ਸਿੰਘ (੯)ਸੂਬਾ ਹੁਕਮਾਂ ਸਿੰਘ(੧੦)ਸੂਬਾ ਪਹਾੜਾ ਸਿੰਘ ਅਤੇ ਹੋਰਾਂ ਨੂੰ ਗ੍ਰਿਫਤਾਰ ਕਰਕੇ ਦੇਸ਼ ਨਿਕਾਲਾ ਦੇ ਦਿਤਾ।

ਸ੍ਰੀ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਇਲਾਹਾ ਬਾਦ ਤੋਂ ਪ੍ਰਯਾਗ ਕਿਲੇ ਵਿਚ ਦੋ ਮਹੀਨੇ ਨਜਰ ਬੰਦ ਰਖਕੇ ਫਿਰ ਰੰਗੂਨ (ਬ੍ਰਹਮਾ) ਵਿਖੇ ਭੇਜ ਦਿਤਾ। ਇਥੋਂ ਸ੍ਰੀ ਸਤਿਗੁਰੂ ਜੀ ਅਤੇ ਭਾਈ ਨਾਨੂੰ ਸਿੰਘ ਜੀ ਨੂੰ ਕੁਝ ਸਾਲ ਰਖਕੇ ਮਰਗੋਈ ਪੁਚਾ ਦਿਤਾ। ਜਿਸ ਤੋਂ ਬਾਦ ਸ੍ਰੀ ਸਤਿਗੁਰੂ ਜੀ ਅਲੋਪ ਹੋ ਗਏ।

ਬਾਬਾ ਰੂੜ ਸਿੰਘ, ਮਲੂਕ ਸਿੰਘ ਅਤੇ ਸੂਬਾ ਪਹਾੜਾ ਸਿੰਘ ਜੀ ਨੂੰ ਬੰਬਈ, ਪ੍ਰੈਜੀਡਸੀ ਦੇ ਕਿਲਾ ਅਸੀਰਗੜ ਵਿਚ ਭੇਜਿਆ ਗਿਆ। ਬਾਬਾ ਜਵਾਹਰ

ਸਿੰਘ, ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਨੂੰ ਮੋਲਸੀਨ ਇਸਤਰਾਂ ਦੇ ਅਨੇਕ ਕਸ਼ਟ
ਲੋਇਰ ਬਰਮਾ ਵਿਖੇ ਭੇਜਿਆ ਗਿਆ। ਸੂਬਾ ਮਾਨ ਸਹਾਰਦੇ ਹੋਏ ਸੂਬਾ ਸਾਹਿਬ ਸਿੰਘ ਸੀ ਭਾਰਤ
ਸਿੰਘ ਅਤੇ ਹੁਕਮਾ ਸਿੰਘ ਜੀ ਨੂੰ ਚਨਾਰ (ਯੂ. ਪੀ.) ਦੀ ਅਜ਼ਾਦੀ ਖਾਤਰ ਹਜ਼ਾਰੀ ਬਾਗ ਵਿਖੇ ਸ਼ਹੀਦੀ
ਦੇ ਕਿਲੇ ਵਿਚ ਬੰਦ ਕੀਤਾ ਗਿਆ। ਅਤੇ ਸੂਬਾ ਪ੍ਰਾਪਤ ਕਰ ਗਏ।
ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ ਜੀ ਨੂੰ ਅਦਨ
ਭੇਜ ਦਿਤਾ ਗਿਆ। ਸੋ ਆਓ ਨਾਮਧਾਰੀਓ—ਅਜ ਅਸੀਂ ਵੀ ਪੁਰਾਤਨ
(ਕੇਂਦਰੀ ਰਿਕਾਰਡ ਪੰਨਾ ੧੦੮, ੧੦੯, ੧੧੦) ਨਾਮਧਾਰੀਆਂ ਵਾਂਗ ਪੰਥ ਨੂੰ ਚਾਰ-ਚੰਨ ਲਗਾਈਏ।

ਰੁਬਾਈ

ਸਾਬਿਰ, ਸਾਦਿਕ, ਸੇਵਕ, ਬਣਕੇ, ਜਿਸਨੇ ਉਮਰ ਗੁਜ਼ਾਰੀ।
ਕਰ ਨਿਸ਼ਕਾਮ ਗੁਰੂ ਭਗਤੀ ਜਿਨ, ਕਠਨ ਤਪਸਿਆ ਧਾਰੀ।
ਸੂਬਾ ਸਾਹਿਬ ਸਿੰਘ ਸੂਰਮਾ, ਦੁਖੋਂ ਨ ਜੋ ਘਬਰਾਇਆ,
'ਹਜ਼ਾਰੀ ਬਾਗ' ਦੀ ਜੇਲ ਪੁਕਾਰੇ, ਲੋਹ ਪੁਰਸ਼ ਉਹ ਭਾਰੀ।

ਹਰਬੰਸ ਸਿੰਘ
ਸਹਾਇਕ ਮੈਨੇਜਰ ਸਤਿਜੁਗ

ਰੁਬਾਈ

ਸੂਝ ਬੂਝ ਰਖਣ ਵਿਚ ਸੂਬਾ ਸਾਹਿਬ ਸਿੰਘ ਕਮਾਲ।
ਨੀਤੀ ਵਾਨ ਗੋਰੇ ਨੂੰ ਉਸਨੇ ਪਾਇਆ ਦੁੜਕੀ ਚਾਲ।
ਦੇਸੋਂ ਦੂਰ ਦੀਆਂ ਜੇਲਾਂ ਅੰਦਰ ਕਢਿਆ ਉਸਨੂੰ ਫੜਕੇ।
ਪਰ ਨ ਬਦਲਿਆ ਰਤਾ ਉਸਦਾ ਦੇਸ ਭਗਤੀ ਦਾ ਖਿਆਲ।

ਸੂਬਾ ਸਾਹਿਬ ਸਿੰਘ ਜੀ ਯਾਦਗਾਰ ਤੇਰੀ

ਵਲੋਂ– ਪ੍ਰੀਤਮ ਸਿੰਘ ਜੀ ਮਲਿਆਂ ਵਾਲਾ ਨਵੀਂ ਦਿਲੀ

ਬਾਬਾ ਸਾਹਿਬ ਸਿੰਘ ਤੇਰੀ ਤਸਵੀਰ ਤਕਕੇ
ਉਪਮਾ ਕਰਨ ਖਾਤਰ ਜੀਭਾ ਖੁਲ ਜਾਂਦੀ।
ਤੇਰੇ ਜੀਵਨ ਦੇ ਪੜ੍ਹਕੇ ਕਾਰ ਨਾਮੇ
ਕਈ ਸਿਆਣਿਆਂ ਦੀ ਹੈਰਤ ਭੁਲ ਜਾਂਦੀ।
ਰਾਜ ਨੀਤੀ ਦੀ ਤੇਰੀ ਨਿਯਮਾਵਲੀ ਤੋਂ
ਨੀਤੀ ਗੋਰੀ ਸਰਕਾਰ ਦੀ ਰੁਲ ਜਾਂਦੀ।
ਤੇਰੇ ਗੁਣ ਸੁਭਾਵ ਨੂੰ ਵੇਖ ਕਰਕੇ
ਸਿਆਣਪ ਸਿਆਣਿਆ ਦੀ ਹੈਸੀ ਡੁਲ ਜਾਂਦੀ।
ਸਦਾ ਚਾਰ, ਤਿਆਗ, ਉਪਕਾਰ ਦੀਆਂ
ਗੁਰਾਂ ਤਕ ਕੇ ਖੂਬੀਆਂ ਸਾਰੀਆਂ ਨੂੰ।
ਸੂਬਾ ਸਾਹਿਬ ਸਿੰਘ ਨੂੰ ਸੂਬਾ ਥਾਪ ਦਿਤਾ
ਨਿਬਾਹਿਆ ਜਿਸ ਸੋਹਣਾ ਜੁਮੇਦਾਰੀਆਂ ਨੂੰ।
ਭਾਰਤ ਵਰਸ਼ ਵਾਲੀ ਸੋਨ ਚਿੜੀ ਉਤੇ,
ਜਦੋਂ ਗੋਰੇ ਨੇ ਟਿਕਟਿਕੀ ਲਾਈ ਹੈਸੀ।
ਰਖਣ ਲਈ ਪੰਜਾਬ ਗੁਲਾਮ ਅਪਣਾ,
ਜਦੋਂ ਯੋਜਨਾ ਬਿੱਲੇ ਚਲਾਈ ਹੈਸੀ।
ਤਾਜੇ ਗਦਰ ਸਤਵੰਜਾ ਦੇ ਹੋਣ ਪਿਛੋਂ,
ਕੀਤੀ ਜੁਲਮਾਂ ਦੇ ਵਿਚ ਸਖਤਾਈ ਹੈਸੀ।
ਬਾਬਾ ਓਦੋਂ ਤੂੰ ਸਤਿਗੁਰਾਂ ਪਾਸ ਰਹਿਕੇ,
ਟਕਰ ਨਾਲ ਅੰਗਰੇਜ ਦੇ ਲਾਈ ਹੈ ਸੀ।
ਬੇ ਖੌਫ ਦਲੇਰ ਹੋ ਸ਼ੇਰ ਵਾਂਗੂ
ਰਹਿਆ ਗੁਰਾਂ ਦਾ ਆਗਿਆ ਕਾਰ ਸੈਂ ਤੂੰ
ਕਟਣ ਜੜ੍ਹ ਗੁਲਾਮੀ ਦੀ ਖਾਸ ਕਰਕੇ
ਬਾਈਆਂ ਸੂਬਿਆਂ ਚੋਂ ਸੂਬੇਦਾਰ ਸੈਂ ਤੂੰ
ਉਸ ਵਕਤ ਤੂੰ ਸਤਿਗੁਰਾਂ ਪਾਸ ਆਇਆ
ਅਜਿਹੇ ਸੇਵਕਾਂ ਦੀ ਜਦੋਂ ਘਾਟ ਹੈ ਸੀ।
ਚੀਨੀ ਵਾਲੇ ਪ੍ਰੀਤਮ ਦੇ ਨਾਲ ਹੋਕੇ
ਕਢੀ ਤੈਂ ਆਜਾਦੀ ਦੀ ਲਾਟ ਹੈ ਸੀ।
ਤਕ ਤੇਰੇ ਪ੍ਰੋਗ੍ਰਾਮ ਦੀ ਵਿਉਂਤ ਬੰਦੀ,
ਤਦੋਂ ਦੰਗ ਹੋਇਆ ਜੰਗੀ ਲਾਟ ਹੈ ਸੀ।

ਰੇਲ ਡਾਕ ਅਦਾਲਤਾਂ ਵਿਦਯਾ ਦਾ
ਜਦੋਂ ਕਰ ਦਿਤਾ ਬਾਈਕਾਟ ਹੈ ਸੀ।
ਵੇਖ ਯੋਜਨਾਂ ਤੁਸਾਂ ਦੀ ਸਫਲ ਹੁੰਦੀ,
ਵੇਖ ਵੇਖ ਗੋਰਾ ਮਨ ਵਿਚ ਝੁਰਦਾ ਸੀ।
ਕੂਕਾ ਪੋਸਟਿਲ ਸਰਵਸ ਤੋਂ ਭੈ ਖਾਕੇ
ਸਦ ਕੇ ਕਰਮਚਾਰੀ ਸਭ ਨੂੰ ਘੂਰਦਾ ਸੀ।
ਨਾਮਧਾਰੀ ਇਤਹਾਸ ਦੇ ਪੰਨਿਆ ਤੇ
ਬਾਬਾ ਚਮਕਦਾ ਰਹੇਗਾ ਨਾਮ ਤੇਰਾ।
ਧੰਨ ਤੂੰ ਮਾਤਾ ਪਿਤਾ ਧੰਨ ਤੇਰਾ,
ਧੰਨ ਕੁਲ ਤੇ ਧੰਨ ਹੈ ਧਾਮ ਤੇਰਾ।
ਧੰਨ ਹੀਰਾ ਸਿੰਘ ਰੂੜ ਸਿੰਘ ਭਾਈ ਹੈਸਨ,
ਹੈ ਧੰਨ ਬੰਗਾਲੀ ਪੁਰ ਗ੍ਰਾਮ ਤੇਰਾ।
ਯੋਗ ਧੰਨਤਾ ਦ ਉਤਮ ਸਿੰਘ ਅਜ ਭੀ
ਦਰਸ਼ਨ ਸਿੰਘ ਮ੍ਰਿਗੇਸ਼ ਹਰਿਨਾਮ ਤੇਰਾ।
"ਪ੍ਰੀਤਮ" ਸ਼ੁਰੂ ਤੋਂ ਲੈ ਕੇ ਅੰਤ ਤੀਕਰ
ਨਿਭੀ ਗੁਰਾਂ ਨਾਲ ਪ੍ਰੀਤ ਅਪਾਰ ਤੇਰੀ।
ਹਜਾਰੀ ਬਾਗ ਦੀ ਜੇਲ ਵਿਚ ਸਦਾ ਰਹਿਸੀ,
ਸੂਬਾ ਸਾਹਿਬ ਸਿੰਘ ਜੀ ਯਾਦਗਾਰ ਤੇਰੀ।

ਪ੍ਰਸੰਸਾ ਯੋਗ ਸਿਖ

ਹਉ ਸਦਕੇ ਤਿਨਾਂ ਗੁਰ ਸਿਖਾਂ ਸਤਿਗੁਰ ਨੋਂ ਮਿਲਿ ਆਪ ਗਵਾਇਆ।
ਹਉ ਸਦਕੇ ਤਿਨਾਂ ਗੁਰ ਸਿਖਾਂ ਕਰਨ ਉਦਾਸੀ ਅੰਦਰਿ ਮਾਇਆ।
ਹਉ ਸਦਕੇ ਤਿਨਾਂ ਗੁਰ ਸਿਖਾਂ ਗੁਰਮਤਿ ਗੁਰ ਚਰਣੀ ਚਿਤੁ ਲਾਇਆ।
ਹਉ ਸਦਕੇ ਤਿਨਾਂ ਗੁਰ ਸਿਖਾਂ ਗੁਰਸਿਖ ਦੇ ਗੁਰ ਸਿਖ ਮਿਲਾਇਆ।
ਹਉ ਸਦਕੇ ਤਿਨਾਂ ਗੁਰ ਸਿਖਾਂ ਬਾਹਰਿ ਜਾਂਦਾ ਵਰਜਿ ਰਹਾਇਆ।
ਹਉ ਸਦਕੇ ਤਿਨਾਂ ਗੁਰ ਸਿਖਾਂ ਆਸਾ ਵਿਚ ਨਿਰਾਸੁ ਵਲਾਇਆ।
ਸਤਿਗੁਰ ਦਾ ਉਪਦੇਸ ਦਿੜਾਇਆ ॥ ੬ ॥ ੧੨।

ਵਾਰਾਂ ਭਾਈ ਗੁਰਦਾਸ

ਧੰਨਵਾਦ

ਮਹਾਨ ਪ੍ਰਾਕਮੀ, ਪੁਰਸ਼ਾਰਥ ਪੁੰਜ, ਰੰਗੀਲਤਾ ਦੇ ਸਾਗਰ, ਸੰਗੀਤਾਅਵਤਾਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਚੇ ਪਾਤਸ਼ਾਹ, ਅਤੇ ਪ੍ਰਮ ਪੂਜਯ ਸ੍ਰੀ ਮਹਾਰਾਜ ਬੀਰ ਸਿੰਘ ਜੀ ਤੇ ਸ੍ਰੀ ਠਾਕੁਰ ਦਲੀਪ ਸਿੰਘ ਜੀ ਦਾ ਜਿਤਨਾ ਭੀ ਧੰਨਵਾਦ ਕੀਤਾ ਜਾਵੇ ਥੋੜਾ ਹੈ, ਜਿਨਾਂ ਦੇ ਸਹਿਯੋਗ ਨਾਲ ਸਤਿਜੁਗ ਦਾ 'ਸੂਬਾ ਸਾਹਿਬ ਸਿੰਘ ਅੰਕ'' ਪਾਠਿਕਾਂ ਦੀ ਸੇਵਾ ਵਿਚ ਹਾਜਰ ਕੀਤਾ ਜਾ ਰਿਹਾ ਹੈ।

ਭਾਂਵੇ ਪੰਨਿਆਂ ਦੇ ਪਖੋਂ ਇਹ ਅੰਕ ਉਤਨਾਵਡਾ ਨਹੀ, ਪਰ ਇਤਿਹਾਸਕ ਪਧਰ ਤੋਂ ਇਸ ਅੰਕ ਨੇ ਨਾਮਧਾਰੀ ਇਤਿਹਾਸ ਦੀ ਛਿਪੀ ਹੋਈ ਸਮਗ੍ਰੀ ਨੂੰ ਉਜਾਗਰ ਕਰਨ ਦਾ ਇਕ ਬਹੁਤ ਵਡਾ ਉਪਰਾਲਾ ਕੀਤਾ ਹੈ।

ਜਿਥੇ ਹਰਵਾਰੀ ਸਤਿਜੁਗ ਦੇ ਨੰਬਰ ਪ੍ਰਕਾਸ਼ਤ ਕਰਨ ਸਮੇ ਸਟਾਫ ਵਿਚ ਵਰਕਰਾਂ ਦੀ ਕਾਫੀਗਹਿਮਾ ਗਹਿਮੀ ਹੋਇਆ ਕਰਦੀ ਸੀ, ਇਸ ਵਾਰੀ ਇਸ ਸਟਾਫ ਵਿਚ ਕੇਵਲ ਦੋ ਵਰਕਰ (ਸ੍ਰੀ ਹਰਦੇਵ ਸਿੰਘ 'ਵਿਰਕ' ਪ੍ਰੈਸ ਮੈਨ ਤੇ ਸ੍ਰੀ ਸੁਰਜੀਤ ਸਿੰਘ ਸੁਹੇਵਾ ਸਾਬੀਆ) ਤੇ ਸ੍ਰੀ ਹਰਬੰਸ ਸਿੰਘ ਸਹਾਇਕ ਮੈਨੇਜਰ ਸੰਤ ਕਰਮ ਸਿੰਘ 'ਜੋਗੀ' ਸਹਾਇਕ ਕੰਪਾਜੀਟਰ ਹੀ ਸਨ। ਜਦੋਂ ਕਿ ਕਿਸੇ ਵਕਤ ਇਹ ਵੀ ਖਿਲਰ ਜਾਂਦੇ ਪਰ ਛੋਟੇ ਪ੍ਰਵਾਰ ਦੀ ਤਰਾਂ ਮੁੜ ਛੇਤੀ ਹੀ ਇਕਠੇ ਹੋ ਜਾਂਦੇ ਰਹੇ। ਜਿਸਦੇ ਫਲ ਸਰੂਪ ਇਹ ਅੰਕ ਵਕਤ ਸਿਰ ਪ੍ਰਕਾਸ਼ਤ ਹੋ ਸਕਿਆ।

ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮੁਸਵਰ ਸਤਿਜੁਗ ਦਾ ਇਕ ਅਨਿਖੜਵਾਂ ਅੰਗ ਹਨ, ਸਤਿਗੁਰੂ ਸਚੇ ਪਾਤਸ਼ਾਹ ਜੀ ਦੀ ਬਖਸ਼ਿਸ ਨਾਲ ਇਹ ਤਕ੍ਰੀਬਨ ੫੦ ਸਾਲਾਂ ਤੋਂ ਸਤਿਜੁਗ ਨਾਲ (ਇਤਿਹਾਸਿਕ ਚਿਤ੍ਰਕਾਰੀ ਦੇ ਪਖੋਂ) ਜੁੜੇ ਚਲੇ ਆ ਰਹੇ ਹਨ। ਸਤਿਗੁਰੂ ਸਚੇ ਪਾਤਸ਼ਾਹ ਇਨਾਂ ਨੂੰ ਇਸ ਬੇ ਮਿਸਾਲ ਸੇਵਾ ਲਈ ਹੋਰ ਬਲ ਬਖਸ਼ਨ ਇਹਮੇਰੀ ਅਰਦਾਸ ਹੈ। ਇਸ ਵਾਰੀ ਸਿਹਤ ਕਮਜੋਰ ਹੋਣ ਕਾਰਨ ਸ੍ਰੀਮੁਸਵਰ ਜੀ ਇਸ ਅੰਕ ਵਾਸਤੇ ਭਾਂਵੇਂ ਜਿਆਦਾ ਤਸਵੀਰਾਂ ਨਹੀ ਬਣਾ ਸਕੇ ਪਰਫਿਰ ਵੀ ਸ੍ਰ. ਹਰਵਿੰਦ੍ਰ ਸਿੰਘਜੀ ਹੰਸਪਾਲ ਤੇ ਸ੍ਰ.ਸੁਖਦ੍ਰਸ਼ਨ ਸਿੰਘ ਜੀ ਦਿਲੀ ਵਾਲਿਆਂ ਦੇ ਸਹਿਯੋਗ ਨਾਲ ਜੋ ਤਸਵੀਰਾਂ ਛਪੀਆਂ ਉਨਾਂ ਦਾ ਬਹੁਤ ੨ ਧੰਧਵਾਦੀ ਹਾਂ

ਸੂਬਾ ਸਾਹਿਬ ਸਿੰਘ ਜੀ ਬਾਬਤ ਇਤਿਹਾਸਿਕ ਜਾਣਕਾਰੀ ਘਟ ਹੋਣ ਕਰਕੇ ਇਸ ਅੰਕ ਵਿਚ ਵਧੇਰੇ ਲੇਖਕਾਂ ਦੀ ਥਾਂ ਕੇਵਲ ਸ੍ਰੀ ਮਾਨ ਸੰਤ ਸਵਰਨ ਸਿੰਘ ਜੀ 'ਸਨੇਹੀ ਸ੍ਰੀ ਪ੍ਰੀਤਮ ਸਿੰਘ ਜੀ 'ਕਵੀ'ਮਾ.ਨਿਹਾਲ ਸਿੰਘ ਜੀ ਆਦਿਕਾਂ ਦੇ ਲੇਖ ਹੀ ਪ੍ਰਾਪਤ ਹੋਏ ਹਨ (ਜਦ ਕਿ ਖਾਸ ਰੁਝੇਵਿਆਂ ਤੇ ਸਿਹਤ ਦੀ ਕਮਜੋਰੀ ਕਾਰਨ ਪੂਜਯ ਸ੍ਰੀ ਮਹਾਰਾਜ ਜੀ ਵਲੋਂ ਇਸ ਵਾਰ ਕੋਈ ਲੇਖ ਪ੍ਰਾਪਤ ਨਹੀ ਹੋਇਆ। ਜਿਸਦੀ ਘਾਟ ਨੂੰ ਮੈ ਬਹੁਤ ਮਹਿਸੂਸ ਕਰ ਦਾ ਹਾਂ।

ਇਸਤਰਾਂ ਇਹ ਅੰਕ ਭਾਂਵੇ(ਇਤਿਹਾਸਿਕ ਤਸਵੀਰਾਂ ਤੇ ਵਧੇਰੇ ਲੇਖਾਂ ਤੋਂ ਬਗੈਰ) ਮੇਰੀ ਆਸ ਤੋਂ ਕੁਝ ਘਟ ਹੀ ਰਿਹਾ ਹੈ, ਪਰ ਫਿਰ ਵੀ ਸ੍ਰੀ ਸਤਿਗੁਰੂ ਜੀ ਵਲੋਂ ਕੀਤੇ (ਇਹ ਅੰਕ ਪ੍ਰਕਾਸ਼ਨ ਦੇ)ਹੁਕਮ ਦੀ ਪਾਲਨਾ ਕਰਦਿਆਂ ਇਸ ਇਤਿਹਾਸਿਕ ਅੰਕ ਨੂੰ ਪਾਠਿਕਾਂ ਦੀ ਸੇਵਾ ਵਿਚ ਹਾਜਰ ਕਰਨ ਦੀ ਮੈਂ ਇਕ ਖੁਸ਼ੀ ਅਨੁਭਵ ਕਰ ਰਿਹਾ ਹਾਂ।

ਹੋ ਸਕਦਾ ਹੈ ਕਿ ਮੇਰੀ ਬੇ ਧਿਆਨੀ ਕਾਰਨ ਇਸ ਅੰਕ ਵਿਚ ਬਹੁਤ ਸਾਰੀਆਂ ਖਾਮੀਆਂ ਰਹਿ ਗਈਆਂ ਹੋਣ, ਜਿਨਾਂ ਦੀ ਮੈ ਸ੍ਰੀ ਸਤਿਗੁਰੂ ਜੀ ਤੇ ਮਹਾਨ ਲੇਖਕਾਂ ਤੋਂ ਖਿਮਾਂ ਚਾਹਾਂਗਾ।

ਅੰਤ ਵਿਚ ਸ੍ਰੀ ਸਤਿਗੁਰੂ ਜੀ ਸ੍ਰੀ ਮਹਾਰਾਜ ਜੀ ਸ੍ਰੀ ਠਾਕਰ ਜੀ, ਸ੍ਰੀ ਮੁਸਵਰ ਜੀ, ਪਿਆਰੇ ਲੇਖਕਾਂ, ਕਵੀਆਂ, ਤੇ ਪ੍ਰੈਸ ਸਟਾਫ ਦਾ ਮੈ ਹਾਰਦਿਕ ਧੰਨਵਾਦ ਕਰਦਾ ਹਾਂ, ਜਿਨਾਂ ਦੇ ਸਹਿਯੋਗ ਨਾਲ ਨਾਲ ਇਹ ਇਕ ਅਤੀ ਲੋੜੀਂਦਾ ਇਤਿਹਾਸਿਕ ਅੰਕ ਪ੍ਰਕਾਸ਼ਤ ਹੋ ਸਕਿਆ ਹੈ।

ਧੰਨਵਾਦੀ:– ਆਤਮਾ ਸਿੰਘ ਸਨਖਤ੍ਰਵੀ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

ਸਾਹਿਬ ਸਿੰਘ ਲਾਡਲਾ

ਧੰਨ ਗੁਰੂ ਰਾਮ ਸਿੰਘ ਜਗ ਦਾ ਉਧਾਰ ਕੀਆ ।
ਤੀਨ ਲੋਕ ਤਾਰ ਦੂਰ ਕੀਏ ਸਭ ਦੁਖ ਜੀ ॥

ਗੁਰੂ ਰਾਮ ਸਿੰਘ ਨਾਮ ਲਏ ਤੀਨ ਲੋਕ ਪਾਰ ਪਏ ।
ਧ੍ਰਿਗ ਜਨਮ ਓਸਦਾ ਜੋ ਆਖਦੇ ਮਨੁਖ ਜੀ ॥

ਸੰਗਤਾਂ ਬਣਾਈਆਂ ਗੁਰੂ ਰਾਮ ਸਿੰਘ ਚਾਰ ਚਕ ।
ਸਾਹਿਬ ਸਿੰਘ ਲਾਡਲਾ ਸਪੂਤ ਜਾਕੋ ਮੁਖ ਜੀ ॥

ਤਨ ਮਨ ਸੀਤਲ ਬਣਾਇਆ ਗੁਰੂ ਰਾਮ ਸਿੰਘ ।
ਨਾਮ ਦੇ ਅਧਾਰ ਦੂਰ ਕੀਏ ਦੁਖ ਭੁਖ ਜੀ ॥

(ਸੂਬਾ ਸਾਹਿਬ ਸਿੰਘ ਜੀ ਦੇ ਸਮਕਾਲੀ ਦੀ ਰਚਨਾ)

'Satjug Sri Jiwan Nagar Sirsa (Haryana) Regd. No. P. H. S. 22 Regd. No. D. 339/57